
Driver Needed, Owner op. needed
ਡਰਾਈਵਰਾਂ ਦੀ ਲੋੜ
ਓਨਰ ਅਪਰੇਟਰਾਂ ਦੀ ਲੋੜ
209-479-0242



ਹਫਤਾਵਾਰੀ
# ਦੇਸ਼ ਦੁਆਬਾ
VOL - 6 ISSUE - 27
October 11, 2017
Postal Address
5101 Doe Hollow Pl., Antelope, CA-95843
www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ




ਬਾਬਾ ਅਵਤਾਰ ਸਿੰਘ ਜੀ ਠੀਕਰੀਵਾਲ ਦੇ ਸਪੁੱਤਰ ਸੰਪੂਰਨ ਗੁਰਸਿੱਖ ਸ. ਬਵਨਦੀਪ ਸਿੰਘ ਸਿੱਧੂ ਦੇ ਸ਼ੁੱਭ ਵਿਆਹ ਦੀਆਂ ਅਦਾਰਾ 'ਦੇਸ਼ ਦੁਆਬਾ' ਵੱਲੋਂ ਲੱਖ-ਲੱਖ ਵਧਾਈਆਂ **(ਤਸਵੀਰਾਂ ਅਤੇ ਰਿਪੋਰਟ ਦੇਖੋ ਸਫਾ 28 ਤੇ)**

# ਕੈਲੇਫੋਰਨੀਆ ਵਿੱਚ ਅੱਗ ਨੇ ਭਿਆਨਕ ਤਬਾਹੀ ਮਚਾਈ



**ਫਰਿਜ਼ਨੋ (ਕੈਲੇਫੋਰਨੀਆ) ਨੀਟਾ ਮਾਛੀਕੇ /ਕੁਲਵੰਤ ਧਾਲੀਆਂ–** ਅਮਰੀਕਾ ਦੇ ਸੂਬੇ ਕੈਲੀਫੋਰਨੀਆ ਦੇ ਜੰਗਲ 'ਚ ਭਿਆਨਕ ਅੱਗ ਲੱਗਣ ਕਾਰਨ ਹੁਣ ਤਕ 15 ਲੋਕਾਂ ਦੀ ਮੌਤ ਹੋ ਚੁੱਕੀ ਹੈ। ਅੱਗ ਤੇਜ਼ੀ ਨਾਪਾ ਵੈਲੀ ਅਤੇ ਆਸ ਪਾਸ ਦੇ ਜੰਗਲ 'ਚ ਫੈਲ ਰਹੀ ਹੈ। ਕੈਲੀਫੋਰਨੀਆ ਦੇ ਗਵਰਨਰ ਜੈਰੀ ਬ੍ਰਾਨ ਦੇ ਹਵਾਲੇ ਤੋਂ ਦੱਸਿਆ ਗਿਆ ਕਿ ਨਾਪਾ, ਸੋਨੋਮਾ ਅਤੇ ਯੂਬਾ Counties 'ਚ ਐਮਰਜੈਂਸੀ ਦੀ ਘੋਸ਼ਣਾ ਕਰਵਾ ਦਿੱਤੀ ਗਈ ਹੈ। ਇਨ੍ਹਾਂ ਖੇਤਰਾਂ ਤੋਂ ਤਕਰੀਬਨ 20 ਹਜ਼ਾਰ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ ਗਿਆ ਹੈ।ਫਾਇਰ ਬ੍ਰਿਗੇਡ ਵਿਭਾਗ ਦੇ ਮੁਖੀ ਕਿਮ ਪਿਮਲੋਟ ਦਾ ਕਹਿਣਾ ਹੈ ਕਿ ਅੱਗ ਲੱਗਣ ਕਾਰਨ ਲਗਭਗ 1500 ਇਮਾਰਤਾਂ ਬਰਬਾਦ ਹੋ ਚੁੱਕੀਆਂ ਹਨ। ਹੁਣ ਤਕ ਇਹ ਪਤਾ ਨਹੀਂ ਲੱਗ ਸਕਿਆ ਕਿ ਐਤਵਾਰ ਰਾਤ ਨੂੰ ਇੱਥੇ ਅੱਗ ਕਿਵੇਂ ਲੱਗੀ। ਉਨ੍ਹਾਂ ਨੇ ਕਿਹਾ, "ਸਾਡਾ ਪੂਰਾ ਧਿਆਨ ਲੋਕਾਂ ਦੀ ਜਾਨ ਬਚਾਉਣ 'ਤੇ ਹੈ। ਇਹ ਸਾਡੀ ਪਹਿਲ ਹੈ। ਅੱਗ 'ਤੇ ਕਾਬੂ ਪਾਉਣ ਲਈ ਸਾਰੇ ਉਪਕਰਣ ਇੱਥੇ ਮੌਜੂਦ ਹਨ। ਅਸੀਂ ਇੱਥੋਂ ਲੋਕਾਂ ਨੂੰ ਸੁਰੱਖਿਅਤ ਕੱਢਣ ਦੀ ਕੋਸ਼ਿਸ਼ ਕਰ ਰਹੇ ਹਾਂ। ਰਾਸ਼ਟਰੀ ਮੌਸਮ ਸੇਵਾ ਵਿਭਾਗ ਦੀ ਚਿਤਾਵਨੀ ਮੁਤਾਬਕ ਅੱਗ ਦਾ ਅਸਰ ਸੈਨ ਫਰਾਂਸਿਸਕੋ ਤੱਕ ਵੇਖਣ ਨੂੰ ਮਿਲੇਗਾ। ਤੇਜ਼ ਹਵਾਵਾਂ ਅਤੇ ਸੁੱਕੇ ਮੌਸਮ ਕਾਰਣ ਅੱਗ ਤੇਜ਼ੀ ਨਾਲ ਫੈਲ ਰਹੀ ਹੈ। ਨੌਰਥ ਕੈਲੇਫੋਰਨੀਆ ਦੇ ਸੈਂਟਾਰੋਜ਼ਾ ਅਤੇ ਕੈਲਸਟੋਗਾ ਸਹਿਰਾਂ ਵਿੱਚ ਵੀ ਅੱਗ ਨੇ ਭਾਰੀ ਤਬਾਹੀ ਮਚਾਈ ਹੈ।



MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
ਵੀਜ਼ਾ
WE OPEN 7-DAYS A WEEK
Note: I am not an Immigration Attorney.
msandhu2014@gmail.com
(CST# 2122162-50)
"We sell International and Domestic Airline Tickets on Low Airfares"
(209-373-3562)
3222 PENELOPE DR. STOCKTON, CA- 95212 (NEAR HWY 99 ON MORADA LANE)


# ਬੱਚਿਆਂ ਦੀ ਗਲਤੀ ਦੀ ਸਜਾ ਮਾਪਿਆਂ ਨੂੰ ਮਿਲੇਗੀ

ਨਿਊਯਾਰਕ (ਬਿਊਰੋ)– ਪੱਛਮੀ ਨਿਊਯਾਰਕ ਕਮਿਊਨਿਟੀ 'ਚ ਇਕ ਨਵੇਂ ਕਾਨੂੰਨ ਨੂੰ ਮਨਜ਼ੂਰੀ ਦਿੱਤੀ ਗਈ ਹੈ, ਜਿਸ ਦੇ ਤਹਿਤ ਜੇਕਰ ਨਾਬਾਲਗ ਹੋਰਨਾਂ ਬੱਚਿਆਂ ਨਾਲ ਬਦਸਲੂਕੀ ਕਰਦੇ ਹਨ ਤਾਂ ਉਨ੍ਹਾਂ ਦੇ ਮਾਪਿਆਂ ਨੂੰ ਜੇਲ ਹੋ ਸਕਦੀ ਹੈ।

ਜਾਣਕਾਰੀ ਮੁਤਾਬਕ ਇਹ ਕਾਨੂੰਨ ਉੱਤਰੀ ਤੋਨਾਵਾਂਡਾ 'ਚ ਇਕ ਅਕਤੂਬਰ ਤੋਂ ਲਾਗੂ ਕਰ ਦਿੱਤਾ ਗਿਆ ਹੈ। ਉੱਤਰੀ ਤੋਨਾਵਾਂਡਾ ਕਾਮਨ ਕਾਉਂਸਿਲ ਦੇ ਅਧਿਕਾਰੀਆਂ ਨੇ ਕਿਹਾ ਕਿ ਜੇਕਰ ਇਹ ਕਾਨੂੰਨ ਪੂਰੀ ਤਰ੍ਹਾਂ ਲਾਗੂ ਹੋਵੇਗਾ ਤਾਂ ਬੱਚਿਆਂ ਦੇ ਮਾਪਿਆਂ ਜਵਾਬਦੇਹੀ ਵਧੇਗੀ ਤੇ ਉਹ ਆਪਣੇ ਬੱਚਿਆਂ ਨੂੰ ਅਜਿਹਾ ਕਰਨ ਤੋਂ ਰੋਕਣਗੇ। ਉੱਤਰੀ ਤੋਨਾਵਾਂਡਾ ਦੇ ਸਰਕਾਰੀ ਅਧਿਕਾਰੀਆਂ ਨੇ ਕਿਹਾ ਕਿ ਅਜਿਹੀ ਬਦਸਲੂਕੀ ਦੌਰਾਨ ਮਾਪਿਆਂ ਨੂੰ 250 ਡਾਲਰ ਦਾ ਜੁਰਮਾਨਾ ਕੀਤਾ ਜਾ ਸਕਦਾ ਹੈ ਤੇ ਜੇਕਰ 90 ਦਿਨਾਂ 'ਚ ਦੁਬਾਰਾ ਅਜਿਹਾ ਹੁੰਦਾ ਹੈ ਤਾਂ ਮਾਪਿਆਂ ਨੂੰ 15 ਦਿਨਾਂ ਦੀ ਜੇਲ ਵੀ ਹੋ ਸਕੀ ਹੈ। ਅਧਿਕਾਰੀਆਂ ਨੇ ਕਿਹਾ ਕਿ ਅਜਿਹਾ ਇਸ ਲਈ ਕੀਤਾ ਜਾ ਰਿਹਾ ਹੈ ਤਾਂ ਕਿ ਮਾਪੇ ਆਪਣੇ ਬੱਚਿਆਂ ਵੱਲ ਵਧ ਧਿਆਨ ਦੇਣ। ਇਸ ਕਾਨੂੰਨ ਦੇ ਲਾਗੂ ਹੋਣ ਤੋਂ ਬਾਅਦ ਤੋਨਾਵਾਂਡਾ ਦੇ ਇਕ ਮਿਡਲ ਸਕੂਲ 'ਚੋਂ ਤਿੰਨ ਕਿਸ਼ੋਰੀਆਂ ਨੂੰ ਬਦਸਲੂਕੀ ਕਾਰਨ ਕੱਢਿਆ ਗਿਆ ਸੀ।



Tarsem Singh Sam
capitalcityatm@yahoo.com
Best Payment Solutions
We Provide Free
ATM & Credit Card Machine
Call For More Info
Sam: (916) 289-0413,
Ranjeet Gill (916) 759-7141
We will beat any Rate

Ranjeet Singh Gill
norcalatmusa@gmail.com



BJ
SINCE 1996
BAGGA JEWELERS
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
6930 65TH STREET # 115 SACRAMENTO CA 95823

Sandeep Jony Bagga




BERKSHIRE HATHAWAY
Home Services
BH HS
ELITE REAL ESTATE
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ, ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;
Shangara Ram
Realtor CalBRE# 01969522
Cell: 916-479-5587
Fax # 916-721-2373
Office: 916-681-5112
shangararam2@gmail.com
7412 Elsie Ave., Sacramento, CA 95828



Jasvinder Sandhu
ਸੈਕਰਾਮੈਂਟੋ, ਰੋਜ਼ਵਿਲ, ਰਾਕਲਿੰਨ, ਨਟੋਮਸ ਆਦਿ ਇਲਾਕਿਆਂ ਵਿਚ ਰਿਹਾਇਸ਼ੀ ਅਤੇ ਵਪਾਰਕ ਸੰਪਤੀਆਂ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ। ਅਸੀਂ ਲੋਨ ਰੀ-ਫਾਇਨਾਂਸ ਲਈ ਵੀ ਮਦਦ ਕਰ ਸਕਦੇ ਹਾਂ।
Realtor CalBRE #01959230
Home Smart Icare Realty
3300 Douglas Blvd., Suite 280
Roseville CA 95661
Cell : 916-770-9334
Jasvinder.sandhu@yahoo.com

Jasvinder Sandhu



SAROAY INVESTMENT REALTY
Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983




RE/MAX Gold
Each Office Independently Owned and Operated
Cell: 916-628-2210
Fax: 916-745-3424
Office: 916-285-1000
Dil Nijjar
REALTOR ®
CalBRE # 01418648
Email: Dil.Realtor@gmai,com
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ

2081 Arena Blvd # 100 Sacramento, CA 95834



Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation (Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.

* Please call us for Professional & reliable services at reasonable rates.
959 Corporate Way, Fremont, CA. 94539



# ਭਗਵਾਨ ਵਾਲਮੀਕ ਜੀ ਦੇ ਪ੍ਰਗਟ ਉਤਸਵ ਦੀਆਂ ਦੇਸ਼-ਵਿਦੇਸ਼ ਵਿਚ ਵੱਸਦੀਆਂ ਸਮੂਹ ਵਾਲਮੀਕ ਨਾਮ ਲੇਵਾ ਸੰਗਤਾਂ ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਪ੍ਰਬੰਧਕ ਕਮੇਟੀ, ਯੂਬਾ ਸਿਟੀ ਵੱਲੋਂ ਲੱਖ-ਲੱਖ ਵਧਾਈਆਂ



## ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ 15 ਅਕਤੂਬਰ ਨੂੰ

ਸ੍ਰੀ ਗੁਰੁ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਮਿਤੀ 15 ਅਕਤੂਬਰ ਦਿਨ ਐਤਵਾਰ ਨੂੰ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕਰਵਾਏ ਜਾ ਰਹੇ ਹਨ, ਜਿਹਨਾਂ ਦੀ ਸੇਵਾ ਸ. ਰਘਵੀਰ ਸਿੰਘ ਗਰੇਵਾਲ, ਸ. ਤਰਲੋਚਨ ਸਿੰਘ, ਬੀਬੀ ਹਰਪ੍ਰੀਤ ਕੌਰ ਜੀ ਪਰਿਵਾਰ ਵੱਲੋਂ ਕੀਤੀ ਜਾ ਰਹੀ ਹੈ। ਪਰਿਵਾਰ ਵੱਲੋਂ ਸਮੂਹ ਸਾਧ ਸੰਗਤ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਇਹਨਾਂ ਸਮਾਗਮਾਂ ਵਿਚ ਹਾਜ਼ਰੀ ਲਗਵਾ ਕੇ ਜੀਵਨ ਸਫਲਾ ਕਰੋ ਜੀ।

ਗੁਰੂ ਘਰ ਦੇ ਸੇਵਾਦਾਰ

| | | | |
|---|---|---|---|
| ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ (ਪ੍ਰਧਾਨ) | ਸ੍ਰੀ ਸਤਨਾਮ ਸਿੰਘ (ਜਨਰਲ ਸਕੱਤਰ) | ਸ੍ਰੀ ਰਾਮ ਸੇਵਕ ਭਾਟੀਆ (ਹੈਡ ਕੈਸ਼ੀਅਰ) | ਸ੍ਰੀ ਪ੍ਰਸ਼ੋਤਮ ਸੂਦ (ਵਾਈਸ ਚੇਅਰਮੈਨ) |
| 530-713-1823 | 530-682-3962 | 530-682-3962 | 530-565-5974 |
| ਸ੍ਰੀ ਗੁਰਨਾਮ ਸਿੰਘ ਭੰਡਾਲ (ਵਾਈਸ ਪ੍ਰਧਾਨ) | ਸ੍ਰੀ ਦਲਵਿੰਦਰ ਰੱਲ੍ਹ (ਵਾਈਸ ਜਨ. ਸਕੱਤਰ) | ਸ੍ਰੀ ਮਹਿੰਦਰ ਸਿੰਘ ਰੱਤੂ (ਚੇਅਰਮੈਨ) | ਭੁਪਿੰਦਰ ਸਿੰਘ ਭੰਡਾਲ |
| 530-218-4468 | 530-933-3938 | 530-790-5985 | (530) 301-2518 |

**ਸ੍ਰੀ ਗੁਰੂ ਰਵਿਦਾਸ ਟੈਂਪਲ ਪ੍ਰਬੰਧਕ ਕਮੇਟੀ, ਯੂਬਾ ਸਿਟੀ**

**1480 HAYNE AVE YUBA CITY, (Phone- 530-674-2564)**






# ਭਗਵਾਨ ਵਾਲਮੀਕ ਜੀ ਦੇ ਪ੍ਰਗਟ ਉਤਸਵ ਦੀਆਂ ਦੇਸ਼-ਵਿਦੇਸ਼ ਵਿਚ ਵੱਸਦੀਆਂ ਸਮੂਹ ਵਾਲਮੀਕ ਨਾਮ ਲੇਵਾ ਸੰਗਤਾਂ ਨੂੰ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਅਤੇ ਸਮੂਹ ਰੱਲ੍ਹ ਪਰਿਵਾਰ ਵੱਲੋਂ ਲੱਖ-ਲੱਖ ਵਧਾਈਆਂ



ਸ਼ਿੰਗਾਰਾ ਸਿੰਘ ਰੱਲ੍ਹ (ਪ੍ਰਧਾਨ) ਆਪਣੀ ਧਰਮ ਪਤਨੀ ਅਤੇ ਲੜਕੀ ਨਾਲ

**ਸ਼ਿੰਗਾਰਾ ਸਿੰਘ ਰੱਲ੍ਹ ਪ੍ਰਧਾਨ: ਸ੍ਰੀ ਗੁਰੂ ਰਵਿਦਾਸ ਟੈਂਪਲ, ਯੂਬਾ ਸਿਟੀ ਅਤੇ ਸਮੂਹ ਪਰਿਵਾਰ**

# MAHA RISHI VALMIK SABHA USA
## YUBA CITY, CALIFORNIA




ਮਹਾਂਰਿਸ਼ੀ ਵਾਲਮੀਕ ਟੈਂਪਲ ਯੂਬਾ ਸਿਟੀ (ਕੈਲੇਫੋਰਨੀਆ)

ਪਾਵਨ ਵਾਲਮੀਕ ਤੀਰਥ ਅੰਮ੍ਰਿਤਸਰ

## ਭਗਵਾਨ ਵਾਲਮੀਕ ਜੀ ਦੇ ਪ੍ਰਗਟ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ

**ਗੁਰੂ ਪਿਆਰੀ ਸਾਧ ਸੰਗਤ ਜੀਓ**

ਆਪ ਸਭ ਨੂੰ ਜਾਣ ਕੇ ਬੜੀ ਖੁਸ਼ੀ ਹੋਵੇਗੀ ਕਿ ਆਪ ਸਭ ਸੰਗਤਾਂ ਦੇ ਸਹਿਯੋਗ ਨਾਲ ਭਗਵਾਨ ਵਾਲਮੀਕ ਜੀ ਦਾ ਪ੍ਰਗਟ ਦਿਵਸ 84/86 ਪਰਸੀ ਐਵਨਿਓ ਮਹਾਂਰਿਸ਼ੀ ਵਾਲਮੀਕ ਟੈਂਪਲ ਯੂਬਾ ਸਿਟੀ (ਕੈਲੇਫੋਰਨੀਆ) ਵਿਖੇ ਬੜੀ ਹੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਕਥਾਵਾਚਕ ਭਗਵਾਨ ਵਾਲਮੀਕ ਜੀ ਦੇ ਜੀਵਨ ਅਤੇ ਸਿੱਖਿਆ ਬਾਰੇ ਸੰਗਤਾਂ ਨਾਲ ਵਿਚਾਰ ਸਾਂਝੇ ਕਰਨਗੇ। ਮਹਾਂਰਿਸ਼ੀ ਵਾਲਮੀਕ ਸੰਗੀਤ ਮੰਡਲੀ ਤੇ ਹੋਰ ਕਲਾਕਾਰਾਂ ਵੱਲੋਂ ਭਜਨ ਗੁਣਗਾਨ ਕੀਤਾ ਜਾਵੇਗਾ। ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਨਿਮਨਲਿਖਤ ਸਾਰੇ ਪ੍ਰੋਗਰਾਮਾਂ ਵਿਚ ਪਰਿਵਾਰਾਂ ਸਮੇਤ ਟੈਂਪਲ ਵਿਚ ਪਹੁੰਚ ਕੇ ਗੁਰੂ ਚਰਨਾਂ ਵਿਚ ਹਾਜ਼ਰੀ ਲਵਾਓ। ਗੁਰੂ ਸਾਹਿਬ ਦੇ ਪ੍ਰਗਟ ਦਿਵਸ ਦੀਆਂ ਖੁਸ਼ੀਆਂ ਮਨਾਉਂਦੇ ਹੋਏ ਗੁਰੂ ਸਾਹਿਬ ਦਾ ਆਸ਼ੀਰਵਾਦ ਪ੍ਰਾਪਤ ਕਰੋ ਜੀ।

ਸਮੂਹ ਸਭਾਵਾਂ : ਮਹਾਂਰਿਸ਼ੀ ਵਾਲਮੀਕ ਸਭਾ (ਯੂ ਐਸ ਏ), ਸ੍ਰੀ ਗੁਰੂ ਰਵਿਦਾਸ ਸਭਾ ਯੂਬਾ ਸਿਟੀ, ਰਿਉਲਿੰਡਾ, ਪਿਟਸਬਰਗ ਅਤੇ ਮਹਾਂਰਿਸ਼ੀ ਵਾਲਮੀਕ ਸਭਾ ਨਿਊਯਾਰਕ, ਕੈਨੇਡਾ, ਫਰਾਂਸ ਅਤੇ ਪੈਰਿਸ ਆਦਿ ਦੀਆਂ ਸੰਗਤਾਂ ਨੂੰ ਸਭਾ ਵੱਲੋਂ ਪ੍ਰਗਟ ਦਿਵਸ ਵਿਚ ਸ਼ਾਮਲ ਹੋਣ ਦੀ ਬੇਨਤੀ ਕੀਤੀ ਜਾਂਦੀ ਹੈ।

## ਪ੍ਰੋਗਰਾਮ

13 ਅਕਤੂਬਰ ਦਿਨ ਸ਼ੁੱਕਰਵਾਰ 2017
ਆਰੰਭ ਪਾਠ ਸ੍ਰੀ ਯੋਗਵਸ਼ਿਸ਼ਟ ਸਾਹਿਬ ਜੀ
ਸਵੇਰੇ 10 ਵਜੇ

14 ਅਕਤੂਬਰ ਦਿਨ ਸ਼ਨਿਚਰਵਾਰ, 2017
ਝੰਡਾ ਸਾਹਿਬ ਚੜ੍ਹਾਉਣ ਦੀ ਰਸਮ
ਸਵੇਰੇ 10 ਵਜੇ

15 ਅਕਤੂਬਰ ਦਿਨ ਐਤਵਾਰ, 2017
ਪਾਠ ਦੇ ਭੋਗ ਸਵੇਰੇ 11 ਵਜੇ
ਭਜਨ ਗਾਣ ਤੇ ਬੁਲਾਰੇ ਸਵੇਰੇ 11.30 ਤੋਂ ਸ਼ਾਮ 4 ਵਜੇ ਤੱਕ

**Music By : Maharishi Valmik Sangeet Mandali**

**Performances: Bhupinder Bhinda, Amarjit Lali, Vishal Sharbati, Raj Kumar, Jiwan Rattu, Des Raj Shubh, Rohtas Bhagani, Rajinder Sahota, Gurdeep Singh Heera, Swaran Lata Sondhi, Joginder Singh Shonki.**

**ਗੁਰੂ ਕਾ ਲੰਗਰ ਤਿੰਨੇ ਦਿਨ ਅਤੁੱਟ ਵਰਤੇਗਾ**

**ਕਮੇਟੀ ਵੱਲੋਂ ਸਮੂਹ ਸਾਧ ਸੰਗਤ ਨੂੰ ਅਪੀਲ ਹੈ ਕਿ ਗੁਰੂ ਘਰ ਦੀ ਡਿਵੈਲਪਮੈਂਟ ਲਈ ਵੱਧ ਤੋਂ ਵੱਧ ਯੋਗਦਾਨ ਪਾਓ ਜੀ।**

President-Prem Sondhi : 530-751-3887, Vice President- Santokh Singh Gill: 530-740-3056, Palwinder Sahota Secretary: 530-674-9766, Vice Secretary- Balbir Singh Dhariwal 916-243-9017, Chairman - Gurpal Singh : 916-873-0311, Vice Chairman- Balbir Singh Thaper : 916-607-4650, Cashier : Vinod Gill : 530-822-9587, Avinash Sondhi : 530-301-1157, Surjit Singh Gill, Deepak Thaper, Kundan Lal Sondhi, Narinder Gill, Sham Lal Sondhi, Varun Gill, Binder Shubh, Ravi Gharu, Amritpal, Maintenance Organizer : Jagjit Singh Gill : 530-315-1425.

**Address : 84/86 Percy Ave., Yuba City, CA 95991. Phone 530-777-9385**

## ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ ਵਿਖੇ ਮਨਾਇਆ ਜਾਵੇਗਾ ਸਾਹਿਬ ਕਾਂਸ਼ੀ ਰਾਮ ਜੀ ਦਾ 11ਵਾਂ ਪ੍ਰੀਨਿਰਵਾਣ ਦਿਵਸ



**ਫਰਿਜ਼ਨੋ (ਡੀ. ਡੀ. ਬੀ.)–** ਬਾਮਸੇਫ, ਡੀ. ਐਸ. ਫੋਰ ਅਤੇ ਬਸਪਾ ਦੇ ਸੰਸਥਾਪਕ ਬਹੁਜਨ ਨਾਇਕ ਸਾਹਿਬ ਕਾਂਸ਼ੀ ਰਾਮ ਜੀ ਦਾ 11ਵਾਂ ਪ੍ਰੀਨਿਰਵਾਣ ਦਿਵਸ ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ (ਕੈਲੇਫੋਰਨੀਆ), ਡਾ. ਅੰਬੇਡਕਰ ਕਲਚਰਲ ਰਿਫਾਰਮ ਆਰਗੇਨਾਈਜੇਸ਼ਨ ਅਤੇ ਬੀ. ਐਸ. ਪੀ. ਸਮਰਥਕ ਯੂ. ਐਸ. ਏ. ਵੱਲੋਂ ਸਾਂਝੇ ਤੌਰ ਤੇ ਸ੍ਰੀ ਗੁਰੂ ਰਵਿਦਾਸ ਟੈਂਪਲ 5025 ਐਸ. ਚੈਰੀ ਐਵੇਨਿਊ, ਫਰਿਜ਼ਨੋ (ਕੈਲੇਫੋਰਨੀਆ) 93706 ਵਿਖੇ ਸਵੇਰੇ 11 ਵਜੇ ਤੋਂ ਬਾਅਦ ਦੁਪਹਿਰ 3 ਵਜੇ ਤੱਕ ਮਨਾਇਆ ਜਾਵੇਗਾ। ਇਸ ਦੌਰਾਨ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ ਜੀਵਨ ਤੇ ਉਹਨਾਂ ਦੀ ਭਾਰਤੀ ਮੂਲ ਨਿਵਾਸੀ ਬਹੁਜਨ ਸਮਾਜ ਨੂੰ ਲਾਸਾਨੀ ਦੇਣ ਤੇ ਸੰਘਰਸ਼ਮਈ ਜੀਵਨ ਪ੍ਰਤੀ ਵੱਖ-ਵੱਖ ਬੁਲਾਰੇ ਸ਼ਰਧਾਂਜਲੀ ਦੇਣ ਉਪਰੰਤ ਆਪਣੇ ਵਿਚਾਰ ਰੱਖਣਗੇ।

ਉਪਰੋਕਤ ਸੰਸਥਾਵਾਂ ਵੱਲੋਂ ਆਪ ਸਭ ਨੂੰ ਸਨਿਮਰ ਬੇਨਤੀ ਹੈ ਕਿ 15 ਅਕਤੂਬਰ ਦਿਨ ਐਤਵਾਰ ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ ਵਿਖੇ ਵਕਤ ਸਿਰ ਪਹੁੰਚਣ ਦੀ ਕਿਰਪਾਲਤਾ ਕਰੋ ਜੀ।

## ਸਹਾਇਤਾ ਸੰਸਥਾ ਲਈ ਫੰਡ ਇਕੱਤਰਤਾ ਤੇ ਫਰਿਜ਼ਨੋ ਨਿਵਾਸੀਆਂ ਵੱਲੋਂ ਬੇਮਿਸਾਲ ਹੁੰਗਾਰਾ

**ਕਲੋਵਸ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ–** ਸਥਾਨਕ ਐਲੀਫਿੰਟ ਲੌਜ਼ ਰੈਸਟੋਰੈਂਟ ਵਿੱਚ ਪੀਸੀਏ ਦੇ ਉਦਮ ਸਦਕਾ ਤੀਸਰੇ ਸਲਾਨਾ ਫੰਡ ਰੇਜ਼ਰ ਦਾ ਉਪਰਾਲਾ ਸਹਾਇਤਾ ਸੰਸਥਾ ਲਈ ਕੀਤਾ ਗਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਪੰਜਾਬੀਆਂ ਨੇ ਪਹੁੰਚਕੇ ਆਪਣਾ ਦਸਵੰਧ ਕੱਢਿਆ। ਇੱਥੇ ਇਹ ਗੱਲ ਵੀ ਜਿਕਰਯੋਗ ਹੈ ਕਿ ਸਹਾਇਤਾ ਸੰਸਥਾ 2005 ਵਿੱਚ ਹੋਂਦ ਵਿੱਚ ਆਈ ਸੀ ਅਤੇ ਉਦੋਂ ਤੋਂ ਹੀ ਭਾਰਤ ਵਿੱਚ ਖਾਸ ਕਰਕੇ ਪੰਜਾਬ ਅੰਦਰ ਲੋੜਵੰਦ ਲੋਕਾਂ ਅਤੇ ਬੇਸਹਾਰਾ ਬੱਚਿਆਂ ਦੀ ਦੇਖਭਾਲ



ਲਈ ਉਪਰਾਲੇ ਕਰ ਰਹੀ ਹੈ। ਕੁਝ ਸਮੇਂ ਤੋਂ ਸਹਾਇਤਾ ਪੰਜਾਬ ਅੰਦਰ ਖ਼ੁਦਕੁਸ਼ੀ ਕਰ ਚੁੱਕੇ ਕਿਸਾਨ ਤੇ ਮਜ਼ਦੂਰਾਂ ਦੇ ਬੇਸਹਾਰਾ ਬੱਚਿਆਂ ਨੂੰ ਪੜ੍ਹਾਉਣ ਲਈ ਲਈ ਤੱਤਪਰ ਹੈ ’ਤੇ ਹੈਂਡੀਕੈਪ ਬੱਚਿਆਂ ਲਈ ਸਪੈਸ਼ਲ ਏ ਸੀ ਵਾਰਡ ਬਣਾਕੇ ਉਹਨਾਂ ਦੀ ਦੇਖ ਭਾਲ ਕਰ ਰਹੀ ਹੈ। ਇਸ ਸਮਾਗਮ ਦੀ ਸੁਰੂਆਤ ਸਟੇਜ਼ ਸਕੱਤਰ ਆਸ਼ਾ ਸ਼ਰਮਾ ਜੀ ਨੇ ਸਭ ਨੂੰ ਨਿੱਘੀ ਜੀ ਆਇਆ ਆਖਕੇ ਕੀਤੀ। ਛੋਟੀਆਂ ਬੱਚੀਆਂ ਵੱਲੋਂ ਭੰਗੜੇ ਦੀ ਆਇਟਮ ਪੇਸ਼ ਕਰਕੇ ਸਭ ਨੂੰ ਹੈਰਾਨ ਕਰ ਦਿੱਤਾ ਡਾ. ਹਰਕੇਸ਼ ਸੰਧੂ, ਡਾ. ਰਜਿੰਦਰ ਅਤੇ ਸਬਰੀਨਾਂ ਸੰਧੂ ਨੇ ਸੰਸਥਾ ਦੇ ਇਤਿਹਾਸ ਤੋਂ ਆਏ ਮਹਿਮਾਨਾਂ ਨੂੰ ਜਾਣੂ ਕਰਵਾਇਆ, ਅਤੇ ਉਹਨਾਂ ਦੀ ਜੁਬਾਨੀ ਅਨਾਥ ਬੱਚੇ ਬੱਚੀਆਂ ਦੀਆਂ ਦਰਦਨਾਕ ਕਹਾਣੀਆਂ ਸੁਣਕੇ ਹਰ ਅੱਖ ਨੰਮ ਹੋ ਗਈ। ਇਸ ਮੌਕੇ ਉਹਨਾਂ ਪੰਜਾਬ ਦੀ ਕਿਰਸਾਨੀ ਨੂੰ ਬਚਾਉਣ ਲਈ ਵੀ ਪ੍ਰਵਾਸੀ ਪੰਜਾਬੀਆਂ ਨੂੰ ਗੁਹਾਰ ਲਾਈ। ਪੀਸੀਏ ਮੈਂਬਰ ਅੰਮ੍ਰਿਤ ਧਾਲੀਵਾਲ ਨੇ ਸਹਾਇਤਾ ਦੇ ਕੰਮਾਂ ਨੂੰ ਸਲਾਹਿਆ ਅਤੇ ਸੰਸਥਾ ਦੀ ਹਰ ਤਰਾਂ ਦੀ ਮਦਦ ਲਈ ਵਚਨ-ਬੱਧਤਾ ਪ੍ਰਗਟਾਈ। ਮਿੱਕੀ ਸਰਾਂ ਨੇ ਖੂਬਸੂਰਤ ਗੀਤ ਨਾਲ ਹਾਜਰੀ ਲਵਾਈ।

ਰੂਬੀ ਸਰਾਂ ਨੇ ਸਭਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਦਾਨੀ ਸੱਜਣਾਂ ਨੇ ਸਹਾਇਤਾ ਸੰਸਥਾ ਦੇ ਕਾਰਕੁਨਾਂ ਦਾ ਤਾੜੀਆਂ ਮਾਰਕੇ ਉਹਨਾਂ ਦੁਆਰਾ ਕੀਤੇ ਜਾ ਰਹੇ ਨਿਸ਼ਕਾਮ ਕਾਰਜ਼ਾਂ ਲਈ ਹੌਸਲਾ ਫਸਾਈ ਕੀਤੀ ਗਈ। ਅਖੀਰ ਰਾਤਰੀ ਦੇ ਭੋਜਨ ਨਾਲ ਇਹ ਪ੍ਰੋਗਰਾਮ ਯਾਦਗਾਰੀ ਹੋ ਨਿਬੜਿਆ।

## ਮੁੰਬਈ ਹਮਲਿਆਂ ਤੋਂ ਸਬਕ ਲੈ ਕੇ ਲਾਸ ਵੇਗਾਸ ’ਚ ਬਚਾਈ ਲੋਕਾਂ ਦੀ ਜਾਨ : ਸ਼ੇਰਿਫ ਜੋਸੇਫ

**ਨਿਊਯਾਰਕ (ਬਿਊਰੋ)—** ਬੀਤੇ ਦਿਨੀ ਅਮਰੀਕਾ ਦੇ ਲਾਸ ਵੇਗਾਸ ਦੇ ਇਕ ਸੰਗੀਤ ਸਮਾਰੋਹ ਵਿਚ ਹੋਏ ਹਮਲੇ ਨੇ ਪੂਰੀ ਦੁਨੀਆ ਨੂੰ ਹਿਲਾ ਕੇ ਰੱਖ ਦਿੱਤਾ। 64 ਸਾਲਾ ਸਟੀਫਨ ਪੈਡੌਕ ਕਾਰਨ 59 ਮਾਸੂਮਾਂ ਨੂੰ ਆਪਣੀ ਜਾਨ ਗਵਾਉਣੀ ਪਈ ਪਰ ਇਸ ਹਮਲੇ ਵਿਚ ਹੋਰ ਲੋਕਾਂ ਦੀਆਂ ਵੀ ਜਾਨਾਂ ਜਾ ਸਕਦੀਆਂ ਸਨ ਜੇਕਰ ਸ਼ੇਰਿਫ ਜੋਸੇਫ ਲਾਮਬਾਰਡੋ ਨੇ ਮੁਸਤੈਦੀ ਨਾ ਦਿਖਾਈ ਹੁੰਦੀ। ਲਾਸ ਵੇਗਾਸ ਦੇ ਸ਼ੇਰਿਫ ਲਾਮਬਾਰਡੋ ਮੁਤਾਬਕ ਉਨ੍ਹਾਂ ਨੇ 26/11 ਮੁੰਬਈ ਅੱਤਵਾਦੀ ਹਮਲਿਆਂ ਨੂੰ ਕਰੀਬ ਨਾਲ ਦੇਖਿਆ ਅਤੇ ਇਸ ਹਮਲੇ ਤੋਂ ਮਿਲੇ ਸਬਕ ਨਾਲ ਹੀ ਉਨ੍ਹਾਂ ਨੇ ਲਾਸ ਵੇਗਾਸ ਵਿਚ ਵੱਡੀ ਤਬਾਹੀ ਨੂੰ ਰੋਕਣ ਵਿਚ ਸਫਲਤਾ ਪ੍ਰਾਪਤ ਕੀਤੀ। ਸ਼ੇਰਿਫ ਲਾਮਬਾਰਡੋ ਦਾ ਕਹਿਣਾ ਹੈ ਕਿ ਮੁੰਬਈ ਹਮਲਿਆਂ ਮਗਰੋਂ ਉਹ ਭਾਰਤ ਆਏ ਅਤੇ ਉਨ੍ਹਾਂ ਨੇ ਦੇਖਿਆ ਕਿ ਕਾਰਵਾਈ ਕਿੰਨੀ ਤੇਜ਼ੀ ਅਤੇ ਸਟੀਕ ਤਰੀਕੇ ਨਾਲ ਕੀਤੀ ਗਈ ਸੀ। ਲਾਸ ਵੇਗਾਸ ਪੁਲਸ ਨੇ ਵੀ ਇਸ ਤੋਂ ਸਬਕ ਲੈਂਦੇ ਹੋਏ ਹਮਲਾਵਰ ਤੱਕ ਪਹੁੰਚ ਗਈ। ਸ਼ੇਰਿਫ ਦੀ ਮੰਨੀਏ ਤੇ ਜੇ ਅਜਿਹਾ ਨਾ ਹੁੰਦਾ ਤਾਂ ਮਰਨ ਵਾਲਿਆਂ ਦੀ ਗਿਣਤੀ ਕਾਫੀ ਵੱਧ ਸਕਦੀ ਸੀ। ਪੁਲਸ ਦੀ ਜਾਂਚ ਵਿਚ ਵੀ ਇਹ ਸਾਫ ਹੋ ਗਿਆ ਹੈ ਕਿ ਸਟੀਫਨ ਪੈਡੌਕ ਜ਼ਿਆਦਾ ਤੋਂ ਜ਼ਿਆਦਾ ਲੋਕਾਂ ਨੂੰ ਆਪਣੇ ਨਿਸ਼ਾਨੇ ’ਤੇ ਲੈਣਾ ਚਾਹੁੰਦਾ ਸੀ।

## ਮਹਾਂਰਿਸ਼ੀ ਵਾਲਮੀਕ ਸਭਾ ਯੂ.ਐਸ.ਏ. ਵੱਲੋਂ ਭਗਵਾਨ ਵਾਲਮੀਕ ਜੀ ਦਾ ਪ੍ਰਗਟ ਦਿਵਸ 15 ਅਕਤੂਬਰ ਨੂੰ ਮਨਾਇਆ ਜਾਵੇਗਾ

**ਯੂਬਾ ਸਿਟੀ–** ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. (ਯੂਬਾ ਸਿਟੀ) ਕੈਲੇਫੋਰਨੀਆ ਵੱਲੋਂ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਮਹਾਂਰਿਸ਼ੀ ਵਾਲਮੀਕ ਟੈਂਪਲ ਯੂਬਾ ਸਿਟੀ (ਕੈਲੇਫੋਰਨੀਆ) 84/86 Percy Ave., Yuba City, CA 95991 ਵਿਖੇ ਭਗਵਾਨ ਵਾਲਮੀਕ ਜੀ ਦਾ ਪ੍ਰਗਟ ਦਿਵਸ 15 ਅਕਤੂਬਰ 2017 ਨੂੰ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਪ੍ਰੋਗਰਾਮ ਬਾਰੇ ਜਾਣਕਾਰੀ ਦਿੰਦਿਆਂ ਮਹਾਂਰਿਸ਼ੀ ਵਾਲਮੀਕ ਸਭਾ ਦੇ ਪ੍ਰਧਾਨ ਪ੍ਰੇਮ ਸੌਂਧੀ ਨੇ ਦੱਸਿਆ ਕਿ 13 ਅਕਤੂਬਰ ਦਿਨ ਸ਼ੁੱਕਰਵਾਰ ਨੂੰ ਆਰੰਭ ਪਾਠ ਸ੍ਰੀ ਯੋਗਵਸ਼ਿਸ਼ਟ ਸਾਹਿਬ ਜੀ ਸਵੇਰੇ 10 ਵਜੇ ਪ੍ਰਾਰੰਭ ਹੋਣਗੇ। ਉਪਰੰਤ 14 ਅਕਤੂਬਰ ਦਿਨ ਸ਼ਨਿਚਰਵਾਰ ਨੂੰ ਝੰਡਾ ਸਾਹਬਿ ਚੜ੍ਹਾਉਣ ਦੀ ਰਸਮ ਸਵੇਰੇ 10 ਵਜੇ ਅਦਾ



ਕੀਤੀ ਜਾਵੇਗੀ। 15 ਅਕਤੂਬਰ ਦਿਨ ਐਤਵਾਰ ਨੂੰ ਪਾਠ ਦੇ ਭੋਗ ਸਵੇਰੇ 11 ਵਜੇ ਪਾਏ ਜਾਣਗੇ ਅਤੇ ਉਸ ਤੋਂ ਬਾਅਦ ਭਜਨ ਗੁਣ ਗਾਣ ਤੇ ਬੁਲਾਰੇ ਸੰਗਤਾਂ ਨੂੰ ਸ਼ਾਮੀ 4 ਵਜੇ ਤੱਕ ਸੰਬੋਧਨ ਕਰਨਗੇ। ਇਸ ਮੌਕੇ ਕਥਾਵਾਚਕ ਭਗਵਾਨ ਵਾਲਮੀਕ ਜੀ ਦੇ ਜੀਵਨ ਅਤੇ ਸਿੱਖਿਆ ਬਾਰੇ ਸੰਗਤਾਂ ਨਾਲ ਵਿਚਾਰ ਸਾਂਝੇ ਕਰਨਗੇ। ਮਹਾਂਰਿਸ਼ੀ ਵਾਲਮੀਕ ਸੰਗੀਤ ਮੰਡਲੀ ਤੇ ਹੋਰ ਕਲਾਕਾਰਾਂ ਵੱਲੋਂ ਭਜਨ ਗੁਣਗਾਨ ਕੀਤਾ ਜਾਵੇਗਾ। ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਨਿਮਨਲਿਖਤ ਸਾਰੇ ਪ੍ਰੋਗਰਾਮਾਂ ਵਿਚ ਪਰਿਵਾਰਾਂ ਸਮੇਤ ਟੈਂਪਲ ਵਿਚ ਪਹੁੰਚ ਕੇ ਗੁਰੂ ਚਰਨਾਂ ਵਿਚ ਹਾਜ਼ਰੀ ਲਵਾਓ। ਗੁਰੂ ਸਾਹਿਬ ਦੇ ਪ੍ਰਗਟ ਦਿਵਸ ਦੀਆਂ ਖੁਸ਼ੀਆਂ ਮਨਾਉਂਦੇ ਹੋਏ ਗੁਰੂ ਸਾਹਿਬ ਦਾ ਆਸ਼ੀਰਵਾਦ ਪ੍ਰਾਪਤ ਕਰੋ ਜੀ।

## ਕੈਨੇਡਾ ’ਚ ਰਾਜ ਕਰੇਗਾ ਖ਼ਾਲਸਾ: ਵਿਦੇਸ਼ੀ ਧਰਤੀ ’ਤੇ ਪਹਿਲਾ ਸਿੱਖ ਪ੍ਰਧਾਨ ਮੰਤਰੀ

**ਓਟਾਵਾ–** ਕੈਨੇਡਾ ਵਿੱਚ ਪੰਜਾਬ ਦੀ ਝਲਕ ਸਾਫ-ਸਾਫ ਵਿਖਾਈ ਦਿੰਦੀ ਹੈ। ਹਰ ਸਾਲ ਹਜ਼ਾਰਾਂ ਪੰਜਾਬੀ ਕੈਨੇਡਾ ਜਾ ਕੇ ਵੱਸ ਜਾਂਦੇ ਹਨ ਤੇ ਇੱਥੇ ਆ ਕੇ ਨੌਕਰੀ ਦੀ ਤਲਾਸ਼ ਕਰਦੇ ਹਨ ਜਾਂ ਕਾਰੋਬਾਰ ਵਿੱਚ ਹੱਥ ਅਜ਼ਮਾਇਸ਼ ਕਰਦੇ ਹਨ। ਇਸ ਵਾਰ ਕੈਨੇਡਾ ਵਿੱਚ ਵੱਖਰਾ ਹੀ ਵਰਤਾਰਾ ਹੋ ਰਿਹਾ ਹੈ। ਪੰਜਾਬੀ ਮੂਲ ਦੇ ਸਿੱਖ ਜਗਮੀਤ ਸਿੰਘ ਨੂੰ ਕੈਨੇਡਾ ਦੀ ਤੀਜੀ ਸਭ ਤੋਂ ਵੱਡੀ ਪਾਰਟੀ “ਨਿਊ ਡੈਮੋਕ੍ਰੇਟਿਕ ਪਾਰਟੀ” ਦੇ ਸਭ ਤੋਂ ਵੱਡੇ ਨੇਤਾ ਚੁਣਿਆ ਗਿਆ ਹੈ। ਇਸ ਦੇ ਨਾਲ ਉਹ 2019 ਵਿੱਚ ਕੈਨੇਡਾ ਵਿੱਚ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਹੋਣ ਵਾਲੀਆਂ ਚੋਣਾਂ ਵਿੱਚ ਉਮੀਦਵਾਰ ਬਣਨਗੇ। ਕੈਨੇਡਾ ਵਿੱਚ 2019 ਵਿੱਚ ਪ੍ਰਧਾਨ ਮੰਤਰੀ ਲਈ ਹੋਣ ਵਾਲੀ ਚੋਣ ਵਿੱਚ ਮੌਜੂਦਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਲਿਬਰਲ ਪਾਰਟੀ ਵਿਰੁੱਧ ਨਿਊ ਡੈਮੋਕ੍ਰੈਟਿਕ ਪਾਰਟੀ ਦੀ ਅਗਵਾਈ ਦੀ ਜ਼ਿੰਮੇਵਾਰੀ ਜਗਮੀਤ ਸਿੰਘ ਦੀ ਹੋਵੇਗੀ। ਇੱਕ ਆਨਲਾਈਨ ਸਰਵੇਖਣ ਮੁਤਾਬਕ ਕੈਨੇਡਾ ਦੇ 69 ਫ਼ੀਸਦੀ ਮੱਤਦਾਤਾ ਦੁਮਾਲਾ ਰੂਪੀ ਇਸ ਪਗੜੀਧਾਰੀ ਤੇ ਕਿਰਪਾਨ ਦੇ ਧਾਰਨੀ ਨੂੰ ਆਪਣਾ ਕੌਮੀ ਨੇਤਾ ਚੁਣਨ ਲਈ ਰਾਜ਼ੀ ਹਨ।

2014 ਵਿੱਚ ਐਂਗਸ ਰੀਡ ਸੰਸਥਾ ਵੱਲੋਂ ਗ਼ੈਰ ਮੁਨਾਫ਼ਾ ਤੇ ਗ਼ੈਰ ਪੱਖਪਾਤੀ ਕੌਮੀ ਲੋਕਮੱਤ ਮੁਤਾਬਕ ਲੋਕ ਜਗਮੀਤ ਸਿੰਘ ਬਾਰੇ ਜ਼ਿਆਦਾ ਉਤਸ਼ਾਹਤ ਸਨ, ਜੋ ਕੈਨੇਡਾ ਦੇ ਘੱਟ ਗਿਣਤੀ ਭਾਈਚਾਰੇ ਦੀ ਨੁਮਾਇੰਦਗੀ ਕਰਦੇ ਹਨ। ਉਸ ਸਮੇਂ 71% ਲੋਕ ਇਸ ਕਥਨ ਨਾਲ ਸਹਿਮਤ ਸਨ ਕਿ ਇੱਕ ਘੱਟ ਗਿਣਤੀ ਭਾਈਚਾਰੇ ਦੇ ਮੈਂਬਰ ਦੀ ਅਗਵਾਈ ਵਾਲੀ ਵੱਡੀ ਸਿਆਸੀ ਪਾਰਟੀ ਦੀ ਮੌਜੂਦਗੀ ਸਮੁੱਚੇ ਕੈਨੇਡਾ ਲਈ ਚੰਗੀ ਹੈ। ਉਦੋਂ ਸਰਵੇਖਣ ਵਿੱਚ ਕਿਹਾ ਗਿਆ ਸੀ ਕਿ ਸਿੱਖ ਧਰਮ ਨੂੰ ਮੰਨਣ ਕਾਰਨ ਚੋਣਾਂ ਵਿੱਚ ਉਨ੍ਹਾਂ ਨੂੰ ਨੁਕਸਾਨ ਹੋ ਸਕਦਾ ਹੈ। ਹਾਲਾਂਕਿ, ਜਦੋਂ ਉੱਤਰ ਦੇਣ ਵਾਲਿਆਂ ਨੂੰ ਇਹ ਪੁੱਛਿਆ ਗਿਆ ਕਿ ਉਨ੍ਹਾਂ ਦੇ ਕਿੰਨੇ ਪਰਿਵਾਰਕ ਮੈਂਬਰ ਜਾਂ ਕਰੀਬੀ ਦੋਸਤ ਇੱਕ ਸਿੱਖ ਦੀ ਅਗਵਾਈ ਵਾਲੀ ਪਾਰਟੀ ਨੂੰ ਵੋਟ ਦੇਣਗੇ ਤਾਂ 50 ਫ਼ੀਸਦੀ ਲੋਕਾਂ ਨੇ ਇਹ ਜਵਾਬ ਦਿੱਤਾ ਸੀ ਕਿ ਜ਼ਿਆਦਾਤਰ ਜਾਂ ਕੁਝ ਲੋਕ। ਇਸ ਸਰਵੇਖਣ ਵਿੱਚ 77 ਫ਼ੀਸਦੀ ਲੋਕਾਂ ਦਾ ਮੰਨਣਾ ਸੀ ਕਿ ਇੱਕ ਸਿਆਸੀ ਵਿਅਕਤੀ ਦੇ ਧਾਰਮਿਕ ਜਾਂ ਸੱਭਿਆਚਾਰਕ ਪਛਾਣ ਨਾਲ ਕੋਈ ਫਰਕ ਨਹੀਂ ਪੈਂਦਾ, ਸਿਰਫ਼ ਉਸ ਦੀਆਂ ਨੀਤੀਆਂ ਵਧੀਆ ਹੋਣੀਆਂ ਚਾਹੀਦੀਆਂ ਹਨ। ਜਦੋਂ ਸਰਵੇਖਣ ਵਿੱਚ ਸ਼ਾਮਲ ਹੋਏ ਲੋਕਾਂ ਤੋਂ ਇਹ ਪੁੱਛਿਆ ਗਿਆ ਕਿ ਕੈਨੇਡਾ ਵਿੱਚ ਕਿੰਨੇ ਲੋਕ ਸਿੱਖ ਵਿਅਕਤੀ ਦੀ ਅਗਵਾਈ ਵਾਲੀ ਪਾਰਟੀ ਲਈ ਵੋਟ ਨਹੀਂ ਕਰ ਸਕਦੇ, ਤਾਂ ਜਵਾਬ ਦੇਣ ਵਾਲੇ 80 ਫ਼ੀਸਦੀ ਲੋਕਾਂ ਵਿੱਚੋਂ 21% ਲੋਕਾਂ ਦਾ ਇਹ ਜਵਾਬ ਸੀ ਕਿ ਜ਼ਿਆਦਾਤਰ ਲੋਕ ਵੋਟ ਨਹੀਂ ਕਰਨਗੇ ਤੇ 59% ਲੋਕਾਂ ਨੇ ਕਿਹਾ ਸੀ ਕਿ ਕੁਝ ਲੋਕ ਵੋਟ ਨਹੀਂ ਕਰਨਗੇ। ਇਸ ਸਰਵੇਖਣ ਤੋਂ ਇਹ ਜਾਪਦਾ ਹੈ ਕਿ ਕੈਨੇਡਾ ਦੇ ਲੋਕ ਇੱਕ ਸਿੱਖ ਵਿਅਕਤੀ ਨੂੰ ਦੇਸ਼ ਦੀ ਵਾਗਡੋਰ ਸੰਭਾਉਣ ਲਈ ਰਾਜ਼ੀ ਹਨ। ਕੈਨੇਡਾ ਦੇ ਹੀ ਜੰਮਪਲ ਜਗਮੀਤ ਸਿੰਘ ਦਾ ਜਨਮ 2 ਜਨਵਰੀ, 1979 ਨੂੰ ਓਂਟਾਰੀਓ ਸੂਬੇ ਵਿੱਚ ਹੋਇਆ ਸੀ। ਉਸ ਦੇ ਮਾਤਾ ਪਿਤਾ ਪੰਜਾਬ ਤੋਂ ਕੈਨੇਡਾ ਜਾ ਕੇ ਵਸੇ ਹੋਏ ਸਨ। ਜਗਮੀਤ ਸਿੰਘ ਪੇਸ਼ੇ ਵਜੋਂ ਇੱਕ ਵਕੀਲ (ਕ੍ਰਿਮੀਨਲ ਡਿਫੈਂਸ ਲੌਇਰ) ਹੈ ਤੇ ਉਹ ਤਾਈਕਵੌਂਡੋ, ਜੂਡੋ ਤੇ ਥਾਈ ਬੌਕਸਿੰਗ ਆਦਿ ਖੇਡਾਂ ਦਾ ਵੀ ਕਾਫੀ ਸ਼ੌਕੀਨ ਹੈ। ਦੱਸ ਦਈਏ ਕਿ ਜਗਮੀਤ ਸਿੰਘ ਪੰਜਾਬ ਦੇ ਬਰਨਾਲਾ ਜ਼ਿਲ੍ਹੇ ਦੇ ਨਾਮਵਰ ਆਜ਼ਾਦੀ ਘੁਲਾਟੀਏ ਸੇਵਾ ਸਿੰਘ ਠੀਕਰੀਵਾਲਾ ਦੇ ਪੜਪੋਤਰੇ ਹਨ। ਇਸ ਕਾਰਨ ਪੰਜਾਬ ਦੇ ਲੋਕਾਂ ਦੀ ਵੀ ਜਗਮੀਤ ਸਿੰਘ ਨਾਲ ਭਾਵਨਾਤਮਕ ਸਾਂਝ ਹੈ।



## ਫਰਿਜ਼ਨੋ ਅਤੇ ਬੇਕਰਸਫੀਲਡ ’ਚ ਹੋਇਆ ਨਵੇਂ ਲਾਗ ਬੁੱਕ ਕਾਨੂੰਨ ਦੇ ਵਿਰੋਧ ’ਚ ਜ਼ਬਰਦਸਤ ਮੁਜ਼ਾਹਰਾ!





**ਫਰਿਜ਼ਨੋ, (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ–** ਅਮਰੀਕਾ ’ਚ ਸੰਘੀ ਸਰਕਾਰ ਵਲੋਂ ’ਲਾਗ ਬੁੱਕ’ ਲਈ ਮਿੱਥੇ ਨਵੇਂ ਨਿਯਮਾਂ ਦੇ ਵਿਰੋਧ ਵਿੱਚ ਸੈਂਕੜੇ ਲੰਮੇ ਰੂਟ ਵਾਲੇ ਟਰੱਕ ਡਰਾਈਵਰਾਂ ਵਲੋਂ 4 ਅਕਤੂਬਰ ਨੂੰ ਬੇਕਰਸਫੀਲਡ ਅਤੇ 5 ਅਕਤੂਬਰ ਨੂੰ ਫਰਿਜ਼ਨੋ ਸਿਟੀ ਹਾਲ ਦੇ ਸਾਹਮਣੇ ਤਿੰਨ ਘੰਟੇ ਲਈ ਜ਼ਬਰਦਸਤ ਮੁਜ਼ਾਹਰਾ ਕੀਤਾ ਗਿਆ। 18 ਦਸੰਬਰ ਤੋਂ ਲੰਮੇ ਰੂਟਾਂ ਵਾਲੇ ਟਰੱਕਰਾਂ ਲਈ ਇਲੈਕਟਰਾਨਕ ਲਾਗ ਡਵਾਈਸ ਜ਼ਰੂਰੀ ਹੋ ਗਈ ਹੈ। ਇਸ ਤਹਿਤ ਡੀ.ਓ.ਟੀ. ਡਰਾਈਵਰਾਂ ਦੇ ਚਲਾਉਣ ਦੇ ਘੰਟੇ ਟਰੈਕ ਕਰ ਸਕੇਗੀ। ਅਮਰੀਕਨ ਡਰਾਈਵਰ 1930 ਤੋਂ ਲੈ ਕੇ ਹੁਣ ਤੱਕ ਪੇਪਰ ਲਾਗ ਬੁੱਕ ਵਰਤਦੇ ਆ ਰਹੇ ਹਨ। ਫੈਡਰਲ ਮੋਟਰ ਕੈਰੀਅਰ ਦੇ ਵਕੀਲਾਂ ਮੁਤਾਬਕ ਈ.ਐਲ.ਡੀ. ਡਰਾਈਵਰਾਂ ਨੂੰ ਲੰਮੇ ਘੰਟੇ ਡਰਾਈਵ ਕਰਨ ਤੋਂ ਵਰਜਿਤ ਕਰੇਗੀ ਤੇ ਭਿਆਨਕ ਐਕਸੀਡੈਂਟਾ ਤੋਂ ਬਚਾਵੇਗੀ ਪਰ ਡਰਾਈਵਰ ਜਿਹੜੇ ਓਨਰ ਅਪਰੇਟਰ ਦੇ ਤੌਰ ’ਤੇ ਕੰਮ ਕਰਦੇ ਹਨ ਜਾਂ ਮਾਲਕ ਜਿਹੜੇ ਛੋਟੀਆਂ ਕੰਪਨੀਆਂ ਚਲਾ ਰਹੇ ਹਨ, ਉਨ੍ਹਾਂ ਦਾ ਕਹਿਣਾ ਹੈ ਕਿ ਇਹ ਲਾਗ ਬੁੱਕ ਵਾਧੂ ਬੋਝ ਟਰੱਕਿੰਗ ਇਡੰਸਟਰੀ ’ਤੇ ਪਾਵੇਗੀ ਅਤੇ ਵੱਡੀਆ ਕੰਪਨੀਆਂ ਨੂੰ ਇਸਦਾ ਲਾਭ ਹੋਵੇਗਾ ਕਿਉਂਕਿ ਉਹਨਾਂ ਕੋਲ ਡਰਾਈਵਰਾਂ ਦੀ ਕਮੀ ਨਹੀਂ ਹੈ।ਕਾਨੂੰਨ ਮੁਤਾਬਕ ਡਰਾਈਵਰ ਹਰ ਰੋਜ਼ 14 ਘੰਟੇ ਲਾਗ ਬੁੱਕ ਚਲਾ ਸਕਦਾ ਹੈ ਜਿਸ ’ਚੋਂ 11 ਘੰਟੇ ਡਰਾਈਵ ਅਤੇ ਤਿੰਨ ਘੰਟੇ ਆਨ-ਆਫ ਕੱਢ ਸਕਦਾ ਹੈ । ਜੇ ਇਲੈਕਟਰਾਨਕ ਲਾਗ ਬੁੱਕ ਲੱਗਦੀ ਹੈ, ਮੁਤਾਬਕ ਜਦੋਂ ਇੱਕ ਵਾਰੀ ਲਾਗ ਆਨ ਹੋਵੇਗੀ 14 ਘੰਟਿਆਂ ਮਗਰੋਂ ਉਹ ਲਾਜ਼ਮੀ ਤੌਰ ’ਤੇ ਬੰਦ ਕਰਨੀ ਪਵੇਗੀ। ਜਿਹੜੇ ਡਰਾਈਵਰ ਈ.ਐਲ.ਡੀ. ਦਾ ਵਿਰੋਧ ਕਰ ਰਹੇ ਸਨ ਉਨ੍ਹਾਂ ਮੁਤਾਬਕ ਚਾਹੇ ਡਰਾਈਵਰ ਖ਼ਤਰਨਾਕ ਏਰੀਏ ਵਿੱਚ ਵੀ ਹੋਵੇ ਡਰਾਈਵਰ ਨੂੰ ਲਾਗ ਬੁੱਕ ਖਤਮ ਹੋਣ ਦੇ ਸਮੇਂ ਵਿੱਚ ਰੁਕਣਾ ਹੀ ਪਵੇਗਾ।

ਡਰਾਈਵਰਾਂ ਮੁਤਾਬਕ ਡੀਜ਼ਲ ਵਧਣ ਦੀ ਹਾਲਤ ’ਚ ਉਨ੍ਹਾਂ ਨੂੰ ਬਣਦਾ ਮੁਆਵਜ਼ਾ ਨਹੀਂ ਮਿਲਦਾ ਅਤੇ ਡਰਾਈਵਰਾਂ ਨੂੰ ਬਣਦਾ ਇੱਜ਼ਤ ਮਾਣ ਵੀ ਨਹੀਂ ਮਿਲਦਾ। ਬੇਕਰਸਫੀਲਡ ਅਤੇ ਫਰਿਜ਼ਨੋ ਮੁਜ਼ਾਹਰਿਆਂ ਵਿੱਚ ਜ਼ਿਆਦਾ ਤੌਰ ’ਤੇ ਪੰਜਾਬੀ ਸਿੱਖ ਡਰਾਈਵਰ ਸ਼ਾਮਲ ਰਹੇ। ਦੋਵੇਂ ਮੁਜ਼ਾਹਰੇ ਕਰਨ ਦਾ ਪ੍ਰਬੰਧ ਮੁੱਖ ਤੌਰ ਤੇ ਜੈਕਾਰਾ ਮੂਵਮੈਂਟ ਦੇ ਨੌਜਵਾਨ ਬੱਚੇ ਬੱਚੀਆਂ ਨੇ ਬਹੁਤ ਵਧੀਆ ਢੰਗ ਨਾਲ ਕੀਤਾ ਬੇਕਰਸਫੀਲਡ ਸਿਟੀ ਦੇ ਕੌਂਸਲ ਮੈਂਬਰ ਨੇ ਵੀ ਮੁਜ਼ਾਹਰਾ ਕਾਰੀਆਂ ਨੂੰ ਸੰਬੋਧਨ ਕੀਤਾ ਤੇ ਸਥਾਨਿਕ ਕਾਂਗਰਸ ਮੈਨ ਦੀ ਸੈਕਟਰੀ ਨੇ ਮੰਗ ਪੱਤਰ ਫੜਿਆ। ਇਹ ਨਾਜ਼ਰ ਸਿੰਘ ਕੂੰਨਰ ਦੇ ਯਤਨਾਂ ਸਦਕੇ ਸੰਭਵ ਹੋ ਸਕਿਆ। ਫਰਿਜ਼ਨੋ ਸ਼ਹਿਰ ਦੇ ਕਾਂਗਰਸ ਮੈਨ ਜਿੰਮ ਕੌਸਟਾ ਦੇ ਦਫਤਰ ਤੋਂ ਕੋਈ ਨੁਮਾਇੰਦਾ ਨਹੀਂ ਪਹੁੰਚਿਆਂ ਪਰ ਕਰਮਨ ਸਿਟੀ ਦੇ ਸਾਬਕਾ ਕੌਂਸਲ ਮੈਂਬਰ ਬਿੱਲ ਨਿੱਝਰ ਨੇ ਕਿਹਾ ਕਿ ਉਨ੍ਹਾਂ ਨੂੰ ਮੈਸਜ ਜ਼ਰੀਏ ਕਾਂਗਰਸ ਮੈਨ ਨੇ ਸੂਚਿਤ ਕੀਤਾ ਹੈ ਕਿ ਟੈਕਸਾਸ ਸਟੇਟ ਦੇ ਕਾਂਗਰਸ ਮੈਨ ਨਾਲ ਰਲ ਕੇ ਉਹ ਇਸ ਈ. ਐਲ. ਡੀ. ਮੈਂਡਿੱਟ ਨੂੰ ਰੀ-ਅਪੀਲ ਕਰਨ ਦੀ ਹਰ ਸੰਭਵ ਕੋਸ਼ਿਸ਼ ਕਰ ਰਹੇ ਹਨ।

6 ਅਕਤੂਬਰ ਨੂੰ ਡਰਾਈਵਰਾਂ ਵਲੋਂ ਯੂਬਾ ਸਿਟੀ ਤੋਂ ਲੈ ਕੇ ਫਰਿਜ਼ਨੋ ਦੇ ਗੁਰਦਵਾਰਾ ਨਾਨਕ ਪ੍ਰਕਾਸ਼ ਤੱਕ ਬਾਬ ਟੇਲ ਟਰੱਕਾਂ ਨਾਲ ਰੈਲੀ ਵੀ ਕੱਢੀ ਗਈ। ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ ਕਿ ਟਰੱਕਰ ਇਨ੍ਹਾਂ ਮੁਜ਼ਾਹਰਿਆਂ ਜਾਂ ਰੈਲੀਆਂ ਵਿੱਚੋਂ ਕੀ ਪਾਉਂਦੇ ਤੇ ਕੀ ਗਵਾਉਂਦੇ ਨੇ..!

### ਜਨਮ ਦਿਨ ਮੁਬਾਰਕ



**ਸਹਿਜਪ੍ਰੀਤ ਕੌਰ**
ਪੁੱਤਰੀ ਸ੍ਰੀ ਜਤਿੰਦਰ ਸਿੰਘ
ਅਤੇ ਸ੍ਰੀਮਤੀ ਸੰਜੀਤ
ਜਨਮ ਦਿਨ 29 ਸਤੰਬਰ 2017
ਪਿੰਡ ਗਗਨੌਲੀ, ਡਾਕ: ਸਾਹਰੀ
ਜ਼ਿਲ੍ਹਾ ਹੁਸ਼ਿਆਰਪੁਰ

# ਸੌਦਾ ਸਾਧ ਖ਼ਿਲਾਫ਼ ਡਟਣ ਵਾਲੇ ਭਾਈ ਗੁਰਦਾਸ ਸਿੰਘ ਤੂਰ ਨੂੰ ਫਰਿਜ਼ਨੋ ਏਰੀਏ ਦੇ ਬਜ਼ੁਰਗਾਂ ਨੇ ਦਿੱਤਾ ਅਸ਼ੀਰਵਾਦ

ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ /ਕੁਲਵੰਤ ਧਾਲੀਆਂ- ਡੇਰਾ ਸੱਚਾ ਸੌਦਾ ਵਿਖੇ ਲੰਮਾ ਸਮਾਂ ਬਤੌਰ ਸਾਧ ਜੀਵਨ ਬਤੀਤ ਕਰਨ ਵਾਲੇ ਭਾਈ ਗੁਰਦਾਸ ਸਿੰਘ ਤੂਰ ਜਿਨ੍ਹਾਂ ਡੇਰੇ ਵਿੱਚ ਰਹਿੰਦਿਆਂ ਓਥੇ ਹੋ ਰਹੇ ਕੁਕਰਮਾਂ ਤੋਂ ਪੜਦਾ ਚੱਕਣ ਲਈ ਆਪਣੀ ਜਾਨ ਤੇ ਖੇਡਕੇ ਲੰਮੀ ਕਨੂੰਨੀ ਲੜਾਈ ਲੜੀ ਤੇ ਨਿਧੱੜਕ ਹੋਕੇ ਨੰਗੇ ਧੜ ਸਿਰਸਾ ਸਾਧ ਰਾਮ ਰਹੀਮ ਦਾ ਕਾਲ੍ਹਾ ਚਿੱਠਾ ਪੱਤਰਕਾਰਾਂ ਅੱਗੇ ਖੋਲਿਆ।



ਅੱਜ-ਕੱਲ੍ਹ ਉਹ ਆਪਣੀ ਅਮਰੀਕਾ ਫੇਰੀ ਤੇ ਹਨ ਤੇ ਫਰਿਜ਼ਨੋ ਦੇ ਗੁਰਦਵਾਰਾ ਨਾਨਕਸਰ ਕਰਨਿਲੀਆ ਰੋਡ ਵਿਖੇ ਠਹਿਰੇ ਹੋਏ ਹਨ। ਇੱਥੇ ਫਰਿਜ਼ਨੋ ਏਰੀਏ ਦੇ ਬਜ਼ੁਰਗਾਂ ਨੇ ਤੂਰ ਨਾਲ ਵਿਸ਼ੇਸ਼ ਮੁਲਾਕਾਤ ਕਰਕੇ ਉਸਨੂੰ ਥਾਪੜਾ ਦਿੱਤਾ ਤੇ ਤੂਰ ਨੇ ਡੇਰੇ ਨਾਲ ਜੁੜੀਆਂ ਬਹੁਤ ਸਾਰੀਆਂ ਦਿੱਲ ਦਹਿਲਾਉਣ ਵਾਲੀਆਂ ਘਟਨਾਵਾਂ ਤੋਂ ਬਜ਼ੁਰਗਾਂ ਨੂੰ ਜਾਣੂ ਕਰਵਾਇਆਂ ਅਤੇ ਉਹਨੇ ਦੱਸਿਆ ਕਿ ਉਹ ਮਰਦੇ ਦਮ ਤੱਕ ਸਿਰਸੇ ਸਾਧ ਖ਼ਿਲਾਫ਼ ਕਨੂੰਨੀ ਜੰਗ ਜਾਰੀ ਰੱਖੇਗਾ।

ਤੂਰ ਨੇ ਕਿਹਾ ਕਿ ਭਾਰਤੀ ਮੀਡੀਆ ਮੁੱਖ ਮੁੱਦਿਆਂ ਤੋਂ ਲੋਕਾਂ ਦਾ ਧਿਆਨ ਭਟਕਾਕੇ ਹਨੀਪ੍ਰੀਤ ਵੱਲ ਮੋੜ ਰਿਹਾ ਹੈ। ਉਹਨੇ ਦੱਸਿਆ ਕਿ ਪਿਛਲੇ 38 ਦਿਨਾਂ ਦੌਰਾਨ ਹਨੀਪ੍ਰੀਤ ਨੂੰ ਪੁਲਿਸ ਵੱਲੋਂ ਕੀਤੀ ਜਾਣ ਵਾਲੀ ਪੁੱਛ ਗਿੱਛ ਲਈ ਡੇਰੇ ਦੇ ਵਕੀਲ ਉਹਨੂੰ ਟਰੇਨਿੰਗ ਦਿੰਦੇ ਰਹੇ ਹਨ। ਉਹਨੇ ਕਿਹਾ ਕਿ ਸੱਚ ਦਾ ਰਸਤਾ ਕੰਡਿਆ ਭਰਿਆ ਹੁੰਦਾ ਹੈ ਲੇਕਿਨ ਚੱਲਾਂਗੇ ਜਿੰਨਾਂ ਚਿਰ ਸਵਾਸ ਵਗਦੇ ਨੇ।

# ਏਜੀਪੀਸੀ ਨੇ ਲਾਸ ਵੇਗਸ 'ਤੇ ਹੋਏ ਹਮਲੇ ਦੀ ਕੀਤੀ ਨਿੰਦਾ

**ਫ਼ਰੀਮੌਂਟ, ਕੈਲੀਫ਼ੋਰਨੀਆ (ਹੁਸਨ ਲੜੋਆ ਬੰਗਾ)-** ਅਮਰੀਕਨ ਗੁਰਦੁਆਰਾ ਪਰਬੰਧਕ ਕਮੇਟੀ (ਏਜੀਪੀਸੀ) ਨੇ ਅਮਰੀਕਾ ਦੇ ਲਾਸ ਵੇਗਸ 'ਚ ਬੀਤੇ ਦਿਨੀਂ ਮਾਂਡਲੇ ਬੇਅ ਕੈਸੀਨੋ ਦੇ ਨੇੜੇ ਇਕ ਸੰਗੀਤ ਸਮਾਗਮ ਦੌਰਾਨ ਹਮਲਾਵਰ ਵੱਲੋ ਅੰਨੇਵਾਹ ਕੀਤੀ ਗੋਲੀਬਾਰੀ ਦੌਰਾਨ ਨਿਰਦੋਸ਼ ਲੋਕਾਂ ਦੀ ਮੌਤ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆ ਸਖ਼ਤ ਸ਼ਬਦਾਂ 'ਚ ਹਮਲੇ ਦੀ ਨਿੰਦਾ ਕੀਤੀ ਹੈ। ਉਨਾਂ ਵਾਪਰੀ ਇਸ ਮੰਦਭਾਗੀ ਘਟਨਾ 'ਤੇ ਅਫ਼ਸੋਸ ਜਾਹਿਰ ਕਰਦਿਆ ਕਿਹਾ ਨਕ ਸਮੂਹ ਸਿੱਖ ਜਗਤ ਦੁਖ ਦੀ ਇਸ ਘੜੀ 'ਤੇ ਅਮਰੀਕੀ ਪਰਸ਼ਾਸ਼ਨ ਦੇ ਮੋਢੇ ਨਾਲ ਮੋਢਾ ਜੋੜ ਕੇ ਖੜਾ ਹੈ। ਏਜੀਪੀਸੀ ਦੇ ਪਰਧਾਨ ਸ: ਜਸਵਿੰਤ ਸਿੰਘ ਹੋਠੀ ਅਤੇ ਕੋਆਰਡੀਨੇਟਰ ਡਾ. ਪਿਰਤਪਾਲ ਸਿੰਘ ਨੇ ਅੱਜ ਜਾਰੀ ਇਕ ਸਾਂਝੇ ਬਿਆਨ 'ਚ ਕਿਹਾ ਕਿ ਲੋਕਾਂ 'ਚ ਆਂਤਕ ਤੇ ਦੇਸ਼ ਦੀ ਅਮਨ ਤੇ ਸ਼ਾਂਤੀ ਨੂੰ ਭੰਗ ਕਰਨ ਲਈ ਦਹਿਸ਼ਤਗਰਦਾਂ ਵੱਲੋਂ ਅਜਿਹੀਆਂ ਘਟਨਾਵਾਂ ਨੂੰ ਅੰਜਾਮ ਦਿੱਤਾ ਜਾ ਰਿਹਾ ਹੈ। ਉਕਤ ਹਮਲੇ ਦੌਰਾਨ ਮਾਰੇ ਗਏ 60 ਬੇਕਸੂਰ ਤੇ 515 ਤੋਂ ਵਧੇਰੇ ਜਖ਼ਮੀਆਂ ਜਿਹਨਾਂ 'ਚ ਬੱਚੇ, ਬਜ਼ੁਰਗ ਵੀ ਸ਼ਾਮਲ ਹਨ ਸਬੰਧੀ, ਸਖ਼ਤ ਸ਼ਬਦਾਂ 'ਚ ਆਲੋਚਨਾ ਕਰਦਿਆ ਕਿਹਾ ਕਿ ਅਮਰੀਕੀ ਪਰਸ਼ਾਸ਼ਨ ਲੋਕਾਂ ਦੇ ਜੀਵਨ ਦੀ ਵਿਵਸਥਾ ਸਥਿਤੀ ਨੂੰ ਯਕੀਨੀ ਬਣਾਉਣ ਲਈ ਹੋਰ ਉਚਿੱਤ ਕਦਮ ਚੁੱਕਣੇ ਪੈਣਗੇ। ਉਨਾਂ ਨੇ ਕਿਹਾ ਕਿ ਅਮਰੀਕਾ ਦੇ ਇਤਿਹਾਸ ਦੀ ਇਹ ਸਭ ਤੋਂ ਮੰਦਭਾਗਾ ਹਮਲਾ ਹੈ। ਉਨਾਂ ਮਾਰੇ ਗਏ ਅਤੇ ਜਖ਼ਮੀ ਹੋਏ ਲੋਕਾਂ ਦੇ ਪਰਿਵਾਰਕ ਮੈਂਬਰਾਂ ਨਾਲ ਹਮਦਰਦੀ ਜਾਹਿਰ ਕਰਦਿਆਂ ਕਿਹਾ ਕਿ ਹਰੇਕ ਪਰਕਾਰ ਦੀ ਸਹਾਇਤਾ ਲਈ ਸਿੱਖ ਕੌਮ ਉਨਾਂ ਦੇ ਨਾਲ ਖੜੀ ਹੈ। ਜਿਨਾਂ ਦੇ ਸੁੱਖ ਦੁਖ ਦੇ ਸਾਂਝੇ ਭਾਈਵਾਲ ਹਨ। ਉਨਾਂ ਨੇ ਅਮਰੀਕੀ ਸਰਕਾਰ ਵੱਲੋਂ ਹਮੇਸ਼ਾਂ ਕਾਨੂੰਨ ਵਿਵਸਥਾ ਨੂੰ ਮਜ਼ਬੂਤ ਕਰਨ ਲਈ ਚੁੱਕੇ ਜਾਂਦੇ ਕਦਮਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਨਾਂ ਨੂੰ ਆਸ ਹੈ ਕਿ ਇਸ ਵਾਰ ਵੀ ਅਮਰੀਕੀ ਪਰਸ਼ਾਸ਼ਨ ਆਪਣੇ ਨਾਗਨਰਕਾਂ ਦੀ ਸੁਰੱਖਿਆ ਨੂੰ ਉਚਿੱਤ ਕਦਮ ਉਠਾਉਂਦਿਆ ਸੁਰੱਖਿਆ ਪਰਬੰਧ ਹੋਰ ਮਜ਼ਬੂਤ ਕਰੇਗਾ।




# ਮੋਦੀ ਸਰਕਾਰ, ਭਾਜਪਾ ਤੇ ਆਰ.ਐਸ.ਐਸ. ਜਗਮੀਤ ਸਿੰਘ ਬਾਰੇ ਫਿਰਕੂ ਰਵੱਈਆ ਤਿਆਗਣ- ਖਾਲਸਾ

**ਨਾਰਵਿਚ ਕਨੈਕਟੀਕਟ (ਹੁਸਨ ਲੜੋਆ ਬੰਗਾ)-** ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਅਮਰੀਕਾ ਯੂਨਿਟ ਦੇ ਪ੍ਰਧਾਨ ਸਵਰਨਜੀਤ ਸਿੰਘ ਖਾਲਸਾ ਮੈਂਬਰ ਪਲਾਨਿੰਗ ਬੋਰਡ ਨਾਰਵਿਚ ਕਨੈਕਟੀਕਟ, ਮੈਂਬਰ ਡਿਪਾਰਟਮੈਂਟ ਆਫ ਜਸਟਿਸ ਨੇ ਜਗਮੀਤ ਸਿੰਘ ਧਾਲੀਵਾਲ ਕੈਨੇਡਾ ਦੇ ਹੱਕ ਵਿਚ ਮੋਰਚਾ ਸੰਭਾਲ ਲਿਆ ਹੈ। ਸਵਰਨਜੀਤ ਸਿੰਘ ਖਾਲਸਾ ਨੇ ਨਿਊ ਡੈਮੋਕਰੇਟਿਕ ਪਾਰਟੀ (ਐਨ. ਡੀ. ਪੀ.) ਦੇ ਨਵੇਂ ਨੇਤਾ ਜਗਮੀਤ ਸਿੰਘ ਧਾਲੀਵਾਲ ਐਡਵੋਕੇਟ ਨੂੰ ਵਧਾਈ ਦਿੰਦਿਆਂ ਕਿਹਾ ਕਿ ਉਨਟਾਰੀਓ ਸੂਬਾਈ ਅਸੈਂਬਲੀ ਦੇ ਬਰੈਂਪਟਨ ਹਲਕੇ ਤੋਂ ਵਿਧਾਨਕਾਰ ਜਗਮੀਤ ਸਿੰਘ ਹੁਣ 2019 ਦੀਆਂ ਕੌਮੀ ਸੰਸਦੀ ਚੋਣਾ ਵਿਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਲਿਬਰਲ ਪਾਰਟੀ ਦੇ ਖਿਲਾਫ ਐਨ. ਡੀ. ਪੀ. ਦੀ ਚੋਣ ਮੁਹਿੰਮ ਦੀ ਅਗਵਾਈ ਕਰਨਗੇ। ਉਹਨਾਂ ਮੋਦੀ ਸਰਕਾਰ ਦੀ ਆਲੋਚਨਾ ਕਰਦਿਆਂ ਕਿਹਾ ਕਿ ਕੈਨੇਡਾ ਦੀ ਸਿਆਸਤ ਵਿਚ ਜਗਮੀਤ ਸਿੰਘ ਦੇ ਉਭਾਰ ਨਾਲ ਭਾਵੇਂ ਪੂਰੇ ਸੰਸਾਰ ਵਿਚ ਜਸ਼ਨ ਮਨਾਇਆ ਜਾ ਰਿਹਾ ਹੈ ਤੇ ਮਾਨਵਵਾਦੀ ਖੁਸ਼ ਹਨ, ਪਰ ਮੋਦੀ ਸਰਕਾਰ, ਭਾਜਪਾ ਤੇ ਆਰ. ਐਸ. ਐਸ. ਉਸਦੇ ਨਿਊ ਡੈਮੋਕ੍ਰੇਟਿਕ ਪਰਟੀ ਦੇ ਨੇਤਾ ਚੁਣੇ ਜਾਣ ਕਾਰਨ ਚਿੰਤਤ ਦਿਖਾਈ ਦੇ ਰਹੀ ਹੈ। ਉਹਨਾਂ ਕਿਹਾ ਕਿ ਜਗਮੀਤ ਸਿੰਘ ਨੂੰ ਭਾਰਤ ਸਰਕਾਰ ਨੇ ਦਸੰਬਰ 2013 ਵਿਚ ਵੀਜਾ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਉਸ ਵੇਲੇ ਉਹ ਉਨਟਾਰੀਓ ਵਿਚ ਪ੍ਰੋਵੈਂਸ਼ੀਅਲ ਪਾਰਲੀਮੈਂਟ ਦੇ ਮੈਂਬਰ ਸਨ। 2016 ਵਿਚ ਜਗਮੀਤ ਸਿੰਘ ਨੇ ਉਨਟਾਰੀਓ ਵਿਧਾਨ ਸਭਾ ਵਿਚ ਪ੍ਰਸਤਾਵ ਪੇਸ਼ ਕਰਕੇ 1984 ਦੇ ਦਿੱਲੀ ਦੰਗਿਆਂ ਨੂੰ ਨਸਲਕੁਸ਼ੀ ਕਰਾਰ ਦੇਣ ਦੀ ਮੰਗ ਕੀਤੀ ਸੀ। ਲਿਬਰਲ ਪਾਰਟੀ ਦੇ ਕਈ ਹੋਰ ਮੈਂਬਰਾਂ ਨੇ ਵੀ ਪ੍ਰਸਤਾਵ ਦਾ ਸਮਰਥਨ ਕੀਤਾ ਸੀ। ਉਹਨਾਂ ਕਿਹਾ ਕਿ ਦਿੱਲੀ ਸਿੱਖ ਕਤਲੇਆਮ ਹਿੰਦੂਆਂ ਨੇ ਨਹੀਂ ਕੀਤਾ, ਇਹ ਸਰਕਾਰੀ ਕਤਲੇਆਮ ਹੈ, ਇਸੇ ਲਈ ਕਿਸੇ ਨੂੰ ਸਜ਼ਾ ਨਹੀਂ ਹੋਈ ਤੇ ਜਗਮੀਤ ਸਿੰਘ ਨੇ ਇਸ ਬਾਰੇ ਮਨੁੱਖੀ ਹਿੱਤਾਂ ਵਿਚ ਠੀਕ ਆਵਾਜ਼ ਬੁਲੰਦ ਕੀਤੀ ਹੈ। ਉਹਨਾਂ ਕਿਹਾ ਕਿ ਅਮਰੀਕਾ, ਕੈਨੇਡਾ, ਇੰਗਲੈਂਡ, ਆਸਟ੍ਰੇਲੀਆ ਤੇ ਯੂਰਪ ਦੀਆਂ ਅਖਬਾਰਾਂ ਜਗਮੀਤ ਸਿੰਘ ਦੀ ਪ੍ਰਸੰਸਾ ਕਰ ਰਹੀਆਂ ਹਨ ਪਰ ਭਾਰਤ ਦਾ ਕੁਝ ਫਿਰਕੂ ਮੀਡੀਆ ਜਗਮੀਤ ਸਿੰਘ ਦਾ ਸਿੱਖ ਹੋਣ ਕਰਕੇ ਵਿਰੋਧ ਕਰਕੇ ਮਾਨਵੀ ਹਿੱਤਾਂ ਦਾ ਘਾਣ ਕਰ ਰਿਹਾ ਹੈ। ਉਹਨਾਂ ਕਿਹਾ ਕਿ ਜੋ ਲੋਕ ਜਗਮੀਤ ਸਿੰਘ ਧਾਲੀਵਾਲ ਦਾ ਵਿਰੋਧ ਕਰ ਰਹੇ ਹਨ, ਉਹ ਨਸਲਵਾਦੀ ਹਨ ਤੇ ਮਨੁੱਖਤਾ ਵਿਰੋਧੀ ਹਨ। ਸਮਾਜ ਨੂੰ ਉਹ ਜਾਤਾਂ-ਧਰਮਾਂ ਦੇ ਨਾਮ 'ਤੇ ਵੰਡ ਕੇ ਸਮਾਜ ਵਿਚ ਨਫਰਤ ਫੈਲਾਉਣਾ ਚਾਹੁੰਦੇ ਹਨ। ਉਹਨਾਂ ਕਿਹਾ ਕਿ ਜਦੋਂ ਤੱਕ ਸਿੱਖ ਭਾਈਚਾਰਾ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ 'ਤੇ ਪਹਿਰਾ ਦਿੰਦਾ ਰਹੇਗਾ, ਮਾਨਵਤਾ ਨੂੰ ਪਿਆਰ ਕਰਦਾ ਰਹੇਗਾ, ਸਮਾਜ ਵਿਚ ਗੁਰੂ ਸਾਹਿਬ ਦਾ ਸਰਬੱਤ ਦਾ ਭਲਾ ਲਾਗੂ ਕਰਦਾ ਰਹੇਗਾ ਤਾਂ ਵਿਸ਼ਵ ਵਿਚ ਸਭ ਲੋਕ ਸਾਨੂੰ ਪਿਆਰ ਕਰਨਗੇ ਤੇ ਸਾਨੂੰ ਹੀ ਸੱਤਾ ਸੌਂਪਣਗੇ।



# ਵੈਸਟ ਸੈਕਰਾਮੈਂਟੋ ਗੁਰਦੁਆਰਾ ਸਾਹਿਬ ਵਿਖੇ ਇੰਟਰਫ਼ੇਥ ਸਮਾਗਮ ਕਰਵਾਇਆ ਗਿਆ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਤਕਰੀਬਨ 400-500 ਸੈਕਰਾਮੈਂਟੋ ਦੇ ਹੋ ਭਾਈਚਾਰੇ ਦੇ ਸ਼ਹਿਰੀਆਂ ਨੇ ਗੁਰਦੁਆਰਾ ਵਿਖੇ ਆਪਣੀ ਹਾਜਰੀ ਲਗਵਾਈ। ਤਕਰੀਬਨ ਦੋ ਘੰਟੇ ਦੇ ਪ੍ਰੋਗਰਾਮ ਦੌਰਾਨ ਉਨ੍ਹਾਂ ਨੇ ਸਕਰੀਨ ਤੇ ਬਾਣੀ ਦਾ ਇੰਗਲਿਸ਼ ਵਿੱਚ ਤਰਜਮਾ ਪੜ੍ਹਦੇ ਹੋਏ ਕੀਰਤਨ ਦਾ ਆਨੰਦ ਮਾਣਿਆ। ਇਸ ਮੌਕੇ ਇੰਟਰਫ਼ੇਥ ਕਾਉਂਸਿਲ ਆਫ਼ ਸੈਕਰਾਮੈਂਟੋ ਦੇ ਪ੍ਰਧਾਨ ਜੌਨ ਫ਼ਿਸ਼ ਨੇ ਸਿੱਖ ਸੰਗਤ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਉਹ ਸਿੱਖਾਂ ਦੇ ਭਰਾਤਰੀ ਭਾਵ ਤੋਂ ਬਹੁਤ ਖੁਸ਼ ਹਨ। ਉਸ ਸਮਾਗਮ ਵਿੱਚ ਸ਼ਾਮਲ ਹੋਣ ਵਾਲ਼ਿਆਂ ਵਿੱਚ ਕੋਰਟ ਆਫ਼ ਅਪੀਲ 3ਰਦ. ਡ੍ਰਿਸਟਿਕ ਦੇ ਜੱਜ ਜਸਟਿਸ ਜੌਰਜ ਨਿਕਲਸਨ ਨੇ ਕਿਹਾ ਕਿ ਅੱਜ ਦਾ ਸਮਾਗਮ ਕਰਵਾ ਕਿ ਸਿੱਖਾਂ ਨੇ ਦੂਸਰੇ ਭਾਈਚਾਰਿਆਂ ਤੱਕ ਪਹੁੰਚ ਲਈ ਪੁੱਲ ਦਾ ਕੰਮ ਕੀਤਾ ਹੇ। ਇਸ ਮੌਕੇ ਐਫ਼ ਬੀ ਆਈ ਆਉਟਰੀਚ ਸਪੈਸ਼ਲਿਸਟ ਕੈਥਲੀਨ ਬਰਨੈਂਟ, ਮੇਅਰ ਸਟੈਨਬਰਗ ਵਲੋਂ ਲੂਇਸ ਮੌਨਟਸ, ਕੈਲੀਫ਼ੋਰਨੀਆ ਅਸੈਂਬਲੀਮੈਨ ਕੈਵਿਨ ਮੈਕਾਰਟੀ, ਐਫ਼ ਬੀ ਆਈ ਸਪੈਸ਼ਲ ਏਜੈਂਟ ਸ਼ੌਨ ਰੀਗਨ ਅਤੇ ਇੰਸ਼ਿਉਰੈਂਸ ਕਮਿਸ਼ਨਰ ਡੇਵ ਜੋਨਜ਼ ਸਨ । ਇੰਟਰਫ਼ੇਥ ਦੀ ਨੇਤਾ ਰੇਚਲ ਲੇਮੱਨ ਨੇ ਕਿਹਾ ਕਿ ਗੁਰਦੁਆਰਾ ਵੈਸਟ ਸੈਕਰਾਮੈਂਟੋ ਦੇ ਸੱਦੇ ਨੂੰ ਜਦੋਂ ਉਸਨੇ ਬਾਕੀ ਮੈਂਬਰਾਂ ਨਾ.ਲ ਸਾਂਝਾ ਕੀਤਾ ਤਾਂ ਬਹੁਤ ਹੁੰਘਾਰਾ ਮਿਲਿਆ । ਇਸ ਮੌਕੇ ਇੰਟਰਫੇਥ ਮੁਖੀ ਜੌਨ ਫਿਸ਼ ਨੇ ਵੀ ਵਿਚਾਰ ਰੱਖਦਿਆਂ ਕਿਹਾ ਕਿ ਜਿਹੜੇ ਲੋਕ ਸਿੱਖਾਂ ਨੂੰ ਕਿਸੇ ਹੋਰ ਨਜਰੀਏ ਨਾਲ ਦੇਖਦੇ ਸਨ ਅੱਜ ਉਨਾ ਦੀਆਂ ਅੱਖਾਂ ਖੋਲ ਦਿੱਤੀਆਂ ਗਈ ਹਨ। ਇਹੋ ਕਾਰਨ ਸੀ ਕਿ ਉਮੀਦ ਤੋਂ ਵੱਧ ਮੈਂਬਰਾਂ ਨੇ ਗੁਰਦੁਆਰੇ ਵਿੱਚ ਹਾਜਰੀ ਲਗਵਾਈ । ਇਸ ਮੌਕੇ ਸ. ਦਰਸ਼ਨ ਸਿੰਘ ਮੁੰਡੀ ਨੇ ਬੋਲਦਿਆਂ ਕਿਹਾ ਕਿ ਸਿੱਖ ਗੁਰੂਆਂ ਨੇ ਹਮੇਸ਼ਾਂ ਬੁਇਨਸਾਫੀ ਦੇ ਖਿਲਾਫ ਅਵਾਜ ਉਠਾਈ, ਉਹਨਾ ਕਿਹਾ ਕਿ ਸਿੱਖ ਧਰਮ ਵਿੱਚ ਔਰਤਾਂ ਨੂੰ ਬਰਾਬਰ ਦੇ ਹੱਕ ਤੇ ਕਿਰਤ ਕਰਕੇ ਤੇ ਵੰਡ ਕੇ ਸ਼ਕਣ ਦਾ ਫਲਾਸਫਾ ਸਿੱਖ ਦਰਮ ਦੀ ਵਿਲੱਖਣਤਾ ਹੈ। ਇਸ ਮੌਕੇ ਬਾਹਰੋਂ ਆਏ ਸੱਜਨਾਂ ਨੂੰ ਸਿੱਖੀ ਬਾਰੇ ਦੱਸਣ ਵਾਲ਼ਿਆਂ ਵਿੱਚ ਮਹਿੰਦਰ ਸਿੰਘ ਸੰਧੂ, ਹਾਈ ਸਕੂਲ ਵਿਦਿਆਰਥਣ ਸਿਮਰਨ ਬੈਂਸ, ਅਟੌਰਨੀ ਜਸਜੀਤ ਸਿੰਘ ਤੇ ਸੈਕਰਾਮੈਂਟੋ ਵੈਲੀ ਚਾਰਟਰ ਸਕੂਲ ਦੇ ਪ੍ਰਿੰਸੀਪਲ ਡਾ: ਅਮਰੀਕ ਸਿੰਘ ਸਨ । ਇਸ ਪ੍ਰੋਗਰਾਮ ਨੂੰ ਸੰਚਾਲਨ ਕਰਨ ਵਾਲ਼ਿਆਂ ਵਿੱਚ ਦਰਸ਼ਨ ਸਿੰਘ ਮੁੰਡੀ, ਸੁਰਜੀਤ ਸਿੰਘ ਸ਼ਾਮਲ ਸਨ ।




# ਖੂਬ ਛਣਕੀ ਝਾਂਜਰ ਦੀ ਛਣਕਾਰ

**ਕੈਲੇਫੋਰਨੀਆਂ (ਹੁਸਨ ਲੜੋਆ ਬੰਗਾ)-** ਲੰਘੇ ਐਤਵਾਰ ਨੂੰ ਇੰਡੀਅਨ ਕਮਿਉਨਿਟੀ ਸੈਂਟਰ ਵਿਖੇ ਸੈਨਹੋਜ਼ੇ ਪੰਜਾਬੀ ਹੈਰੀਟੇਜ ਕਲੱਬ ਵਲੋਂ ਆਪਣਾ ਪਲੇਠਾ ਪ੍ਰੋਗਰਾਮ 'ਝਾਂਜਰ ਦੀ ਛਣਕਾਰ' ਗੁਰਮੀਤ ਕੌਰ ਛੀਨਾ ਦੀ ਅਗਵਾਈ ਹੇਠ ਪੰਜਾਬ ਰੇਡੀਓ ਯੂਐਸਏ, ਰੇਡੀਓ ਪੰਜਾਬ, ਚੜ੍ਹਦੀ ਕਲਾ ਰੇਡੀਓ, ਪੰਜਾਬ ਲੋਕ ਰੰਗ ਅਤੇ ਇੱਕੀ ਇੰਟਰਨੈਸ਼ਨਲ ਐਂਟਰਟੇਨਮੈਂਟ ਦੇ ਸਹਿਯੋਗ ਨਾਲ ਕਰਵਾਇਆ ਗਿਆ। ਸਿਰਫ ਬੀਬੀਆਂ ਦੇ ਮੋਨਰੰਜਨ ਲਈ ਕਰਵਾਏ ਇਸ ਪ੍ਰੋਗਰਾਮ ਵਿਚ ਭਾਰੀ ਗਿਣਤੀ ਵਿਚ ਮੁਟਿਆਰਾਂ ਅਤੇ ਔਰਤਾਂ ਨੇ ਹਿੱਸਾ ਲਿਆ ਅਤੇ ਨਿੱਕੇ ਨਿੱਕੇ ਬੱਚਿਆਂ ਦਾ ਗਿੱਧਾ ਭੰਗੜਾ ਤੇ ਗੀਤ ਸੰਗੀਤ ਦਾ ਆਪਣਾ ਹੀ ਰੰਗ ਸੀ। ਤੀਆਂ ਦੀ ਤਰਜ਼ ਤੋਂ ਬਿਲਕੁਲ ਹਟਵੇਂ ਢੰਗ ਨਾਲ ਕਰਵਾਏ ਗਏ ਇਸ ਸਫਲ ਪ੍ਰੋਗਰਾਮ ਵਿਚ ਅਨੇਕਾਂ ਕਿਸਮ ਦੀਆਂ ਸੰਗੀਤਕ ਵੰਨ੍ਹਗੀਆਂ ਅਤੇ ਸਕਿੱਟਾਂ ਅਤੇ ਕੋਰੀਓਗ੍ਰਾਫੀ ਦਾ ਵੱਖਰਾ ਹੀ ਮੰਚ ਸਿਰਜਿਆ ਗਿਆ। ਇਸ ਪ੍ਰੋਗਰਾਮ ਬਾਰੇ ਬੋਲਦਿਆਂ ਗੁਰਮੀਤ ਕੌਰ ਛੀਨਾ ਨੇ ਕਿਹਾ ਕਿ ਉਸ ਨੇ ਸਾਰੀ ਉਮਰ ਪੰਜਾਬ ਦੇ ਲੋਕ ਰੰਗ ਅਤੇ ਸਿਹਤਮੰਤ ਸੱਭਿਆਚਾਰ ਨੂੰ ਬਚਾਉਣ ਲਈ ਯਤਨ ਕੀਤੇ ਹਨ ਅਤੇ ਔਰਤਾਂ ਨੂੰ ਹਮੇਸ਼ਾ ਹੀ ਇਕ ਵੱਖਰੀ ਸਿਹਤਮੰਦ ਮਨੋਰੰਜਨ ਦਿੱਤਾ ਹੈ ਤੇ ਉਹ ਭਵਿੱਖ ਵਿਚ ਵੀ ਅਜਿਹੇ ਪ੍ਰੋਗਰਾਮ ਕਰਵਾਉਣ ਲਈ ਵਚਨਬੱਧ ਹੋਣਗੇ।

ਅਜੇ ਭੰਗੜਾ ਅਕੈਡਮੀ ਸੈਨਹੋਜ਼ੇ ਦੇ ਬੱਚਿਆਂ ਨੇ ਭੰਗੜੇ ਅਤੇ ਗਿੱਧੇ ਦੀ ਪੇਸ਼ਕਾਰੀ ਵਿਚ ਅਸਲੋਂ ਹੀ ਕਮਾਲ ਕਰ ਵਿਖਾਈ। ਜਸਜੀਤ ਕੌਰ ਤੇ ਜਸਪ੍ਰੀਤ, ਜੱਸੀ ਸਰਾਂ ਵਲੋਂ ਮੈਲੋਡੀ ਡਾਂਸ ਕਮਾਲ ਸੀ ਤੇ ਬਾਬਿਆਂ ਦੇ ਕਿਰਦਾਰ ਤੇ ਵਿਅੰਗ ਕਰਦਾ ਸੋਨੀਆ ਚੇੜਾ ਦਾ ਗੀਤ ਵੀ ਖੂਬ ਪਸੰਦ ਕੀਤਾ ਗਿਆ। ਜੱਸੀ ਸੱਗੀ ਵਲੋਂ ਸਟੇਜ ਅਤੇ ਸਮੁੱਚੇ ਪ੍ਰੋਗਰਾਮ ਦੀ ਪੇਸ਼ਕਾਰੀ ਦਾ ਪ੍ਰਬੰਧ ਇਸ ਪ੍ਰੋਗਰਾਮ ਨੂੰ ਨਿਵੇਕਲੀ ਦਿੱਖ ਪ੍ਰਦਾਨ ਕਰਨ ਵਿਚ ਸਫਲ ਹੋਇਆ। ਸੁਖਨਿੰਦਰ ਭੰਗਲ, ਬੌਬੀ ਹੋਠੀ, ਜਸਿਵੰਦਰ ਲਖਵੀਰ ਦਾ ਡਾਂਸ, ਜਸਵਿੰਦਰ ਧਨੋਆ ਅਤੇ ਕੁਲਵੰਤ ਕੌਰ ਚਾਹਲ ਵਲੋਂ ਸੱਭਿਆਚਾਰਕ ਗੀਤਾਂ ਤੇ ਕੋਰੀਓਗ੍ਰਾਫੀ ਇਸ ਪ੍ਰੋਗਰਾਮ ਦੇ ਜਿੰਦ ਜਾਨ ਬਣੇ। ਅਰਚਨਾ ਚੁੱਘ ਅਤੇ ਗੁਰਜੀਤ ਕੌਰ ਨੇ ਵੱਖਰੇ ਹੀ ਅੰਦਾਜ਼ ਵਿਚ ਇਸ ਮੇਲੇ ਨੂੰ ਸੰਗੀਤਕ ਪਾਣ ਦਿੱਤੀ। ਇਸ ਸਮਾਗਮ ਵਿਚ ਮੁੱਖ ਮਹਿਮਾਨ ਵਜੋਂ ਕੁਲਵੰਤ ਕੌਰ ਸੰਘੇੜਾ, ਜਸਵਿੰਦਰ ਧਨੋਆ, ਕਸ਼ਮੀਰ ਕੌਰ ਭੌਰਾ ਸ਼ਾਮਿਲ ਹੋਈਆਂ। ਜਦੋਂ ਕਿ ਕੁਲਦੀਪ ਮਾਣਕ ਦੀ ਬੇਟੀ ਸ਼ਕਤੀ ਮਾਣਕ ਨੇ ਪ੍ਰੋਗਰਾਮ ਦਾ ਸਮੁੱਚਾ ਸੰਚਾਲਨ ਬਾਖੂਬੀ ਨਿਭਾਇਆ। ਪ੍ਰੋਗਰਾਮ ਵਿਚ ਹਿੱਸਾ ਲੈਣ ਵਾਲੇ ਸਮੂਹ ਕਲਾਕਾਰਾਂ ਨੂੰ ਬਹੁਤ ਹੀ ਆਲਾ ਦਰਜੇ ਦੇ ਤੋਹਫੇ ਸਨਮਾਨ ਵਿਚ ਪ੍ਰਦਾਨ ਕੀਤੇ ਗਏ। ਸਾਰਿਆਂ ਦਾ ਧੰਨਵਾਦ ਕਰਦਿਆਂ ਬੀਬੀ ਗੁਰਮੀਤ ਕੌਰ ਛੀਨਾ ਨੇ ਕਿਹਾ ਕਿ ਅਜਿਹਾ ਸਫਲ ਪ੍ਰੋਗਰਾਮ ਕੈਲੇਫੋਰਨੀਆਂ ਵਿਚ ਸ਼ਾਇਦ ਪਹਿਲੀ ਵਾਰ ਹੋਇਆ ਹੋਵੇ ਜਿਸ ਵਿਚ ਬੀਬੀਆਂ ਨੇ ਆਪਣੇ ਚਾਵਾਂ ਨੂੰ ਖੁੱਲ੍ਹ ਕੇ ਪ੍ਰਦਰਸ਼ਿਤ ਕੀਤਾ ਹੋਵੇ। ਆਉਣ ਵਾਲੇ ਸਮੇਂ ਵਿਚ ਉਹ ਨਿਵੇਕਲੀ ਕਿਸਮ ਦੇ ਅਜਿਹੇ ਪ੍ਰੋਗਰਾਮ ਜਲਦੀ ਅਯੋਜਿਤ ਕਰਨ ਲਈ ਵਾਅਦਾ ਕਰਦੀ ਹੈ। ਕਹਿ ਸਕਦੇ ਹਾਂ ਕਿ 'ਝਾਂਜਰ ਦੀ ਛਣਕਾਰ' ਦੇ ਨਾਂ ਹੇਠ ਕਰਵਾਇਆ ਗਿਆ ਇਹ ਪ੍ਰੋਗਰਾਮ ਗੀਤ ਸੰਗੀਤ, ਗਿੱਧੇ ਭੰਗੜੇ ਅਤੇ ਕੋਰੀਓਗ੍ਰਾਫੀ ਨਾਲ ਖੂਬ ਛਣਕਦਾ ਰਿਹਾ।



# ਗਲਤੀ ਨਾਲ ਪਾਰ ਕਰ ਲਈ ਸਰਹੱਦ, ਪਾਕਿ ਫੌਜ ਨੇ ਭੇਜਿਆ ਵਾਪਸ

ਇਸਲਾਮਾਬਾਦ— ਪਾਕਿਸਤਾਨੀ ਫੌਜ ਨੇ ਗਲਤੀ ਨਾਲ ਸਰਹੱਦ ਪਾਰ ਕਰ ਕੇ ਦੇਸ਼ 'ਚ ਪ੍ਰਵੇਸ਼ ਕਰਨ ਵਾਲੀ ਭਾਰਤੀ ਮਹਿਲਾ ਨੂੰ ਮੰਗਲਵਾਰ ਨੂੰ ਭਾਰਤੀ ਸੁਰੱਖਿਆ ਬਲਾਂ ਨੂੰ ਸੌਂਪ ਦਿੱਤੀ।

ਫੌਜ ਨੇ ਇਕ ਬਿਆਨ 'ਚ ਕਿਹਾ ਕਿ ਸਦਭਾਵਨਾ ਪੂਰਣ ਵਿਵਹਾਰ ਅਤੇ ਸਰਹੱਦ 'ਤੇ ਸ਼ਾਂਤੀ ਬਣਾਈ ਰੱਖਣ ਲਈ ਉਸ ਦੀਆਂ ਕੋਸ਼ਿਸ਼ਾਂ ਦੇ ਤੌਰ 'ਤੇ ਮਹਿਲਾ ਨੂੰ ਕਸ਼ਮੀਰ 'ਚ ਭਾਰਤੀ ਸੁਰੱਖਿਆ ਬਲਾਂ ਨੂੰ ਸੌਂਪ ਦਿੱਤਾ ਗਿਆ। ਫੌਜ ਨੇ ਕਿਹਾ ਕਿ ਕਸ਼ਮੀਰ ਦੀ ਰਹਿਣ ਵਾਲੀ ਮਹਿਲਾ ਅਜਮਤ ਜਾਨ ਚਿਰੀਕੋਟ ਸੈਕਟਰ 'ਚ ਸਰਹੱਦ ਗਲਤੀ ਨਾਲ ਪਾਰ ਕਰ ਕੇ ਪਾਕਿਸਤਾਨ ਪਹੁੰਚ ਗਈ ਸੀ। ਹਾਲਾਂਕਿ ਇਹ ਸਾਫ ਨਹੀਂ ਹੈ ਕਿ ਉਸ ਨੇ ਕਦੋਂ ਸਰਹੱਦ ਪਾਰ ਕੀਤੀ। ਬਿਆਨ 'ਚ ਕਿਹਾ ਗਿਆ ਹੈ ਕਿ ਉਹ ਭਾਰਤੀ ਮਨੁੱਖੀ ਅਧਿਕਾਰ 'ਤੇ ਰਵਾਲਾ-ਪੁੰਛ ਕ੍ਰਾਸਿੰਗ ਤੋਂ ਕਸ਼ਮੀਰ ਪਰਤੀ। ਇਸ 'ਚ ਕਿਹਾ ਗਿਆ ਹੈ ਕਿ ਇਸ ਮੌਕੇ 'ਤੇ ਦੋਵੇਂ ਦੇਸ਼ਾਂ ਦੇ ਸਿਵਲ ਅਤੇ ਫੌਜੀ ਅਧਿਕਾਰੀ ਮੌਜੂਦ ਰਹੇ। ਖਬਰਾਂ ਦੀ ਮੰਨੀਏ ਤਾਂ ਅਜਮਤ ਜਾਨ ਜੰਮੂ-ਕਸ਼ਮੀਰ ਦੇ ਦੇਗਵਾਰ ਮੰਡੀਆਲਾਨ ਦੀ ਰਹਿਣ ਵਾਲੀ ਹੈ।

## Matrimonial

JATT SIKH parents seeking suitable match for their handsome son residing in India, 26 years, 6'3 tall. Degrees in Bachelors of Business and MBA. Political family background. Farming, Property and Commission Agents Business(Aahartiya) in Ludhiana district. Parents have PR in USA and living in California. Preferred well-qualified tall beautiful girl from USA. Email - navneetbhandal@gmail.com Pho ne - 916-992-4538

ਦੇਸ਼ ਦੁਆਬਾ

# ਮੋਦੀ ਸਾਹਿਬ ਦੇ ਵਾਅਦੇ

ਭਾਰਤ ਵਿਚ ਰਾਜ ਕਰ ਰਹੀ ਭਾਰਤੀ ਜਨਤਾ ਪਾਰਟੀ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ ਸਾਢੇ ਤਿੰਨ ਸਾਲ ਪਹਿਲਾਂ ਜੋ ਵਾਅਦੇ ਅਤੇ ਸਬਜਬਾਗ ਦਿਖਾਏ ਸਨ, ਉਹ ਹੁਣ ਮੱਧਮ ਪੈਂਦੇ ਨਜ਼ਰ ਆ ਰਹੇ ਹਨ। ਆਰਥਿਕ ਮੋਰਚੇ ਤੇ ਤਬਦੀਲੀਆਂ ਦੇ ਕਾਰਨ ਅਰਥਵਿਵਸਥਾ ਨੂੰ ਝਟਕਾ ਵੱਜਿਆ ਹੈ ਅਤੇ ਹਰੇਕ ਵਿਅਕਤੀ ਨੂੰ ਅਮੀਰ ਬਣਾਉਣ ਦੇ ਵਾਅਦਿਆਂ ਨੂੰ ਬੂਰ ਪੈਂਦਾ ਨਜ਼ਰ ਨਹੀਂ ਆ ਰਿਹਾ ਹੈ। 2014 ਦੀਆਂ ਲੋਕ ਸਭਾ ਚੋਣਾਂ ’ਚ ਲੋਕਾਂ ਨਾਲ ਝੂਠੇ ਵਾਅਦੇ ਕਰ ਕੇ ਕੇਂਦਰ ਦੀ ਸੱਤਾ ਤਾਂ ਹਥਿਆ ਲਈ ਪਰ ਆਪਣੇ ਚੋਣ ਵਾਅਦਿਆਂ, ਜਿਨ੍ਹਾਂ ਵਿਚ ਵਿਦੇਸ਼ਾਂ ਤੋਂ ਕਾਲਾ ਧਨ ਵਾਪਿਸ ਲਿਆਉਣਾ, ਹਰੇਕ ਭਾਰਤੀ ਨਾਗਰਿਕ ਦੇ ਖਾਤੇ ਵਿਚ 15-15 ਲੱਖ ਰੁਪਏ ਜਮ੍ਹਾ ਕਰਵਾਉਣਾ, ਹਰੇਕ ਸਾਲ 2 ਕਰੋੜ ਬੇਰੋਜ਼ਗਾਰਾਂ ਨੂੰ ਨੌਕਰੀਆਂ ਦੇਣਾ, ਦੇਸ਼ ’ਚੋਂ ਭ੍ਰਿਸ਼ਟਾਚਾਰ ਖਤਮ ਕਰਨਾ, ਬਿਜਲੀ, ਪਾਣੀ ਤੇ ਸੜਕਾਂ ਮੁਹੱਈਆ ਕਰਵਾਉਣਾ ਤੇ ਔਰਤਾਂ ’ਤੇ ਅੱਤਿਆਚਾਰ ਬੰਦ ਕਰਨਾ ਸ਼ਾਮਿਲ ਸਨ, ’ਚੋਂ ਇਕ ਵੀ ਪੂਰਾ ਨਹੀਂ ਕੀਤਾ। ਇਸ ਦੇ ਬਾਵਜੂਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੋਂ ਲੈ ਕੇ ਅਮਿਤ ਸ਼ਾਹ ਤੇ ਅਰੁਣ ਜੇਤਲੀ ਤਕ ਆਪਣੀ ਪਿੱਠ ਥਾਪੜ ਰਹੇ ਹਨ ਕਿ ਉਨ੍ਹਾਂ ਨੇ ਸਾਢੇ ਤਿੰਨ ਸਾਲਾਂ ਵਿਚ ਸਾਰੇ ਵਾਅਦੇ ਪੂਰੇ ਕਰ ਦਿੱਤੇ ਹਨ ਤੇ ਕਾਂਗਰਸ ’ਚ ਉਨ੍ਹਾਂ ਦੀਆਂ ਗੱਲਾਂ ਨੂੰ ਝੁਠਲਾਉਣ ਦੀ ਹਿੰਮਤ ਨਹੀਂ ਹੈ। ਮੋਦੀ ਆਪਣੇ ਭਾਸ਼ਣਾਂ ਵਿਚ ਰੋਜ਼ ਕਹਿੰਦੇ ਸਨ ਕਿ ਜੀ. ਡੀ. ਪੀ. ਵਿਚ ਵਾਧਾ ਕੀਤਾ ਜਾਵੇਗਾ। ਲੋਕ ਸਮਝਦੇ ਸਨ ਕਿ ਇਸ ਨਾਲ ਸ਼ਾਇਦ ਦੇਸ਼ ਦਾ ਵਿਕਾਸ ਹੋਵੇਗਾ ਅਤੇ ਉਨ੍ਹਾਂ ਦੇ ਖਾਤਿਆਂ ਵਿਚ ਵੀ ਕੁਝ ਰਕਮ ਪਾਈ ਜਾਵੇਗੀ ਪਰ ਇਸ ਦਾ ਮਤਲਬ ਸਾਬਕਾ ਕੇਂਦਰੀ ਮੰਤਰੀ ਕਪਿਲ ਸਿੱਬਲ ਨੇ ਦੱਸ ਦਿੱਤਾ ਹੈ ਕਿ ਜੀ. ਡੀ. ਪੀ. ਵਧਾਉਣ ਦਾ ਮਤਲਬ ਗੈਸ, ਡੀਜ਼ਲ-ਪੈਟਰੋਲ ਦੀਆਂ ਕੀਮਤਾਂ ਵਿਚ ਬੇਹਿਸਾਬਾ ਵਾਧਾ ਕਰਨਾ ਹੈ।

ਇਕ ਲੀਟਰ ਪੈਟਰੋਲ ’ਤੇ ਭਾਰਤ ਸਰਕਾਰ ਦੀਆਂ ਤੇਲ ਕੰਪਨੀਆਂ ਨੂੰ ਲੱਗਭਗ 45 ਰੁਪਏ ਦਾ ਲਾਭ ਹੋ ਰਿਹਾ ਹੈ ਤੇ ਦਰਮਿਆਨੇ ਵਰਗ ’ਤੇ ਇਸ ਦਾ ਬੁਰਾ ਅਸਰ ਪੈ ਰਿਹਾ ਹੈ, ਜਿਸ ਕਾਰਨ ਤਿਉਹਾਰੀ ਸੀਜ਼ਨ ’ਚ ਮਹਿੰਗਾਈ ਵਧ ਗਈ ਹੈ ਪਰ ਮੋਦੀ ਦੇ ਮੰਤਰੀ ਕਹਿੰਦੇ ਹਨ ਕਿ ਪੈਟਰੋਲ ਦੀਆਂ ਕੀਮਤਾਂ ਵਧਣ ਨਾਲ ਕਾਰਾਂ-ਸਕੂਟਰਾਂ ਵਾਲੇ ‘ਮਰ’ ਤਾਂ ਨਹੀਂ ਜਾਣਗੇ। ਭਾਜਪਾ ਦੇ ਇਕ ਨੇਤਾ ਨੇ ਤਾਂ ਇਥੋਂ ਤਕ ਕਹਿ ਦਿੱਤਾ ਸੀ ਕਿ ਪੈਟਰੋਲ ਹੁਣ 100 ਰੁਪਏ ਪ੍ਰਤੀ ਲੀਟਰ ਦੇ ਭਾਅ ਹੀ ਮਿਲੇਗਾ। ਕੀ ਅਜਿਹਾ ਕਰਨਾ ਉਚਿਤ ਹੈ?

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮੇਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥ (ਗੁਰੂ ਗ੍ਰੰਥ ਸਾਹਿਬ)

ਲੜੀ ਨੰਬਰ-44

## ਗੁਰਬਾਣੀ ਦੇ ਚਾਨਣ ਵਿੱਚ “ਸਿੱਖ” ਦੀ ਪ੍ਰੀਭਾਸ਼ਾ



ਅਵਤਾਰ ਸਿੰਘ ਮਿਸ਼ਨਰੀ
510-432-5827

ਸਿੱਖ ਸੰਸਕ੍ਰਿਤ ਦਾ ਲਫਜ਼ ਤੇ ਇਸ ਦੇ ਅਰਥ ਹਨ-ਸਿਖਿਆਰਥੀ (ਸਟੂਡੈਂਟ) ਸ਼ਗਿਰਦ ਅਤੇ ਚੇਲਾ। ਗੁਰਸਿੱਖ-ਗੁਰੂ ਦੀ ਸਿਖਿਆ ਤੇ ਚੱਲਣ ਵਾਲਾ। ਸਿੱਖ ਕਿਸੇ ਲੁਬਾਸ ਜਾਂ ਭੇਖ ਦਾ ਨਾਂ ਨਹੀਂ। ਗੁਰੂ ਗ੍ਰੰਥ ਸਾਹਿਬ ਮੁਤਾਬਿਕ ਜੋ ਹਰ ਵੇਲੇ ਸਾਰੀ ਉਮਰ ਕੁਝ ਨਾ ਕੁਝ ਹਰ ਰੋਜ ਸਿੱਖੇ, ਉਹ ਸਿੱਖ ਹੈ। ਸਫਾਈ ਵਾਸਤੇ ਹਰ ਰੋਜ਼ ਇਸ਼ਨਾਨ ਕਰੇ, ਨਾਮ ਧਿਆਵੈ (ਰੱਬੀ ਨਿਯਮਾਂ) ਦੀ ਪਾਲਣਾ ਕਰੇ। ਗੁਰਬਾਣੀ ਪੜ੍ਹਦਾ ਹਰ ਵੇਲੇ ਗੁਰ ਉਪਦੇਸ਼ਾਂ ਨੂੰ ਯਾਦ ਰੱਖਦਾ, ਆਪ ਰੱਬੀ ਨਿਯਮਾਂ ਦੀ ਪਾਲਣਾ ਕਰਦਾ, ਹੋਰਨਾਂ ਨੂੰ ਵੀ ਇਹ ਸਿਖਿਆ ਦੇਵੇ-ਗੁਰ ਸਤਿਗੁਰ ਕਾ ਜੋ ਸਿਖ ਅਖਾਏ॥ ਸੁ ਭਲਕੇ ਉਠਿ ਹਰਿ ਨਾਮੁ ਦਿਆਵੈ॥ ਉਦਮ ਕਰੈ ਭਲਕੈ ਪਰਭਾਤੀ ਇਸਨਾਨ ਕਰੇ ਅੰਮ੍ਰਿਤ ਸਰਿ ਨਾਵੈ॥ ਉਪਦੇਸ਼ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥ ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਿਦਿਆ ਉਠਦਿਆ ਹਰਿ ਨਾਮੁ ਧਿਆਵੈ॥ ਜੋ ਸਾਸਿ ਗਿਰਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿੱਖ ਗੁਰੂ ਮਨੁ ਭਾਵੈ॥ ਜਨ ਨਾਨਕੁ ਧੂੜਿ ਮੰਗੈ ਤਿਸੁ ਗੁਰਸਿੱਖ ਕੀ, ਜੋ ਆਪ ਜਪੈ ਅਵਰਹ ਨਾਮੁ ਜਪਾਵੈ॥੨॥ (੩੦੫) ਜੋ ਗੁਰੂ ਦੇ ਭਾਣੇ (ਨਿਯਮਾਂ) ਵਿੱਚ ਰਹੇ-ਸੋ ਸਿਖ ਸਖਾ ਬੰਧਪ ਹੈ ਭਾਈ ਜਿ ਗੁਰ ਕੇ ਭਾਣੈ ਵਿਚਿ ਆਵੈ॥ (੬੦੧) ਜੋ ਜਾਤ-ਪਾਤ ਤੋਂ ਉਪਰ ਉੱਠ ਇੱਕ ਪ੍ਰਮਾਤਮਾਂ ਨੂੰ ਸਭ ਦਾ ਪਿਤਾ ਅਤੇ ਆਪ ਸਭ ਨੂੰ ਉਸ ਦੇ ਬੱਚੇ ਸਮਝੇ, ਉਹ ਹੀ ਗੁਰਸਿੱਖ ਹੈ-ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ॥ (੬੧੨) ਭਾਈ ਗੁਰਦਾਸ ਜੀ ਅਨੁਸਾਰ ਵੀ ਗੁਰੂ ਦੀ ਸਿਖਿਆ ਲੈਣ ਵਾਲਾ ਹੀ ਗੁਰਸਿੱਖ ਅਖਵਾ ਸਕਦਾ ਹੈ-ਗੁਰ ਸਿਖ ਲੈ, ਗੁਰਸਿਖੁ ਸਦਾਇਆ॥(ਵਾਰ-੧੧) ਜੋ ਸ਼ਬਦ ਸੁਰਤਿ ਦੁਵਾਰਾ ਗੁਰ ਉਪਦੇਸ਼ ਨੂੰ ਅੰਦਰ ਧਾਰੇ ਉਹ ਸਿੱਖ ਹੈ-ਗੁਰ ਉਪਦੇਸ਼ ਪ੍ਰਵੇਸ਼ ਰਿਦ ਅੰਤਰਿ ਹੈ ਸਬਦ ਸੁਰਤਿ ਸੋਈ ਸਿੱਖ ਜਗ ਜਾਨੀਐ॥ (ਕਬਿਤ ੩੯੦)

ਕਿਰਤ ਕਰੋ, ਵੰਡ ਛਕੋ ਅਤੇ ਨਾਮ ਜਪੋ (ਰੱਬੀ ਨਿਯਮ) ਸਿੱਖੀ ਦੇ ਮੁਢਲੇ ਇਨ੍ਹਾਂ ਅਸੂਲਾਂ ਦੀ ਪਾਲਣਾ ਕਰਨ ਵਾਲੇ ਗੁਰਸਿੱਖ ਨੂੰ ਹੋਰ ਕਿਸੇ ਸਰਟੀਫੀਕੇਟ ਦੀ ਲੋੜ ਨਹੀਂ। ਇਹ ਸਿੱਖ ਦੀ ਪ੍ਰੀਭਾਸ਼ਾ ਗੁਰੂ ਗ੍ਰੰਥ ਸਾਹਿਬ ਤੇ ਭਾਈ ਗੁਰਦਾਸ ਜੀ ਮੁਤਾਬਿਕ ਦਰਸਾਈ ਹੈ। ਸਿੱਖ ਦੀ ਇਸ ਪ੍ਰਭਾਸ਼ਾ ਨੂੰ ਸੰਸਾਰ ਦਾ ਹਰੇਕ ਮਾਈ-ਭਾਈ ਧਾਰਨ ਕਰ ਅਪਣਾ ਸਕਦਾ ਹੈ।

ਕਰਮਕਾਂਡੀ ਰਹੁ ਰੀਤਾਂ ਦਾ ਧਾਰਨੀ ਜਾਂ ਗੁਲਾਮ ਸਿੱਖ ਨਹੀਂ ਹੋ ਸਕਦਾ। ਸਿੱਖ ਮਰਦ ਅਤੇ ਔਰਤ ਨੂੰ ਬਰਾਬਰ ਸਮਝਦਾ ਹੈ। ਸਿੱਖ ਸਦਾ ਅਜ਼ਾਦ ਵਿਚਰਦਾ ਅਤੇ ਹਰ ਵੇਲੇ ਮਨੁੱਖਤਾ ਦੀ ਸੇਵਾ ਕਰਦਾ ਸਰਬੱਤ ਦਾ ਭਲਾ ਮੰਗਦਾ ਹੈ। ਸਿੱਖ ਗੁਰੂ ਤੋਂ ਬਿਨਾਂ ਕਿਸੇ ਅਖੌਤੀ ਸਾਧ, ਸੰਤ, ਡੇਰੇਦਾਰ ਜਾਂ ਸੰਪ੍ਰਦਾਈ ਟਕਸਾਲੀ ਦੀ ਸਿਖਿਆ ਨਹੀਂ ਲੈਂਦਾ। ਸਿੱਖ ਮਰੇ ਹੋਏ ਮਹਾਂਪੁਰਖਾਂ ਦੀਆਂ ਬਰਸੀਆਂ ਨਹੀਂ ਮਨਾਉਂਦਾ। ਸਿੱਖਾਂ ਦੇ ਮਾਨਯੋਗ ਮਹਾਂਪੁਰਖ ਰੱਬੀ ਭਗਤ, ਸਿੱਖ ਗੁਰੂ ਸਹਿਬਾਨ ਅਤੇ ਬਾਕੀ ਬਾਣੀਕਾਰ ਹਨ। ਸਮੁੱਚੇ ਰੂਪ ਵਿੱਚ ਅਸੀਂ ਸਾਰੇ ਉਸ ਗੁਰੂ ਗ੍ਰੰਥ ਸਾਹਿਬ ਜੀ ਦੇ ਸਿੱਖ ਹਾਂ ਜਿਸ ਵਿੱਚ ਇਨ੍ਹਾਂ ਮਹਾਂਪੁਰਖਾਂ ਦੀ ਬਾਣੀ ਹੈ। ਮੋਟੇ ਰੂਪ ਵਿੱਚ ਜੋ ਇਨਸਾਨ ਸਰਬਵਿਆਪੀ ਤੇ ਸਰਬਕਾਲੀ ਰੱਬ ਦੀ ਜੋਤ-ਸ਼ਕਤੀ ਨੂੰ ਸਭ ਵਿੱਚ ਜਣਦਾ-ਸਭ ਮਹਿ ਜੋਤਿ ਜੋਤਿ ਹੈ ਸੋਇ॥(੬੬੩) ਅਤੇ ਸਾਰੇ ਸੰਸਾਰ ਨੂੰ ਆਪਣਾ ਵਿਸ਼ਾਲ ਪ੍ਰਵਾਰ ਮੰਨਦਾ। ਮੇਰ ਤੇਰ ਖਤਮ ਕਰ, ਜਾਤ-ਪਾਤ, ਊਚ-ਨੀਚ, ਛੂਆ-ਛਾਤ, ਰੰਗ-ਰੂਪ, ਨਸਲ-ਭੇਦ ਤੋਂ ਉਪਰ ਉੱਠ, ਥੋਥੇ ਕਰਮਕਾਂਡਾ ਦਾ ਤਿਆਗ ਕਰ, ਵਹਿਮਾਂ-ਭਰਮਾਂ, ਵਰਤਾਂ, ਰੱਖੜੀਆਂ, ਸਮਾਧਾਂ, ਚੰਗੇ-ਮਾੜੇ ਦਿਨਾਂ, ਅੰਧ-ਵਿਸ਼ਵਾਸ਼ਾਂ, ਅਣਹੋਣੀਆਂ ਕਰਾਮਾਤਾਂ, ਭੇਖਾਂ-ਰੇਖਾਂ ਅਤੇ ਅਖੌਤੀ ਸੰਤਾਂ-ਮਹੰਤਾਂ ਬ੍ਰਹਮ ਗਿਆਨੀਆਂ, ਜੋਤਸ਼ੀ ਬਾਬਿਆਂ, ਬ੍ਰਾਹਮਣਾਂ, ਮੱਸਿਆ-ਪੁਨਿਆਂ, ਸੰਗ੍ਰਾਂਦਾਂ ਨੂੰ ਨਹੀਂ ਮੰਨਦਾ ਉਹ ਹੀ ਗੁਰੂ ਦਾ ਅਸਲੀ ਸਿੱਖ ਹੈ। ਦੂਜੇ ਪਾਸੇ ਜੋ ਤੰਗਦਿਲੀ, ਕਟੜਵਾਦੀ ਰਹੁਰੀਤਾਂ ਅਤੇ ਮਜਹਬਾਂ ਦੀਆਂ ਸੰਗਲੀਆਂ ਵਿੱਚ ਫਸਿਆ ਹੋਇਆ ਦੂਜਿਆਂ ਨਾਲ ਨਫਰਤਾਂ ਅਤੇ ਵੈਰ ਵਿਰੋਧ ਪਾਲੇ, ਬੁਰੇ ਕਰਮ ਜਿਵੇਂ ਚੋਰੀ ਯਾਰੀ, ਪਰਾਈਆਂ ਔਰਤਾਂ ਤੇ ਮਰਦਾਂ ਨਾਲ ਵਿਭਚਾਰ ਬਲਾਤਕਾਰ ਕਰੇ, ਬਾਹਰੀ ਕਰਮਕਾਂਡਾਂ ਦੀ ਸੰਗਲੀ (ਮਰਯਾਦਾ) ਅਤੇ ਕੇਵਲ ਭੇਖ ਧਾਰਨ ਕਰੇ, ਉਹ ਗੁਰਸਿੱਖ ਨਹੀਂ ਹੋ ਸਕਦਾ।

ਸਿੱਖ ਦਾ ਅਸਲੀ ਤੇ ਸਰਬਵਿਆਪਕ ਧਰਮ ਹੈ-ਸਰਬ ਧਰਮ ਮਹਿ ਸ੍ਰੇਸਟ ਧਰਮੁ॥ ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥ (੨੬੬) ਪ੍ਰਮਾਤਮਾਂ ਨੂੰ ਯਾਦ ਰੱਖਦੇ, ਨਿਰਮਲ ਕਰਮ ਕਰਨੇ ਹੀ ਸਰਬ ਸ੍ਰੇਸ਼ਟ ਧਰਮ ਅਤੇ ਇਸ ਦੀ ਪਾਲਣਾ ਕਰਨ ਵਾਲਾ ਹੀ ਸਿੱਖ ਹੋ ਸਕਦਾ ਹੈ। ਅਗਰ ਗੁਰੂ ਗ੍ਰੰਥ ਮੁਤਾਬਿਕ ਜੋ ਮਰਯਾਦਾ ਤੇ ਪ੍ਰਭਾਸ਼ਾ ਦਰਸਾਈ ਗਈ ਹੈ ਨੂੰ ਪ੍ਰਵਾਨ ਕਰ ਲਿਆ ਜਾਵੇ ਤਾਂ ਦੁਨੀਆਂ ਦੀ ਵੱਡੀ ਗਿਣਤੀ ਸਿੱਖ ਹੋਣ ਦਾ ਮਾਣ ਹਾਸਲ ਕਰ ਸਕਦੀ ਹੈ।

# ਗੁਰਦੁਆਰਾ ਪਾਤਸ਼ਾਹੀ ਦਸਵੀਂ ਆਲਮਗੀਰ (ਲੁਧਿਆਣਾ)

ਪੰਜਾਬ ਇਕ ਅਜਿਹਾ ਸੂਬਾ ਹੈ, ਜਿਸ ਦੇ ਜ਼ੱਰੇ-ਜ਼ੱਰੇ ਨੂੰ ਗੁਰੂ ਚਰਨਾਂ ਦੀ ਛੋਹ ਪ੍ਰਾਪਤ ਹੈ। ਇਸੇ ਧਰਤੀ ’ਤੇ ਪਿੰਡ ਆਲਮਗੀਰ (ਲੁਧਿਆਣਾ) ਵਿਖੇ ਇਕ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ ਜੋ ਕਿ ਗੁਰਦੁਆਰਾ ਮੰਜੀ ਸਾਹਿਬ ਦੇ ਨਾਂ ਨਾਲ ਮਸ਼ਹੂਰ ਹੈ। ਇਤਿਹਾਸ ਮੁਤਾਬਿਕ ਇਸ ਪਵਿੱਤਰ ਅਸਥਾਨ ’ਤੇ ਖਾਲਸਾ ਪੰਥ ਦੇ ਸਿਰਜਕ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣਾ ਸਾਰਾ ਪਰਿਵਾਰ ਸ਼ਹੀਦ ਕਰਵਾ ਕੇ ਮਾ-ਛੀਵਾੜੇ ਤੋਂ ਉੱਚ ਦੇ ਪੀਰ ਦੇ ਰੂਪ ਵਿੱਚ ਪਲੰਘ ਤੇ ਸਵਾਰ ਹੋ ਕੇ 14 ਪੋਹ 1761 ਬਿਕਰਮੀ ਨੂੰ ਇਥੇ ਪੁੱਜੇ। ਇਸ ਪਿੰਡ ਦੇ ਘੋੜਿਆਂ ਦੇ ਵਪਾਰੀ ਭਾਈ ਨਗਾਹੀਆਂ ਸਿੰਘ ਨੇ ਗੁਰੂ ਜੀ ਨੂੰ ਘੋੜਾ ਭੇਟ ਕੀਤਾ, ਨਬੀ ਖਾਂ ਤੇ ਗਨੀ ਖਾਂ ਨੂੰ ਪਲੰਘ ਦੇ ਕੇ ਵਾਪਸ ਭੇਜ ਦਿੱਤਾ। ਆਪ ਨੇ ਗੋਹੇ ਚੁਗਦੀ ਮਾਈ ਨੂੰ ਪੁੱਛਿਆ ਮਾਈ ਜੀ ਇਥੇ ਕਿਤੇ ਇਸ਼ਨਾਨ ਕਰਨ ਨੂੰ ਜਲ ਮਿਲ ਸਕਦਾ ਹੈ ਤਾਂ ਮਾਈ ਨੇ ਕਿਹਾ ਪੀਰ ਜੀ ਇਹ ਥੇਹ ਦੀ ਧਰਤੀ ਹੈ ਇਥੇ ਜਲ ਨਹੀਂ ਹੈ, ਦੂਰ ਇਕ ਖੂਹ ਹੈ ਪਰ ਉਥੇ ਇਕ ਬਹੁਤ ਵੱਡੀ ਸਰਾਲ ਰਹਿੰਦੀ ਹੈ, ਉਥੇ ਕੋਈ ਨਹੀਂ ਜਾ ਸਕਦਾ। ਗੁਰੂ ਜੀ ਨੇ ਇਕ ਤੀਰ ਮਾਰ ਕੇ ਸਰਾਲ ਦੀ ਮੁਕਤੀ ਕੀਤੀ ਤੇ ਉਹ ਖੂਹ ਵਿਚ ਡਿਗ ਪਈ। ਸਿੱਖ ਪਾਣੀ ਲੈਣ ਗਏ ਤਾਂ ਪਾਣੀ ਖਰਾਬ ਸੀ ਇਸ ਕਰਕੇ ਜਿਥੇ ਗੁਰੂ ਜੀ ਆਪ ਬੈਠੇ ਸਨ, ਨੇੜੇ ਜਿਹੇ ਇਕ ਹੋਰ ਤੀਰ ਮਾਰਿਆ ਤਾਂ ਧਰਤੀ ਦੀ ਹਿੱਕ ਵਿਚੋਂ ਪਵਿੱਤਰ ਜਲ ਦਾ ਸੋਮਾ ਟੁੱਟ ਪਿਆ ਤੇ ਸਿੱਖਾਂ ਨੇ ਇਸ਼ਨਾਨ ਪਾਨ ਕੀਤਾ। ਇਹ ਕੌਤਕ ਦੇਖ ਕੇ ਮਾਈ ਗੁਰੂ ਜੀ ਦੇ ਚਰਨਾਂ ’ਤੇ ਡਿੱਗ ਪਈ ਤੇ ਕਹਿਣ ਲੱਗੀ ਪੀਰ ਜੀ ਤੁਸੀਂ ਤਾਂ ਕਮਾਲ ਦੇ ਪੀਰ ਹੋ ਮੇਰੀ ਇਕ ਅਰਜ਼ ਹੈ ਮੈਨੂੰ ਕੋਹੜ ਹੈ ਮੈਂ ਅਨੇਕਾਂ ਪਾਸ ਇਲਾਜ ਕਰਵਾਇਆ ਪਰ ਠੀਕ ਨਹੀਂ ਹੋਇਆ ਆਪ ਇਸ ਦਾ ਇਲਾਜ ਕਰੋ ਅਤੇ ਮੇਰਾ ਰੋਗ ਦੂਰ ਕਰੋ। ਗੁਰੂ ਜੀ ਨੇ ਕਿਹਾ ਮਾਤਾ ਜੀ ਇਸ ਸੋਮੇ ਵਿੱਚ ਜੋ ਵੀ ਸ਼ਰਧਾ ਨਾਲ ਇਸ਼ਨਾਨ ਕਰੇਗਾ ਉਸ ਦੇ ਦੁੱਖ ਦਲਿੱਦਰ ਵਾਹਿਗੁਰੂ ਆਪ ਦੂਰ ਕਰੇਗਾ। ਗੁਰੂ ਜੀ ਭਾਈ ਨਗਾਹੀਆਂ ਸਿੰਘ ਦੇ ਦਿੱਤੇ ਘੋੜੇ ’ਤੇ ਚੜ੍ਹ ਕੇ ਰਾਏ ਕੋਟ ਵਲ ਚਲੇ ਗਏ। ਮਾਈ ਨੇ ਪਿੰਡ ਜਾ ਕੇ ਸਾਰੀ ਵਿਆਖਿਆ ਸੁਣਾਈ। ਜਿਸ ਥਾਂ ’ਤੇ ਗੁਰੂ ਜੀ ਦਾ ਮੰਜਾ ਭਾਈ ਗਨੀ ਖਾਂ ਤੇ ਨਬੀ ਖਾਂ ਨੇ ਰੱਖਿਆ ਸੀ, ਉਸ ਥਾਂ ’ਤੇ ਅੱਜ ਸੁੰਦਰ ਛੇ ਮੰਜਿਲਾ ਪਵਿੱਤਰ ਸੁੰਦਰ ਗੁਰਦੁਆਰਾ ਮੰਜੀ ਸਾਹਿਬ ਬਣਿਆ ਹੋਇਆ ਹੈ। ਜਿਸ ਉੱਪਰ ਸੋਨੇ ਦਾ ਕਲਸ ਚਮਕ ਰਿਹਾ ਹੈ। ਇਸ ਗੁਰਦੁਆਰਾ ਸਾਹਿਬ ਵਿਚ ਗੁਰਪੁਰਬ ਤੇ ਬਾਕੀ ਦੇ ਅਹਿਮ ਦਿਹਾੜੇ ਬੜੀ ਸਰਧਾ ਤੇ ਸਤਿਕਾਰ ਨਾਲ ਮਨਾਏ ਜਾਂਦੇ ਹਨ। ਸੰਗਤਾਂ ਗੁਰਦੁਆਰਾ ਸਾਹਿਬ ਦੇ ਦਰਸ਼ਨਾਂ ਲਈ ਹਰ ਰੋਜ਼ ਦੂਰੋਂ-ਨੇੜਿਓਂ ਪੁੱਜਦੀਆਂ ਹਨ ਤੇ ਗੁਰੂ ਚਰਨਾਂ ਵਿਚ ਹਾਜ਼ਰੀਆਂ ਭਰ ਕੇ ਆਤਮਿਕ ਅਨੰਦ ਹਾਸਲ ਕਰਦੀਆਂ ਹਨ। ਸਰਬੱਤ ਦੇ ਭਲੇ ਵਾਸਤੇ ਅਰਦਾਸੇ ਅਤੇ ਗੁਰਬਾਣੀ ਪ੍ਰਵਾਹ ਅਤੇ ਦਿਨ ਰਾਤ ਗੁਰੂ ਕਾ ਲੰਗਰ ਵਰਤਦਾ ਰਹਿੰਦਾ ਹੈ। ਇਹ ਅਸਥਾਨ ਮਲੇਰ ਕੋਟਲਾ ਸੜਕ ’ਤੇ ਸਨਅਤੀ ਸ਼ਹਿਰ ਲੁਧਿਆਣਾ ’ਤੋਂ 9 ਕਿਲੋਮੀਟਰ ਤੇ ਅਹਿਮਦ ਗੜ੍ਹ ਸ਼ਹਿਰ ਤੋਂ 18 ਕਿਲੋਮੀਟਰ ਦੀ ਦੂਰੀ ’ਤੇ ਸਥਿਤ ਹੈ।





ਤਸਵਿੰਦਰ ਸਿੰਘ ਬੜੈਚ
98763-22677

# ਸਿੱਖ ਸਮਾਜ ਵਿੱਚ “ਰਾਮਦਾਸੀਆ ਸਿੱਖ” ਭਾਈਚਾਰਾ



ਅਵਤਾਰ ਸਿੰਘ

ਸਿੱਖ ਸਮਾਜ ਵਿੱਚ ਕਿਸੇ ਸਮੇਂ ਖਾਲਸਾ ਬ੍ਰਾਦਰੀਆਂ ਦਾ ਨਿਰਮਾਣ ਹੋਇਆ ਸੀ, ਜਿਨ੍ਹਾਂ ਵਿੱਚ "ਰਾਮਦਾਸੀਆ ਸਿੱਖ" ਭਾਈਚਾਰਾ ਵੀ ਸ਼ਾਮਲ ਸੀ। ਵਰਣਾਸ਼ਰਮ ਅਨੁਸਾਰ ਸ਼ੂਦਰ ਸਮਝੇ ਜਾਂਦੇ, ਕੱਪੜਾ ਬੁਣਕੇ ਲੁਕਾਈ ਦਾ ਨੰਗ ਢਕਣ ਵਾਲੇ, ਜੁਲਾਹਾ ਜਾਤੀ ਦੇ ਲੋਕ, ਸ੍ਰੀ ਗੁਰੂ ਰਾਮਦਾਸ ਜੀ ਵੱਲੋਂ ਜਾਰੀ, ਸੱਚ ਖੰਡ ਸ੍ਰੀ ਹਰਿਮੰਦਰ ਸਾਹਿਬ ਵਾਲੇ ਸਰੋਵਰ ਦੀ ਖੁਦਾਈ ਕਰ ਰਹੇ ਸਨ।

ਸੁਵਰਣ ਜਾਤੀ ਦੇ ਲੋਕਾਂ ਨੇਂ ਇਤਰਾਜ ਕੀਤਾ ਕਿ ਕਾਰ ਸੇਵਾ ਦੌਰਾਨ, ਅਛੂਤ ਲੋਕ ਸਾਡੇ ਨਾਲ ਛੂਹ ਰਹੇ ਹਨ। ਧੰਨ ਗੁਰੂ ਰਾਮਦਾਸ ਜੀ ਨੇ, ਜੁਲਾਹਾ ਜਾਤੀ ਦੇ ਉਨ੍ਹਾਂ ਲੋਕਾਂ ਨੂੰ ਗ਼ਲਵੱਕੜੀ 'ਚ ਲੈਕੇ ਆਖਿਆ, "ਇਹ ਅਛੂਤ ਨਹੀਂ, ਮੇਰੇ ਸਿੱਖ ਹਨ। ਇਨ੍ਹਾਂ ਦੇ ਗ਼ਲੇ ਲੱਗੋ, ਤੁਹਾਡੇ ਰੋਗ ਦੂਰ ਹੋਣਗੇ"।

ਉਸ ਦਿਨ ਤੋਂ ਅਛੂਤ ਸਮਝੇ ਜਾਂਦੇ, ਜੁਲਾਹਾ ਜਾਤੀ ਦੇ ਲੋਗ "ਰਾਮਦਾਸੀਏ ਸਿੱਖ" ਅਖਵਾਏ। ਆਰੀਆ ਸਮਾਜ ਦੇ ਮਹਾਂ ਵਿਦਵਾਨ ਪ੍ਰਚਾਰਕ, ਸੁਆਮੀ ਦਇਆ ਨੰਦ ਨੂੰ, ਗੁਰੂ ਸਾਹਿਬਾਨ ਦਾ ਨਿਰਾਦਰ ਕਰਨ ਤੋਂ ਰੋਕਣ ਲਈ, ਤਿੰਨ ਦਫਾ ਬਹਿਸ ਵਿੱਚ ਹਰਾਉਣ ਵਾਲੇ, ਗਿਆਨੀ ਦਿੱਤ ਸਿੰਘ ਜੀ ਦੇ ਪੂਰਵਜ, ਸ੍ਰੀ ਗੁਰੂ ਰਾਮਦਾਸ ਜੀ ਦੇ ਉਨ੍ਹਾਂ ਸਿੱਖਾਂ ਵਿੱਚ ਸ਼ਾਮਲ ਸਨ, ਜੋ ਕਿਸੇ ਪਿੰਡੋਂ ਉਠ ਕੇ ਅੰਮ੍ਰਿਤਸਰ ਗਏ, ਉਥੋਂ ਬੰਗੇ ਜਾ ਵੱਸੇ, ਫਿਰ ਦੁਪਾਲਪੁਰ ਚਲੇ ਗਏ, ਉਥੋਂ ਨੰਦਪੁਰ ਕਲੌੜ ਜਾ ਡੇਰੇ ਲਾਏ ਅਤੇ ਉਥੋਂ ਅਜਿਹੇ ਉੱਠੇ ਕਿ ਚੈਨ ਨਾਲ ਮੁੜ ਕਿਤੇ ਵੀ ਨਾ ਬੈਠ ਸਕੇ।

ਇਸੇ ਗਿਆਨੀ ਦਿੱਤ ਸਿੰਘ ਬਾਬਤ 'ਕਿਛੁ ਸੁਣੀਐ ਕਿਛੁ ਕਹੀਐ' ਵਿੱਚ ਦੱਸਿਆ ਗਿਆ ਹੈ ਕਿ ਉੱਚ ਜਾਤੀ ਦੇ ਭਰਮ 'ਚ ਗ੍ਰੱਸੇ ਹੋਏ ਸਿੰਘ ਸਭੀਏ "ਕੜਾਹ ਪ੍ਰਸ਼ਾਦ ਦੀ ਦੇਗ ਨੂੰ ਉਸ ਵੇਲੇ ਤੱਕ ਨੇੜੇ ਨਾ ਫਟਕਣ ਦਿੰਦੇ ਜਦੋਂ ਤੱਕ ਗਿਆਨੀ ਜੀ ਭਾਸ਼ਣ ਕਰਕੇ ਮੰਚ ਤੋਂ ਹੇਠਾਂ ਨਾ ਉਤਰ ਜਾਂਦੇ, ਤਾਂ ਕਿ ਇਹਨਾਂ ਦੀ ਭਿਟ ਕੜਾਹ ਪ੍ਰਸ਼ਾਦ ਨੂੰ ਨਾ ਲੱਗ ਜਾਵੇ"।

ਧੰਨ ਗੁਰੂ, ਧੰਨ ਸਿੱਖੀ ਅਤੇ ਧੰਨ ਸਿੱਖ! ਸਿੱਖ ਰਹੁਰੀਤ ਵਾਲੇ ਗ੍ਰੰਥ 'ਪ੍ਰੇਮ ਸੁਮਾਰਗ' ਵਿੱਚ ਲਿਖਿਆ ਹੈ: "ਸੰਜੋਗ ਐਸੀ ਕੁੱਲ ਵਿਖੈ ਕਰੈ ਜਿੱਥੇ ਸਿੱਖੀ ਅਕਾਲ ਪੁਰਖ ਦੀ ਹੋਵੇ, ਖਾਲਸਾ ਹੈ, ਗਰੀਬ ਹੈ, ਕਿਰਤੀ ਹੈ, ਤਹਾਂ ਸੰਜੋਗ ਬਿਨਾਂ ਪੁੱਛੇ ਕਰੇ, ਉਸਕੀ ਸ੍ਰੀ ਗੁਰੂ ਅਕਾਲ ਪੁਰਖ ਨਾਲ ਬਣ ਆਵੈ, ਮਾਯਾ ਧਨ ਦੇਖੈ ਨਾਹੀ"। ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੀ ਬੇਟੀ ਦਾ ਸੰਜੋਗ ਸ੍ਰੀ ਗੁਰੂ ਰਾਮਦਾਸ ਪਾਤਸ਼ਾਹ ਨਾਲ ਰਚਾਇਆ ਸੀ, ਜੋ ਯਤੀਮ ਸਨ ਅਤੇ ਰੇੜ੍ਹੀ ਲਗਾਉਂਦੇ ਸਨ।

ਗਰੀਬ ਕਿਰਤੀ ਹੀ ਹੁੰਦੇ ਹਨ ਤੇ ਕਿਰਤੀ ਇਮਾਨਦਾਰ ਹੀ ਹੁੰਦੇ ਹਨ। ਗਰੀਬੀ, ਕਿਰਤ ਅਤੇ ਇਮਾਨਦਾਰੀ ਪਰਿਆਇਵਾਚੀ ਸ਼ਬਦ ਹਨ। ਇਸ ਤ੍ਰੈ ਨੁਕਾਤੀ ਅਭਿਆਸ ਦੇ ਮਹਾਨ ਸੰਸਥਾਪਕ, ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ 'ਤੇ ਸਭ ਮਾਈ ਭਾਈ ਨੂੰ ਲੱਖ ਲੱਖ ਮੁਬਾਰਕ ਹੋਵੇ। ਆਉ, ਅੱਜ ਦੇ ਇਸ ਪਵਿੱਤਰ ਦਿਹਾੜੇ 'ਤੇ ਗੁਰੂ ਦੇ ਦਰਸਾਏ ਦਰਪਣ ਵਿੱਚ ਆਪਣਾ ਦੀਦਾਰ ਕਰੀਏ।

*******************


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
’ਦੇਸ਼ ਦੁਆਬਾ’ ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਭਗਵਾਨ ਵਾਲਮੀਕ ਪ੍ਰਗਟ ਦਿਵਸ ਤੇ ਮਹਾਂਨਗਰ ਵਿਚ ਕੱਢੀ ਸ਼ੋਭਾ ਯਾਤਰਾ





**ਜਲੰਧਰ–** ਭਗਵਾਨ ਵਾਲਮੀਕ ਮਹਾਰਾਜ ਦੇ ਪ੍ਰਗਟ ਦਿਵਸ ਦੇ ਸਬੰਧੀ ਵਿਚ ਭਗਤਾਂ ਨੇ ਬੀਤੇ ਬੁੱਧਵਾਰ ਨੂੰ ਵਿਸ਼ਾਲ ਸ਼ੋਭਾ ਯਾਤਰਾ ਕੱਢੀ। ਸ਼ੋਭਾ ਯਾਤਰਾ ਦਾ ਥਾਂ–ਥਾਂ ਤੇ ਫੁੱਲਾਂ ਨਾਲ ਸਵਾਗਤ ਕੀਤਾ ਗਿਆ। ਸੰਗਤ ਦੇ ਲਈ ਲੰਗਰ ਵੀ ਲਗਾਇਆ ਗਿਆ। ਸਿਟੀ ਵਾਲਮੀਕ ਸਭਾ ਵੱਲੋਂ ਨਹਿਰੂ ਗਾਰਡਨ ਦੇ ਕੋਲ ਸਟੇਜ ਲਗਾਈ ਗਈ ਸੀ, ਜਿਸ ਵਿਚ ਪੰਜਾਬ ਐਸ. ਸੀ. ਕਮਿਸ਼ਨ ਦੇ ਚੇਅਰਮੈਨ ਰਾਜੇਸ਼ ਬਾਘਾ, ਪ੍ਰਧਾਨ ਅੰਮ੍ਰਿਤ ਖੋਸਲਾ, ਰਾਜੇਸ਼ ਭੱਟੀ, ਰਾਜੇਸ਼ ਪਦਮ, ਰਾਜਕੁਮਾਰ ਰਾਜੂ ਅਤੇ ਹੋਰ ਲੋਕਾਂ ਨੂੰ ਸਨਮਾਨਿਤ ਕੀਤਾ ਗਿਆ। ਭਗਵਾਨ ਵਾਲਮੀਕ ਉਤਸਵ ਕਮੇਟੀ ਦੀ ਸਰਕੂਲਰ ਰੋਡ ਤੇ ਵੀ ਸਟੇਜ ਲਗਾਈ ਗਈ ਸੀ, ਜਿਸ ਵਿਚ ਚੇਅਰਮੈਨ ਸੁਭਾਸ਼ ਸੌਂਧੀ, ਵਿਪਨ ਸਭਰਵਾਲ, ਜਤਿੰਦਰ ਨਿੱਕਾ ਅਤੇ ਹੋਰ ਲੋਕਾਂ ਨੂੰ ਸਨਮਾਨਿਤ ਕੀਤਾ ਗਿਆ। ਸ਼ਿਵ ਸੈਨਾ ਹਿੰਦੁਸਤਾਨ ਦੇ ਪੰਜਾਬ ਪ੍ਰਧਾਨ ਕਪਿਲ ਵਰਮਾ, ਵਾਈਸ ਪ੍ਰਧਾਨ ਭੂਸ਼ਣ ਬਾਬੀ, ਪੰਜਾਬ ਐਸ. ਸੀ. ਕਮਿਸ਼ਨ ਦੇ ਚੇਅਰਮੈਨ ਰਾਜੇਸ਼ ਬਾਘਾ, ਸਾਬਕਾ ਕੈਬਨਿਟ ਮੰਤਰੀ ਅਵਤਾਰ ਹੈਨਰੀ, ਪ੍ਰਮੁੱਖ ਪੱਤਰਕਾਰ ਅਵਿਨਾਸ਼ ਚੋਪੜਾ, ਵਿਧਾਇਕ ਰਿੰਕੂ, ਕਾਂਗਰਸ ਵਿਚ ਮੰਤਰੀ ਸਾਧੂ ਸਿੰਘ ਧਰਮਸੋਤ, ਬਲਬੀਰ ਕੌਰ, ਜਸਲੀਨ ਸੇਠੀ, ਰਣਜੀਤ ਕੌਰ ਰਾਣੋ ਵੀ ਮੌਜੂਦ ਸਨ।

# ਜਿਲਾ ਜਥੇਬੰਦੀ ਚੋਣ ਸਬੰਧੀ ਬਟਾਲਾ ਤਹਿਸੀਲ ਦੇ ਲੈਕਚਰਾਰਾਂ ਦੀ ਹੋਈ ਮੀਟਿੰਗ

**ਬਟਾਲਾ (ਬਰਨਾਲ)–** ਸਿਖਿਆ ਵਿਭਾਗ ਵਿੱਚ ਕੰਮ ਕਰ ਰਹੇ ਲੈਕਚਰਾਰਾਂ ਦੀ ਹੋਣ ਵਾਲੀ ਜਿਲਾ ਪੱਧਰ ਦੀ ਚੋਣ ਸਬੰਧੀ ਰਣਨੀਤੀ ਤਿਆਰ ਕਰਨ ਲਈ ਬੀਤੇ ਦਿਨ ਬਟਾਲਾ ਤਹਿਸੀਲ ਦੇ ਲੈਕਚਰਾਰਾਂ ਦੀ ਵਿਸ਼ੇਸ਼ ਮੀਟਿੰਗ ਲੈਕ: ਆਗੂ ਬਲਰਾਜ ਸਿੰਘ ਬਾਜਵਾ ਦੀ ਅਗਵਾਈ ਹੇਠ ਬਟਾਲਾ ਵਿਖੇ ਕੀਤੀ ਗਈ ਜਿਸ ਦੌਰਾਨ ਗੌਰਮਿੰਟ ਟੀਚਰ ਯੂਨੀਅਨ( ਵਿ:) ਦੇ ਜਿਲਾ ਪ੍ਰਧਾਨ ਸ: ਸੋਮ ਸਿੰਘ, ਅਧਿਆਪਕ ਦਲ ਦੇ ਜਿਲਾ ਜਨਰਲ ਸਕੱਤਰ ਸ: ਰਵਿੰਦਰਜੀਤ ਸਿੰਘ ਪਨੂੰ ਅਤੇ ਸਾਇੰਸ ਟੀਚਰ ਐਸੋਸੀਏਸ਼ਨ ਦੇ ਸੂਬਾ ਆਗੂ ਤਰਸੇਮ ਪਾਲ ਸ਼ਰਮਾ ਵੱਲੋਂ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ ਗਈ। ਇਸ ਮੀਟਿੰਗ



ਦੌਰਾਨ ਵੱਖ ਵੱਖ ਬੁਲਾਰੇ ਆਗੂਆਂ ਲੈਕ: ਨਰਿੰਦਰ ਸਿੰਘ ਬਰਨਾਲ, ਲੈਕ: ਭੁਪਿੰਦਰ ਸਿੰਘ, ਲੈਕ: ਬਲਜਿੰਦਰ ਸਿੰਘ, ਲੈਕ: ਜਤਿੰਦਰ ਸਿੰਘ, ਲੈਕ: ਅਜੇ ਅਰੋੜਾ, ਲੈਕ: ਗੁਰਮੀਤ ਸਿੰਘ ਭੋਮਾ, ਲੈਕ: ਕੰਸ ਰਾਜ, ਲੈਕ: ਦਵਿੰਦਰ ਸਿੰਘ ਨੇ ਲੈਕਚਰਾਰ ਯੂਨੀਅਨ ਦੀਆਂ ਜਿਲਾ ਪੱਧਰੀ ਚੋਣ ਸਬੰਧੀ ਵਿਸਥਾਪੂਰਵਕ ਚਾਨਣਾ ਪਾਇਆ। ਇਸ ਮੌਕੇ ਬਲਾਕ ਪੱਧਰ ਤੇ ਮੈਂਬਰਸ਼ਿਪ ਕਰ ਕੇ ਲੈਕਚਰਾਰਾਂ ਦੇ ਹੱਕਾਂ ਦੀ ਰਾਖੀ ਕਰਨ ਲਈ ਵਧੀਆ ਸੋਚ ਰੱਖਣ ਵਾਲੇ ਅਤੇ ਮਿਹਨਤੀ ਆਗੂ ਚੁਣ ਕੇ ਜਿਲਾ ਪੱਧਰ ਤੇ ਵਧੀਆ ਟੀਮ ਤਿਆਰ ਕਰਨ ਲਈ ਵਿਚਾਰ ਵਟਾਂਦਰਾ ਕੀਤਾ ਗਿਆ ਤਾਂ ਜੋ ਲੈਕਚਰਾਰਾਂ ਨੂੰ ਆ ਰਹੀਆਂ ਮੁਸ਼ਕਿਲਾਂ ਅਤੇ ਜ਼ਾਇਜ਼ ਮੰਗਾਂ ਸਿਖਿਆ ਵਿਭਾਗ ਕੋਲੋਂ ਹੱਲ ਕਰਵਾਈਆਂ ਜਾ ਸਕਣ। ਇਸ ਮੌਕੇ ਹਰੇਕ ਬਲਾਕ ਵਿੱਚ ਬਲਾਕ ਪੱਧਰ ਤੇ ਅਹੁਦੇਦਾਰ ਨਿਯੁਕਤ ਕਰਨ ਤੋਂ ਬਾਅਦ ਹੀ ਲੋਕਤੰਤਰੀ ਤਰੀਕੇ ਨਾਲ ਜਿਲਾ ਪੱਧਰ ਤੇ ਨਿਯੁਕਤੀਆਂ ਕਰਨ ਸਬੰਧੀ ਵੀ ਵਿਚਾਰ ਵਟਾਂਦਰਾ ਵੀ ਕੀਤਾ ਗਿਆ। ਇਸ ਮੀਟਿੰਗ ਦੌਰਾਨ ਨਵੇਂ ਪਦਉਨਤ ਹੋਏ ਲੈਕਚਰਾਰਾਂ ਦੀਆਂ ਰੁਕੀਆਂ ਤਨਖਾਹਾਂ ਜਾਰੀ ਕਰਨ, ਸਮਾਂ ਬੱਧ ਪਦ ਉਨਤੀਆਂ ਕਰਨ, ਛੇਵੇਂ ਪੇ ਕਮਿਸ਼ਨ ਦੀ ਰਿਪੋਰਟ ਲਾਗੂ ਕਰਨ, ਫਿਜਿਕਸ ਦੇ ਰਹਿੰਦੇ ਲੈਕਚਰਾਰਾਂ ਨੂੰ ਸਟੇਸ਼ਨ ਅਲਾਟ ਕਰਨ ਸਬੰਧੀ ਸਿਖਿਆ ਵਿਭਾਗ ਤੋਂ ਮੰਗ ਕੀਤੀ ਗਈ। ਇਸ ਮੀਟੰਗ ਦੌਰਾਨ ਲੈਕ: ਸਤਨਾਮ ਸਿੰਘ, ਲੈਕ:ਜਤਿੰਦਰਪਾਲ ਸਿੰਘ, ਲੈਕ: ਰਾਜਿੰਦਰ ਸਿੰਘ, ਲੈਕ: ਮੰਗਲ ਸਿੰਘ, ਲੈਕ: ਰਾਜਵਿੰਦਰ ਸਿੰਘ, ਲੈਕ: ਰਣਬੀਰਪਾਲ ਸਿੰਘ, ਲੈਕ: ਅਰੁਣਜੀਤ ਸਿੰਘ, ਲੈਕ: ਪ੍ਰਵੀਨ ਕੁਮਾਰ, ਲੈਕ: ਨਰੇਸ਼ ਕੁਮਾਰ, ਲੈਕ: ਅਸ਼ੋਕ ਕੁਮਾਰ, ਲੈਕ: ਰਾਜੇਸ਼ ਕੁਮਾਰ, ਲੈਕ: ਪ੍ਰਭਾਤ ਭੂਸ਼ਣ ਸ਼ਰਮਾ ਸਮੇਤ ਵੱਡੀ ਗਿਣਤੀ ਵਿੱਚ ਲੈਕਚਰਾਰ ਹਾਜ਼ਰ ਸਨ।

# ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਦੀਵਾਲੀ ਪ੍ਰੋਗਰਾਮ 19 ਅਕਤੂਬਰ ਨੂੰ

**ਪਿਟਸਬਰਗ (ਡੀ. ਡੀ. ਬੀ.)–** ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਵੱਲੋਂ ਦੀਵਾਲੀ ਦਾ ਤਿਉਹਾਰ ਗੁਰੂ ਘਰ ਵਿਖੇ 19 ਅਕਤੂਬਰ 2017 ਦਿਨ ਵੀਰਵਾਰ ਨੂੰ ਮਨਾਇਆ ਜਾ ਰਿਹਾ ਹੈ। ਇਸ ਮੌਕੇ ਸੁਖਮਨੀ ਸਾਹਿਬ ਦੇ ਪਾਠ ਸ਼ਾਮੀ 6 ਵਜੇ ਆਰੰਭ ਕੀਤੇ ਜਾਣਗੇ। ਸੁਖਮਨੀ ਸਾਹਿਬ ਪਿਟਸਬਰਗ ਦੇ ਪਾਠ ਅਤੇ ਕੀਰਤਨ ਦਰਮਿਆਨ ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਸਮੂਹ ਸਾਧ ਸੰਗਤ ਨੂੰ ਕਮੇਟੀ ਵੱਲੋਂ ਬੇਨਤੀ ਹੈ ਕਿ ਇਸ ਪਾਵਨ ਦਿਹਾੜੇ ਤੇ ਗੁਰੂ ਘਰ ਹਾਜ਼ਰੀਆਂ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ। ਹੋਰ ਜਾਣਕਾਰੀ ਲਈ ਸੰਪਰਕ ਕਰੋ ਗੁਰੂ ਘਰ 925-439-2355


Capital Services, ਸੈਕਰਾਮੈਂਟੋ

ਟਰੱਕਾਂ ਵਾਲਿਆਂ ਲਈ ਹੁਣ IRP ਪਲੇਟਾਂ ਲੈਣੀਆਂ ਹੋਈਆਂ ਅਸਾਨ !
ਸੈਕਰਾਮੈਂਟੋ, ਕੈਲੀਫੋਰਨੀਆਂ ਤੋਂ ਲਵੋ ਤੁਰੰਤ IRP Plates

IRP Plates for 48 States- Same day Plates

TRUCKING SERVICES:

IRP PLATES
IFTA- FUEL TAX RETURNS
MC, US DOT #
CA #, MCP, EPN ENROLLMENTS
TITLE TRANSFER

Capital services

PERSONAL CAR SERVICES:
(Approved by CA DMV )

ਕਾਰਾਂ ਦੀ ਤੁਰੰਤ ਟ੍ਰਾਂਸਫਰ
ਕਾਰਾਂ ਦੀਆਂ ਤੁਰੰਤ ਪਲੇਟਾਂ ਤੇ ਸਟਿੱਕਰ,
ਡੁਪਲੀਕੇਟ ਟਾਈਟਲ ਤੇ ਹੋਰ

Vin Verification (Approved by CA DMV
ਕਰਵਾਉਣ ਲਈ ਲਈ ਵੀ ਸੰਪਰਕ ਕਰੋ

INSURANCE SERVICES:
ਕਿਸੇ ਤਰਾਂ ਦੀ ਵੀ ਇੰਸ਼ੋਰੈਂਸ ਲੈਣ ਲਈ
COVERED CALIFORNIA (ਓਬਾਮਾ ਕੇਅਰ)
*Auto *Home *Business *Truck *Life
*Medical *Special Events & others

ਹੋਰ ਸੇਵਾਵਾਂ
ਵੀਜਾ ਤੇ ਪਾਸਪੋਰਟ * ਫੈਮਲੀ ਪਟੀਸ਼ਨ * ਸਰੈਂਡਰ ਸਰਟੀਫਿਕੇਟ * ਓ ਸੀ ਆਈ
* ਗਰੀਨ ਕਾਰਡ * ਸਿਟੀਜਨਸ਼ਿਪ * ਐਫੀਡੇਵਿਟ ਆਫ ਸਪੋਰਟ ਆਦਿ

OTHER SERVICES:
Live Scan / Fingerprints, Notary Public/ ਨੋਟਰੀ ਪਬਲਿਕ, Mail Box
Business Cards, International Driver Lic.,
Translation Docs, Banners, Print, Copy, Fax etc.

For Legal Services,
Once a week Attorney
at your service.

ਕਿਸੇ ਵੀ ਜਾਣਕਾਰੀ ਲਈ Call (916) 427-4321

6624 Florin Road Sacramento CA 95828
Email : sacramento99@yahoo.com
Website : www.capitalservices.us



33 ਸਾਲਾਂ ਤੋਂ ਸਾਡੇ ਆਯੂਰਵੈਦਿਕ ਜੜ੍ਹੀਆਂ ਬੂਟੀਆਂ ਦੇ ਤਿੰਨ ਪੁਸ਼ਤੀ ਖਾਨਦਾਨੀ ਨੁਸਖਿਆਂ ਦੇ ਇਲਾਜ

ਹਰ ਉਮਰ 'ਚ
ਵਿਆਹ ਤੋਂ ਪਹਿਲਾਂ ਜਾਂ ਬਾਅਦ 'ਚ ਹੋਈ ਕਮਜ਼ੋਰੀ
ਹਰ ਮੌਸਮ 'ਚ

ਅਮਰ ਕੋਰਸ®

ਹਰ ਉਮਰ 'ਚ ਸੈਕਸ ਕਰੋ, ਜਵਾਨੀ ਦਾ ਅਨੰਦ ਮਾਣੋ

ਬੇਔਲਾਦ ਤੇ ਬਾਂਝਪਨ ਲਾ-ਇਲਾਜ ਨਹੀਂ
Nill ਸ਼ੁਕਰਾਣੂ ਵਾਲੇ ਜ਼ਰੂਰ ਮਿਲਣ

ਜ਼ਰੂਰੀ ਨੋਟ : ਦਵਾਈ ਦੇਸ਼-ਵਿਦੇਸ਼ ਵਿਚ ਡਾਕ ਰਾਹੀਂ ਭੇਜਣ ਦਾ ਖਾਸ ਪ੍ਰਬੰਧ ਹੈ।

ਸੈਕਸ 'ਚ ਪੂਰਾ ਜੋਸ਼ ਲਵੋ, ਮਨਚਾਹਾ ਸਮਾਂ ਲਗਾਓ, **ਸ਼ੂਗਰ ਜਾਂ ਵਧ ਰਹੀ ਉਮਰ ਕਾਰਨ ਹੋਈ ਕਮਜ਼ੋਰੀ,** ਵੀਰਜ ਪਤਲਾ, ਘੱਟ ਬਣਨਾ, ਧਾਂਤ, ਨਾਮਰਦੀ, ਸਮਾਂ ਘੱਟ ਲੱਗਣਾ, **ਸੁਪਨਦੋਸ਼,** ਵੀਰਜ ਪਤਲਾ, **ਬਚਪਨ ਦੀਆਂ ਗਲਤੀਆਂ ਨਾਲ ਹੋਈ ਕਮਜ਼ੋਰੀ,** ਸ਼ੁਕਰਾਣੂ ਘੱਟ ਬਣਨਾ ਜਾਂ ਬਿਲਕੁਲ ਨਾ ਹੋਣਾ, **ਪੂਰਾ ਅਮਰ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।**



ਵੈਦ ਅਮਰਜੀਤ ਅਮਰ

ਸਪੈਸ਼ਲ ਅਮਰ ਤਿੱਲਾ ਮਾਲਸ਼ ਕਰਨ ਨਾਲ ਲੰਬਾਈ, ਮੋਟਾਈ, ਸਖਤਾਈ, ਢਿੱਲਾਪਣ, ਟੇਢਾਪਨ ਨਸਾਂ ਕਮਜ਼ੋਰ ਠੀਕ ਹੋ ਜਾਂਦੀਆਂ ਹਨ। ਸਾਡੇ ਆਯੂਰਵੈਦਿਕ ਜੜ੍ਹੀਆਂ ਬੂਟੀਆਂ ਦੇ ਤਿੰਨ ਪੁਸ਼ਤੀ ਖਾਨਦਾਨੀ ਨੁਸਖਿਆਂ ਦੇ ਗਾਰੰਟੀਸ਼ੁਦਾ ਇਲਾਜ ਲਈ ਮਿਲੋ ਜਾਂ ਫੋਨ ਕਰੋ।

ਦਵਾਈ ਦਾ ਅਸਰ ਪਹਿਲੇ ਦਿਨ ਤੋਂ ਸ਼ੁਰੂ

ਔਰਤਾਂ ਦੀ ਸੁੰਦਰਤਾ ਦਾ ਦੁਸ਼ਮਣ (ਸਫੈਦ ਪਾਣੀ ਲਕੋਰੀਆ)
ਛਾਤੀ ਸੁੰਗੜਨਾ, ਛੋਟੀ ਹੋਣਾ, ਢਿੱਲਾਪਨ, ਛਾਈਆਂ ਠੰਡਾਪਨ, (ਚੌੜੀ ਯੋਨੀ), ਖੁੱਲਾਪਨ, ਗਿੱਲਾਪਨ, ਹਿੱਪ ਭਾਰੀ, (ਮੋਟਾਪਾ), ਕਮਰ ਦਰਦ, ਸੰਭੋਗ ਨੂੰ ਮਨ ਨਾ ਕਰਨਾ।
ਭਾਰ ਘਟਣਾ ਬਿਨਾਂ ਆਪ੍ਰੇਸ਼ਨ ਆਰਾਮ
ਸਾਡੀ ਦਵਾਈ ਨਾਲ ਕੋਈ Side Effect ਨਹੀਂ ਹੁੰਦਾ

ਤੁਰੰਤ ਪੁੱਛਣ ਲਈ
+91-98140-29888
+91-98141-29888
+91-98763-39888

ਸਾਡਾ ਪੂਰਾ ਪਤਾ : ਤਿੰਨ ਪੁਸ਼ਤੀ ਖਾਨਦਾਨੀ ਵੈਦ
ਅਮਰ ਦਵਾਖਾਨਾ (ਰਜਿ.)
ਇਨੋਸੈਂਟ ਸਕੂਲ ਰੋਡ, ਗਰੀਨ ਮਾਡਲ ਟਾਊਨ, ਜਲੰਧਰ (ਪੰਜਾਬ) ਭਾਰਤ।
ਫੋਨ : 91-181-2275777 ਫੈਕਸ : 91-181-2461888 ਸਮਾਂ 9 ਤੋਂ 8 ਵਜੇ ਤੱਕ ਐਤਵਾਰ 3 ਵਜੇ ਤੱਕ
website : www.amardawakhana.com email : amardawakhana@rediffmail.com

# ਜੀਅ ਤਾਂ ਸਾਡਾ ਵੀ ਨਹੀਂ ਕਰਦਾ, ਕੀ ਕਰੀਏ ਮਜਬੂਰੀ ਹੈ

**ਅੱਜਕਲ੍ਹ ਸਾਰੇ ਅਖਬਾਰਾਂ ਵਿਚ ਗ੍ਰੀਨ ਟ੍ਰਿਬਿਊਨਲ ਤੇ ਸਰਕਾਰਾਂ ਵੱਲੋਂ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਦੀ ਨਸੀਹਤ ਦਿੱਤੀ ਜਾ ਰਹੀ ਹੈ ਤੇ ਕਿਸਾਨਾਂ ਨੇ ਸਰਕਾਰ ਨੂੰ ਟਕਰਾਅ ਨਾ ਕਰਨ ਦੀ ਧਮਕੀ ਦਿੱਤੀ ਹੈ, ਜਿਸ ਕਰਕੇ ਦੋਵੇਂ ਧਿਰਾਂ ਦੀ ਆਪਣੀ ਅੜੀ ਹੈ। ਪੇਸ਼ ਹਨ ਕਿਸਾਨਾਂ ਨਾਲ ਪਰਾਲੀ ਨਾ ਸਾੜਨ ਦੇ ਮੁੱਦੇ 'ਤੇ ਕੀਤੀ ਗਈ ਗੱਲਬਾਤ ਦੇ ਕੁਝ ਅੰਸ਼:**


ਚਮਕੌਰ ਸਿੰਘ ਗਿੱਲ


ਕਿਹਰ ਸਿੰਘ


ਹਰੀ ਸਿੰਘ ਗਿੱਲ


ਰੇਸ਼ਮ ਸਿੰਘ ਬਰਾੜ

ਚਮਕੌਰ ਸਿੰਘ ਗਿੱਲ ਨੇ ਸਰਕਾਰ 'ਤੇ ਦੋਸ਼ ਲਾਉਂਦਿਆਂ ਕਿਹਾ ਕਿ ਜੋ ਪ੍ਰਦੂਸ਼ਣ ਥਰਮਲ ਪਲਾਂਟਾਂ ਵਿਚੋਂ, ਭੱਠਿਆਂ ਤੇ ਫੈਕਟਰੀਆਂ ਦੀਆਂ ਚਿਮਨੀਆਂ ਵਿਚੋਂ ਨਿਕਦਾ ਹੈ, ਉਹ ਨਾ ਤਾਂ ਗ੍ਰੀਨ ਟ੍ਰਿਬਿਊਨਲ ਨੂੰ ਦਿਸਦਾ ਹੈ ਤੇ ਨਾ ਹੀ ਸਰਕਾਰ ਨੂੰ ਦਿਸਦਾ ਹੈ। ਹੋਰ ਤਾਂ ਹੋਰ ਵੱਡੇ ਸ਼ਹਿਰਾਂ ਦੀਆਂ ਫੈਕਟਰੀਆਂ ਵਿਚੋਂ ਨਿਕਲਦਾ ਰੋਜ਼ਾਨਾ ਪਾਣੀ ਜੋ ਦਰਿਆਵਾਂ ਰਾਹੀ ਹੁੰਦਾ ਹੋਇਆ ਖੇਤਾਂ ਨੂੰ ਲੱਗਦਾ ਹੈ। ਉਹ ਖੇਤਾਂ ਲਈ ਤੇ ਸਰੀਰ ਲਈ ਨੁਕਸਾਨਦੇਹ ਹੈ। ਇਸ ਨੂੰ ਤਾਂ ਕੋਈ ਰੋਕਦਾ ਨਹੀਂ। ਜੇਕਰ ਸਰਕਾਰ ਨੇ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਲਾਉਣ ਤੋਂ ਰੋਕਣਾ ਹੈ ਤਾਂ ਬਦਲਵੇਂ ਪ੍ਰਬੰਧ ਕਰਨੇ ਪੈਣਗੇ।

ਕਿਸਾਨ ਕਿਹਰ ਸਿੰਘ ਨੇ ਕਿਹਾ ਕਿ ਪਰਾਲੀ ਨੂੰ ਜੇਕਰ ਸਾੜਨ ਤੋਂ ਬਚਾਉਣਾ ਹੈ ਤਾਂ ਸਰਕਾਰ ਨੂੰ 3 ਹਜ਼ਾਰ ਰੁਪਏ ਪ੍ਰਤੀ ਏਕੜ ਖਰਚਾ ਦੇਣਾ ਚਾਹੀਦਾ ਹੈ। ਇਸੇ ਤਰ੍ਹਾਂ ਹੀ ਝੋਨੇ ਦੀ ਕਟਾਈ ਤੇ ਖੇਤੀ ਦੇ ਹੋਰ ਬਦਲਵੇਂ ਸੰਦਾਂ ਲਈ ਸਰਕਾਰ ਨੂੰ ਘੱਟੋ ਘੱਟ 90 ਫੀਸਦੀ ਸਬਸਿਡੀ ਤੇ ਮੁਹੱਈਆ ਕਰਵਾਉਣੇ ਚਾਹੀਦ ਹਨ। ਤਾਂ ਹੀ ਕਿਸਾਨਾਂ ਨੂੰ ਪਰਾਲੀ ਸਾੜਨ ਤੋਂ ਰੋਕਣ ਲਈ ਤਿਆਰ ਕੀਤਾ ਜਾ ਸਕਦਾ ਹੈ। ਚਿੱਤ ਤਾਂ ਸਾਡਾ ਵੀ ਨਹੀਂ ਕਰਦਾ ਕਿ ਪਰਾਲੀ ਨੂੰ ਅੱਗ ਲਾਈਏ ਪਰ ਮਜਬੂਰੀ ਵੱਸ ਹੀ ਲਾਉਣੀ ਪੈਂਦੀ ਹੈ।

ਪਿੰਡ ਘੱਲ ਕਲਾਂ ਦੇ ਸਫਲ ਕਿਸਾਨ ਹਰੀ ਸਿੰਘ ਗਿੱਲ ਦਾ ਪਰਾਲੀ ਸਾੜਨ ਦੇ ਮਾਮਲੇ ਵਿਚ ਇਹ ਕਹਿਣਾ ਹੈ ਕਿ ਸਾਨੂੰ ਪਤਾ ਹੈ ਕਿ ਪਰਾਲੀ ਦੇ ਧੂੰਏ ਜਾਂ ਹੋਰ ਚੀਜ਼ਾਂ ਵਿਚੋਂ ਨਿਕਲਦਾ ਧੂੰਆ ਅਨੇਕਾਂ ਹੀ ਬਿਮਾਰੀਆਂ ਦੀ ਜੜ ਹੈ। ਪਰ ਕਿਸਾਨ ਪਹਿਲਾਂ ਹੀ ਆਰਥਿਕ ਸੰਕਟ ਨਾਲ ਜੂਝ ਰਿਹਾ ਹੈ। ਸਰਕਾਰ ਜਾਂ ਪ੍ਰਸ਼ਾਸਨ ਸਾਡਾ ਪਰਾਲੀ ਵਾਲਾ ਖੇਤ ਇਕ ਵਾਰ ਕਣਕ ਦੀ ਬਿਜਾਈ ਲਈ ਬਣਾ ਕੇ ਦਿਖਾ ਦੇਵੇ ਤਾਂ ਅਸੀਂ ਕਿਸਾਨ ਪਰਾਲੀ ਨੂੰ ਅੱਗ ਨਹੀਂ ਲਾਵਾਂਗੇ। ਪਰਾਲੀ ਨੂੰ ਕੁਤਰਾ ਕਰਕੇ ਜ਼ਮੀਨ ਵਿਚ ਜਜ਼ਬ ਕਰਨ ਤੇ ਖਰਚਾ ਬਹੁਤ ਆਉਂਦਾ ਹੈ। ਜੋ ਕਿਸਾਨ ਦੇ ਵੱਸੋਂ ਬਾਹਰੀ ਗੱਲ ਹੈ।

ਰੇਸ਼ਮਾ ਸਿੰਘ ਬਰਾੜ ਦਾ ਕਹਿਣਾ ਹੈ ਕਿ ਪਰਾਲੀ ਨੂੰ ਸਾੜਨ ਤੋਂ ਸਿਵਾ ਕਿਸਾਨ ਕੋਈ ਵੀ ਚਾਰਾ ਨਹੀਂ ਰਹਿ ਜਾਂਦਾ। ਜੋ ਖੇਤੀਬਾੜੀ ਨਾਲ ਸਬੰਧਤ ਸੰਦ ਖਰੀਦਦਾ ਹੈ, ਉਸ 'ਤੇ ਜੋ ਸਬਸਿਡੀ ਮਿਲਦੀ ਹੈ, ਉਹ ਉਸੇ ਵਕਤ ਹੀ ਮਿਲਣੀ ਚਾਹੀਦੀ ਹੈ ਨਾ ਕਿ ਛੇ ਮਹੀਨੇ ਜਾਂ ਸਾਲ ਬਾਅਦ। ਇਕ ਵਾਰ ਤਾਂ ਕਿਸਾਨਾਂ ਨੂੰ ਸੰਦਾਂ ਦੇ ਮੂਹਰੇ ਪੈਸੇ ਦੇਣੇ ਪੈਂਦੇ ਹਨ ਜੋ ਕਰਜੇ ਹੇਠ ਦੱਬੇ ਕਿਸਾਨਾਂ ਨਈ ਅਸਹਿ ਹੈ। ਇਸ ਲਈ ਪਰਾਲੀ ਸਾੜਨ ਤੇ ਕਿਸਾਨਾਂ ਦੀਆਂ ਗ੍ਰਿਫਤਾਰੀਆਂ ਤੇ ਜੁਰਮਾਨੇ ਮਸਲੇ ਦਾ ਹੱਲ ਨਹੀਂ ਹੈ। ਇਹ ਸਾਰਾ ਮਸਲਾ ਬਹਿ ਕੇ ਆਪਸੀ ਗੱਲਬਾਤ ਤੇ ਸਦਭਾਵਨਾ ਨਾਲ ਹੀ ਸੁਲਝਾਇਆ ਜਾ ਸਕਦਾ ਹੈ। **– ਡਾ. ਬਲਰਾਜ ਸਿੰਘ**

# ਅਮਰਿੰਦਰ ਸਰਕਾਰ ਦੀ ਨਵੀ ਉਦਯੋਗਿਕ ਨੀਤੀ ਦਾ ਐਲਾਨ 16 ਨੂੰ

**ਜਲੰਧਰ –** ਪੰਜਾਬ ਦੀ ਨਵੀਂ ਉਦਯੋਗਿਕ ਨੀਤੀ ਦਾ ਐਲਾਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਸਰਕਾਰ ਵਲੋਂ 16 ਅਕਤੂਬਰ ਨੂੰ ਕਰ ਦਿੱਤਾ ਜਾਵੇਗਾ। ਸਰਕਾਰੀ ਹਲਕਿਆਂ ਤੋਂ ਪਤਾ ਲੱਗਾ ਹੈ ਕਿ ਮੁੱਖ ਮੰਤਰੀ ਨੇ ਇਸ ਸੰਬੰਧ 'ਚ ਆਪਣੇ ਮੰਤਰੀ ਮੰਡਲ ਦੀ ਬੈਠਕ 16 ਨੂੰ ਚੰਡੀਗੜ੍ਹ 'ਚ ਬੁਲਾਈ ਹੈ, ਜਿਸ 'ਚ ਨਵੀਂ ਉਦਯੋਗਿਕ ਨੀਤੀ 'ਤੇ ਚਰਚਾ ਕਰਨ ਤੋਂ ਬਾਅਦ ਉਸ ਦੇ ਖਰੜੇ 'ਤੇ ਕੈਬਨਿਟ ਵਲੋਂ ਮੋਹਰ ਲਾ ਦਿੱਤੀ ਜਾਵੇਗੀ। ਪਿਛਲੇ ਲਗਭਗ ਤਿੰਨ ਮਹੀਨਿਆਂ ਤੋਂ ਨਵੀਂ ਉਦਯੋਗਿਕ ਨੀਤੀ ਨੂੰ ਲੈ ਕੇ ਮੁੱਖ ਮੰਤਰੀ ਦੀ ਅਗਵਾਈ ਹੇਠ ਕਈ ਬੈਠਕਾਂ ਚੰਡੀਗੜ੍ਹ 'ਚ ਹੋ ਚੁੱਕੀਆਂ ਹਨ, ਜਿਨ੍ਹਾਂ 'ਚ ਪੰਜਾਬ ਦੇ ਸੀਨੀਅਰ ਮੰਤਰੀਆਂ ਨੇ ਵੀ ਹਿੱਸਾ ਲਿਆ।

# ਭਗਵਾਨ ਵਾਲਮੀਕ ਜੀ ਦਾ ਪ੍ਰਗਟ ਦਿਵਸ ਮਨਾਇਆ ਗਿਆ

**ਘੱਲ ਕਲਾਂ–** ਪਿੰਡ ਘੱਲ ਕਲਾਂ ਵਿਖੇ ਭਗਵਾਨ ਵਾਲਮੀਕ ਪ੍ਰਬੰਧਕ ਕਮੇਟੀ ਵੱਲੋਂ ਪਾਵਨ ਗ੍ਰੰਥ ਰਮਾਇਣ ਦੇ ਰਚੇਤਾ ਭਗਵਾਨ ਸ੍ਰੀ ਵਾਲਮੀਕ ਜੀ ਦਾ ਪ੍ਰਗਟ ਦਿਵਸ ਧੂੰਮ ਧਾਮ ਅਤੇ ਸ਼ਰਧਾ ਭਾਵਨਾ ਨਾਲ ਭਗਵਾਨ ਵਾਲਮੀਕ ਮੰਦਰ ਵਿਖੇ ਮਨਾਇਆ ਗਿਆ। ਇਸ ਮੌਕੇ ਰੱਖੇ ਗਏ ਸ੍ਰੀ ਵਾਲਮੀਕ ਰਮਾਇਣ ਦੇ ਭੋਗ ਪਾਏ ਗਏ। ਅਰਦਾਸ ਉਪਰੰਤ ਭਾਈ ਸੁਖਜੀਤ ਸਿੰਘ ਜੀ ਦੇ ਕੀਰਤਨੀ ਜਥੇ ਵੱਲੋਂ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਰੱਬੀ ਬਾਣੀ ਨਾਲ ਜੋੜਿਆ ਗਿਆ।





ਇਸ ਮੌਕੇ ਭਾਈ ਸੁਖਜੀਤ ਸਿੰਘ ਜੀ ਨੇ ਭਗਵਾਨ ਸ੍ਰੀ ਵਾਲਮੀਕ ਜੀ ਦੀ ਜੀਵਨੀ ਤੇ ਚਾਨਣਾ ਪਾਉਂਦਿਆਂ ਕਿਹਾ ਕਿ ਭਾਰਤੀ ਸਮਾਜ ਵਿਚ ਫੈਲੀ ਛੂਆ-ਛਾਤ ਦੀ ਬੁਰਾਈ ਦੇ ਕਾਰਨ ਨੀਵੀਂ ਸਮਝੀ ਜਾਂਦੀ ਜਾਤ ਵਿਚ ਪੈਦਾ ਹੋਏ ਮਹਾਂਪੁਰਸ਼ ਭਗਵਾਨ ਵਾਲਮੀਕ ਜੀ ਨੂੰ ਆਪਣੇ ਕਾਲ ਸਮੇਂ ਵਿਚ ਜਾਤਪਾਤ ਦੇ ਅਨੇਕਾਂ ਠੇਕੇਦਾਰਾਂ ਨਾਲ ਟੱਕਰ ਲੈਣੀ ਪਈ। ਅੱਜ ਸਾਨੂੰ ਭਗਵਾਨ ਵਾਲਮੀਕ ਜੀ ਦੀਆਂ ਬਖਸ਼ਿਸ਼ ਕੀਤੀਆਂ ਹੋਈਆ ਸਿੱਖਿਆਵਾਂ ਉਪਰ ਚੱਲ ਕੇ ਆਪਣੇ ਜਾਤ-ਪਾਤ ਦੇ ਗਰੂਰ ਨੂੰ ਇਕ ਪਾਸੇ ਰੱਖ ਕੇ ਆਪਣੇ ਜੀਵਨ ਨੂੰ ਸੁਖਦਾਇਕ ਬਣਾਉਣਾ ਚਾਹੀਦਾ ਹੈ।

ਇਸ ਮੌਕੇ ਗੁਰੂ ਕਾ ਅਤੁੱਟ ਲੰਗਰ ਵਰਤਾਇਆ ਗਿਆ। ਇਸ ਮੌਕੇ ਭਗਵਾਨ ਵਾਲਮੀਕ ਪ੍ਰਬੰਧਕ ਕਮੇਟੀ ਦੇ ਸਮੂਹ ਅਹੁਦੇਦਾਰ, ਮੈਂਬਰ ਅਤੇ ਸੰਗਤਾਂ ਵੱਡੀ ਗਿਣਤੀ ਵਿਚ ਹਾਜ਼ਰ ਸਨ।

**– ਡਾ. ਬਲਰਾਜ ਸਿੰਘ ਘੱਲ ਕਲਾਂ, 98150-65177**

# ਮਸਲਾ ਲੰਗਾਹ-ਮਿਸਾਲ ਆਹ!



ਤਰਲੋਚਨ ਸਿੰਘ ਦੁਪਾਲਪੁਰ
001-408-915-1268
Email : tdupalpuri@yahoo.com

ਬਚਪਨ ਵੇਲੇ ਦੀ ਗੱਲ ਹੈ ਕਿ ਸਾਡੇ ਪਿੰਡ ਵਿਚਲੇ ਘਰ ਦੇ ਆਲੇ ਦੁਆਲੇ ਢੇਰਾਂ ਉਤੇ ਸਰਵਾੜ੍ਹ ਅਤੇ ਕੱਖ-ਕਾਨੇ ਬਹੁਤ ਹੁੰਦੇ ਸਨ। ਜੋ ਬਰਸਾਤ ਦੇ ਮੌਸਮ ਵਿਚ ਜੰਗਲ ਦਾ ਰੂਪ ਹੀ ਧਾਰ ਲੈਂਦੇ। ਇਸ ਕਰਕੇ ਸਾਡੇ ਆਂਢ-ਗੁਆਂਢ ਦੇ ਘਰਾਂ-ਵਾੜਿਆਂ ਵਿਚ ਸੱਪ-ਸਪੋਲੀਏ ਨਿਕਲਣੇ ਆਮ ਜਿਹੀ ਗੱਲ ਹੋ ਗਈ ਸੀ। ਅਕਸਰ ਰੋਜ਼ਾਨਾ ਹੀ ਕਿਸੇ ਨਾ ਕਿਸੇ ਘਰੋਂ ਸ਼ਾਮ ਪੈਂਦਿਆਂ ਹੀ 'ਸੱਪ ਉਏ ਸੱਪ ਉਏ' ਦਾ ਰੌਲਾ ਪੈ ਜਾਂਦਾ। ਰੇਡੀਓ-ਟੀ. ਵੀ. ਜਾਂ ਹੋਰ ਮਸ਼ੀਨਰੀ ਦੇ ਸ਼ੋਰ ਪ੍ਰਦੂਸ਼ਣ ਤੋਂ ਮੁਕੰਮਲ ਮੁਕਤ, ਉਦੋਂ ਦੇ ਸ਼ਾਂਤ ਮਾਹੌਲ ਵਿਚ 'ਸੱਪ ਉਏ' ਦੀਆਂ ਆਵਾਜ਼ਾਂ ਸੁਣ ਕੇ ਲਾਗ-ਪਾਗ ਦੇ ਮੁੰਡਿਆਂ-ਬੁੱਢਿਆਂ ਨੇ ਝੱਟ ਲਾਠੀਆਂ ਸੋਟੇ ਲੈ ਕੇ ਦੌੜ ਪੈਣਾ।

ਘਰ ਦੇ ਜਿਸ ਜੀਅ ਨੇ ਸੱਪ ਦੇਖਿਆ ਹੁੰਦਾ ਸੀ, ਉਸਨੇ ਦੂਰੋਂ ਖੜ੍ਹ ਕੇ ਉਂਗਲੀਆਂ ਨਾਲ ਇਸ਼ਾਰੇ ਕਰੀ ਜਾਣੇ ਤੇ ਬਾਕੀ ਜੀਆ-ਜੰਤ ਭੈਅਭੀਤ ਹੋ ਕੇ ਘਰੋਂ ਬਾਹਰ ਖੜ੍ਹੇ ਰਹਿੰਦੇ। ਕਦੇ ਕਦੇ ਸੱਪ ਛਿਪਣ ਵੀ ਹੋ ਜਾਂਦਾ ਅਤੇ ਕਦੇ ਅੜਿੱਕੇ ਆਇਆ ਰਗੜਿਆ ਵੀ ਜਾਂਦਾ। ਸਾਡੇ ਗੁਆਂਢ ਵਿਚ ਇਕ ਗਪੌੜੀ ਜਿਹੇ ਸੁਭਾਅ ਦਾ ਬੰਦਾ ਹਮੇਸ਼ਾ ਹੀ ਸੱਪ ਮਾਰਨ ਲਈ ਆਏ 'ਜਥੇ' ਵਿਚ ਸਭ ਤੋਂ ਬਾਅਦ ਵਿਚ ਸ਼ਾਮਲ ਹੁੰਦਾ।

ਸੱਭ ਮਾਰ ਹੁੰਦਾ ਦੇਖਣ ਆਏ ਸਾਰੇ ਤਮਾਸ਼ਬੀਨਾਂ ਦੇ ਝੁਰਮਟ ਵਿਚੋਂ ਉਸਨੇ 'ਪਾਸੇ ਹਟੀਂ ਉਏ ਦੇਖੀਂ ਉਏ' ਕਹਿੰਦਿਆਂ ਮੋਹਰੇ ਆ ਜਾਣਾ।' ਕਿੱਥੇ ਆ, ਕਿੱਥੇ ਆ ਸੱਪ?' ਪੁੱਛਦੇ ਨੂੰ ਮੁੰਡਿਆਂ ਖੁੰਡਿਆਂ ਨੇ ਹੱਸਦਿਆਂ ਹੋਇਆਂ ਇਸ਼ਾਰਾ ਕਰਨਾ–

''ਤਾਇਆ ਔਹ ਦੇਖ- ਬੜੀ ਮੁਸ਼ਕਿਲ ਨਾਲ ਮਾਰਿਆ ਅਸੀਂ।'

ਸੱਪ ਐਸਾ ਅਜੀਬ ਜਾਨਵਰ ਹੈ ਕਿ ਇਹ ਮੋਹਰਿਓਂ ਭਾਵੇਂ ਸਾਰਾ ਚਿੱਥਿਆ ਪਿਆ ਹੋਵੇ, ਪਰ ਮਾਰੇ ਜਾਣ ਤੋਂ ਬਾਅਦ ਵੀ ਉਸਦੀ ਪੂਛ ਪਲਸੇਟੇ ਜਿਹੇ ਮਾਰਦੀ ਰਹਿੰਦੀ ਹੈ। ਇੰਝ ਲਾਠੀਆਂ-ਸੋਟਿਆਂ ਨਾਲ ਚਿੱਥੇ ਪਏ ਸੱਪ ਦੀ ਪੂਛ ਹਿਲਦੀ ਦੇਖ ਕੇ ਉਸ 'ਗਪੌੜੀ ਤਾਏ' ਨੇ ਇਕਦਮ ਭੁੜਕ ਪੈਣਾ! ਹਿਲਦੀ ਪੂਛ 'ਤੇ ਉਪਰੋਥਲੀ ਸੋਟੀਆਂ ਮਾਰਦੇ ਨੇ ਕਹਿਣਾ–

''ਹੂੰਅ! ਅੰਨ੍ਹੇ ਆਂ ਤੁਸੀਂ, ਕੌਣ ਕਹਿੰਦੇ ਇਹਨੇ ਮਾਰਿਆ ਵਾ? ਏ ਏ., ਆਹ ਦੇਖੋ ਤਾਂ, ਹੁਣ ਮਰਿਆ ਐ!'

ਇਵੇਂ 'ਬਹਾਦਰੀ' ਦਿਖਾ ਕੇ ਉਸਨੇ ਬੜਾ 'ਤੀਸ ਮਾਰ ਖਾਂ' ਬਣਦਿਆਂ ਬਿਨਾਂ ਕਹੇ ਹੀ ਘਰਦਿਆਂ ਦੇ ਮੰਜੇ ਉਤੇ ਬਹਿ ਜਾਣਾ। ਮੁੰਡਿਆਂ-ਖੁੰਡਿਆਂ ਨੂੰ ਮਰਿਆ ਸੱਪ ਦੱਬਣ ਦੀਆਂ ਬਿਨ-ਪੁੱਛੀਆਂ 'ਹਦਾਇਤਾਂ' ਦੇ ਕੇ ਉਸਨੇ ਸੱਪ ਮਾਰਨ ਦੀਆਂ ਆਪਣੀਆਂ ਪੁਰਾਣੀਆਂ ਗੱਪ-ਕਥਾਵਾਂ ਇਉਂ ਛੋਹ ਲੈਣੀਆਂ, ਜਿਵੇਂ ਸਾਬਕਾ ਫੌਜੀ ਖੰਡ ਤੇ ਬੈਠੇ ਆਪਣੇ ਜੰਗੀ ਕਾਰਨਾਮੇ ਸੁਣਾਉਂਦੇ ਹੁੰਦੇ ਹਨ।

ਵਿਚੋਂ ਅਸਲ ਗੱਲ ਇਹ ਹੁੰਦੀ ਸੀ ਕਿ ਉਹ ਮੁਫਤ ਦੀਆਂ ਛਕਣ-ਛਕਾਉਣ ਦਾ ਬੜਾ ਸ਼ੌਕੀਨ ਸੀ। ਜਿਹਦੇ ਕਰਕੇ ਉਹ ਅਣਸੱਦਿਆ ਪ੍ਰਾਹੁਣਾ ਬਣਨ ਤੋਂ ਵੀ ਗੁਰੇਜ਼ ਨਾ ਕਰਦਾ! ਘਰਦਿਆਂ ਨੇ ਸੋਚਣਾ ਕਿ ਕਦੋਂ ਇਹ ਦਫਾ ਹੋਵੇ ਇੱਥੋਂ, ਪਰ ਉਸਨੇ ਆਪਣਾ ਤਕੀਆ ਕਲਾਮ 'ਲਓ ਜੀ!' ਕਹਿ ਕੇ ਐਸੀ ਪਾਣੀ 'ਚ ਮਧਾਣੀ ਪਾਉਣੀ ਕਿ ਆਪਦੀਆਂ ਸੱਪ ਕਹਾਣੀਆਂ ਨੂੰ ਰੋਟੀ-ਟੁੱਟ ਕਰਨ ਦੇ ਵੇਲੇ ਤੱਕ ਖਿੱਚ ਕੇ ਲੈ ਜਾਣਾ।

ਹੁਣ ਇਸ ਕਹਾਣੀ ਵਿਚ ਮੱਲੋ ਮੱਲੀ ਬਣਦੇ 'ਨਾਇਕ' ਨੂੰ ਮਨ-ਚਿੱਤ ਰੱਖ ਕੇ ਜ਼ਰਾ ਸੁੱਚਾ ਸਿੰਘ ਲੰਗਾਰ ਵਿਰੁੱਧ ਜਥੇਦਾਰ ਅਕਾਲ ਤਖਤ ਦਾ 'ਸਖਤ ਅਤੇ ਫੁਰਤੀਲਾ' ਐਕਸ਼ਨ ਵਿਚਾਲੋ! ਹੁਣ ਤੱਕ ਬਾਦਲ ਪਰਿਵਾਰ ਦਾ ਹੱਥੀ ਬੰਨ੍ਹੀ ਗੁਲਾਮ ਬਣਿਆ ਆ ਰਿਹਾ ਜਥੇਦਾਰ, ਸਿੱਖ ਪੰਥ ਦਾ 'ਅਣਚਾਹਿਆ ਮਹਿਮਾਨ' ਨਹੀਂ ਬਣਿਆ ਹੋਇਆ? ਸੁੱਚਾ ਸਿੰਘ ਲੰਗਾਹ ਦੀ ਹੱਦ ਸਿਰੇ ਦੀ ਬਦਇਖਲਾਕੀ ਕਰਤੂਤ ਦੇਖ-ਸੁਣ ਕੇ ਸਾਰਾ ਪੰਥ 'ਥੂਹ ਥੂਹ' ਕਰ ਰਿਹਾ ਸੀ। ਸਰਬੱਤ ਖਾਲਸਾ ਵਾਲੇ ਜਥੇਦਾਰਾਂ ਨੇ ਉਸਨੂੰ ਪੰਥ 'ਚੋਂ ਕੱਢ ਦਿੱਤਾ। ਇਹੋ ਜਿਹੇ ਹਾਲਾਤ ਵਿਚ ਗਿਆਨੀ ਗੁਰਬਚਨ ਸਿੰਘ ਨੇ ਆਪਣੇ ਮਾਲਕਾਂ ਦੇ ਅਣਸਰਦੀ ਵਿਚ ਲਏ ਫੈਸਲੇ 'ਤੇ ਮੋਹਰ ਲਾ ਕੇ ਭਲਾ ਕਿਹੜਾ ਕੱਦੂ 'ਚ ਤੀਰ ਮਾਰਿਆ ਹੈ?

ਆਪਣੀ ਰਿਜ਼ਕ-ਰੋਟੀ ਦੀ ਚਿੰਤਾ ਤੇ ਉਸਦੀ ਸਲਾਮਤੀ ਖਾਤਰ 'ਮਰ ਜਾਓ ਚਿੜੀਓ- ਜੀਅ ਪਓ ਚਿੜੀਓ' ਵਾਂਗ ਮਾਲਕਾਂ ਦਾ ਹੁਕਮ ਵਜਾਉਂਦੇ ਆ ਰਹੇ ਜਥੇਦਾਰ ਨੇ ਬੰਚੇ ਬੱਚੇ ਦੀ ਨਜ਼ਰ 'ਚੋਂ ਗਿਰ ਚੁੱਕੇ ਲੰਗਾਹ ਦੇ ਮਾਮਲੇ 'ਚ ਸਾਡੇ ਪਿੰਡ ਵਾਲੇ ਗਪੌੜੀ ਤਾਏ ਵਾਂਗ ਮਰੇ ਹੋਏ ਸੱਪ ਦੇ ਸੋਟੀਆਂ ਨਹੀਂ ਮਾਰੀਆਂ?

## ਕੈਮਰੇ ਦਾ ਕਮਾਲ

ਸੁਣਿਐਂ ਕਹੇ ਇਤਿਹਾਸ-ਮਿਥਿਹਾਸ ਏਦਾਂ
ਧਰਮਰਾਜ ਨੇ ਲੇਖਾ ਵੀ ਮੰਗਣਾ ਐ।

ਹਰ ਪ੍ਰਾਣੀ ਦਾ ਦੇਖ ਕੇ 'ਵਹੀ-ਖਾਤਾ'
ਗੁਨਾਹਗਾਰਾਂ ਨੂੰ ਸੂਲੀ 'ਤੇ ਟੰਗਣਾ ਐਂ।

ਰੱਤ ਪੀਣਿਆਂ ਜ਼ਾਲਮਾਂ ਅੰਤ ਵੇਲੇ
ਮੋਹਰੇ 'ਜਮਾਂ' ਦੇ ਕਿਸੇ ਨਾ ਖੰਘਣਾ ਐ।

ਐਪਰ ਢੀਠ ਨਿਰਲੱਜ ਤੇ 'ਲੁੱਚਿਆਂ' ਨੇ
ਇਨ੍ਹਾਂ 'ਡਰਾਂ' ਤੋਂ ਕਿੰਨਾ ਕੁ ਸੰਗਣਾ ਐ।

ਚਿੱਤਰ-ਗੁਪਤ ਦੀ 'ਸ਼ਾਹਦੀ' ਤੋਂ ਕੌਣ ਡਰਦੈ
ਨੇੜੇ ਰੱਬ ਦੇ ਨਾਲੋਂ ਘਸੁੰਨ ਯਾਰੋ।

ਇਕੋ ਅੱਖ ਸੁਲੱਖਣੀ ਕੈਮਰੇ ਦੀ
ਦੇਵੇ ਜੇਲ੍ਹ ਵਿਚ ਦੋਸ਼ੀ ਨੂੰ ਤੂੰਨ ਯਾਰੋ!

ਤਰਲੋਚਨ ਸਿੰਘ 'ਦੁਪਾਲਪੁਰ'
001-408-915-1268

# ਉਸਤਾਦ ਲਾਲ ਚੰਦ ਯਮਲਾ "16 ਵਾਂ ਯਾਦਗਾਰੀ ਮੇਲਾ" 15 ਅਕਤੂਬਰ ਨੂੰ

**ਫਰਿਜ਼ਨੋ- ਕੈਲੀਫੋਰਨੀਆਂ (ਕੁਲਵੰਤ ਧਾਲੀਆਂ/ਨੀਟਾ ਮਾਛੀਕੇ):** ਕੈਲੀਫੋਰਨੀਆਂ ਦੇ ਸ਼ਹਿਰ ਫਰਿਜ਼ਨੋ ਵਿਖੇ ਯਮਲਾ ਜੀ ਦੇ ਸਗਿਰਦ ਰਾਜ ਬਰਾੜ ਵੱਲੋਂ ਸਹਿਯੋਗੀਆਂ ਦੀ ਮਦਦ ਦੇ ਨਾਲ 'ਉਸਤਾਦ ਲਾਲ ਚੰਦ ਯਮਲਾ ਜੱਟ ਮੈਮੋਰੀਅਲ ਫਾਊਡੇਸ਼ਨ' ਦੇ ਬੈਨਰ ਹੇਠ ਹਰ ਸਾਲ 'ਉਸਤਾਦ ਲਾਲ ਚੰਦ ਯਮਲਾ ਜੱਟ ਯਾਦਗਾਰੀ ਮੇਲਾ' ਕਰਵਾਇਆ ਜਾਂਦਾ ਹੈ। ਜਿਸ ਵਿੱਚ ਯਮਲਾ ਜੀ ਦੀ ਗਾਇਕੀ ਨੂੰ ਸਮਰਪਤ ਬਹੁਤ ਸਾਰੇ ਉੱਚ ਕੋਟੀ ਦੇ ਕਲਾਕਾਰਾ ਨੂੰ ਆਪਣੀ ਗਾਇਕੀ ਰਾਹੀ ਖੁਲੀ ਸ਼ਟੇਜ਼ 'ਤੇ ਸਰੋਤਿਆ ਦੇ ਰੂਬਰੂ ਕੀਤਾ ਜਾਂਦਾ ਹੈ। ਇਸ ਸਾਲ ਮੇਲੇ ਸੰਬੰਧੀ ਕੀਤੀ ਗਈ ਮੀਟਿੰਗ ਵਿੱਚ ਇਹ ਤਹਿ ਕੀਤਾ ਗਿਆ ਕਿ 16 ਵਾਂ ਯਾਦਗਾਰੀ ਮੇਲਾ ਪਿਛਲੇ ਸਾਲ ਦੀ ਤਰ੍ਹਾਂ 15 ਅਕਤੂਬਰ ਦਿਨ ਐਤਵਾਰ ਨੂੰ ਫਾਊਲਰ ਸ਼ਹਿਰ ਦੇ ਪੈਨਜੈਕ ਪਾਰਕ ਵਿੱਚ ਬਾਅਦ ਦੁਪਹਿਰ 1 ਵਜੇ ਤੋਂ 6 ਵਜ਼ੇ ਤੱਕ ਬੜੀ ਸ਼ਾਨ ਨਾਲ ਮਨਾਇਆ ਜਾਵੇਗਾ। ਜਿਸ ਵਿੱਚ ਨਾਮਵਰ ਕਲਾਕਾਰਾ ਨੂੰ ਸੱਦਾ ਦਿੱਤਾ ਜਾਵੇਗਾ ਅਤੇ ਸਥਾਨਿਕ ਕਲਾਕਾਰ ਜਿੰਨ੍ਹਾਂ ਵਿੱਚ



ਧਰਮਵੀਰ ਥਾਂਦੀ, ਅਵਤਾਰ ਗਰੇਵਾਲ, ਦਿਲਦਾਰ ਬ੍ਰਦਰਜ ਮਿਊਜ਼ੀਕਲ ਗਰੁੱਪ, ਬੀਬੀ ਜੋਤ ਰਣਜੀਤ, ਰਾਜ਼ ਬਰਾੜ, ਸੁਰਜੀਤ ਸਿੰਘ ਮਾਛੀਵਾੜਾ, ਹਰਦੇਵ ਸਿੱਧੂ ਅਤੇ ਹੋਰ ਬਹੁਤ ਸਾਰੇ ਗਾਇਕ ਆਪਣੇ ਫਨ ਦਾ ਮੁਜ਼ਾਹਰਾ ਕਰਨਗੇ। ਸਟੇਜ਼ ਸੰਚਾਲਨ ਦੀ ਭੂਮਿਕਾ ਪੰਜਾਬੀਅਤ ਦਾ ਮਾਣ ਸ਼ਕਤੀ ਮਾਣਕ ਕਰਨਗੇ।

ਇਸ ਸਮੇਂ ਜੀ.ਐਚ.ਜੀ. ਅਕੈਡਮੀ ਦੇ ਬੱਚੇ ਗੱਧਾ ਅਤੇ ਭੰਗੜਾ ਪੇਸ਼ ਕਰਨਗੇ। ਇਸ ਮੇਲੇ ਅੰਦਰ ਗਾਇਕੀ ਤੋਂ ਇਲਾਵਾ ਸਕਿੱਟਾਂ, ਕਮੇਡੀ, ਗਿੱਧਾ, ਭੰਗੜਾ ਅਤੇ ਹੋਰ ਬਹੁਤ ਕੁਝ ਮੰਨੋਰੰਜ਼ਨ ਲਈ ਪੇਸ਼ ਕੀਤਾ ਜਾਵੇਗਾ। ਇਸ ਮੇਲੇ ਦੌਰਾਨ ਖਾਣੇ ਦਾ ਪ੍ਰਬੰਧ ਮੇਲੇ ਪਹੁੰਚੇ ਮੇਲੀਆਂ ਲਈ ਮੁਫਤ ਕੀਤਾ ਜਾਵੇਗਾ। ਸਮੂੰਹ ਪੰਜਾਬੀ ਭਾਈਚਾਰੇ ਨੂੰ ਮੇਲੇ ਵਿੱਚ ਪਹੁੰਚਣ ਲਈ ਖੁੱਲ੍ਹਾਂ ਸੱਦਾ ਦਿੱਤਾ ਜਾਂਦਾ ਹੈ।

# ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਥਾ ਦੀਵਾਨ ਸਜਾਏ ਗਏ





**ਘੱਲ ਕਲਾਂ–** ਗੁਰਦੁਆਰਾ ਗੁਰੂਸਰ ਪ੍ਰਬੰਧਕ ਕਮੇਟੀ ਘੱਲ ਕਲਾਂ ਵੱਲੋਂ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਪਵਿੱਤਰ ਇਤਿਹਾਸਕ ਸ਼ਹਿਰ ਸ੍ਰੀ ਅੰਮ੍ਰਿਤਸਰ ਦੇ ਬਾਨੀ, ਸੇਵਾ ਸਿਮਰਨ ਤੇ ਪਰਉਪਕਾਰ ਦੇ ਪੁੰਜ ਸਿੱਖਾਂ ਦੇ ਚੌਥੇ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਪੁਰਬ ਗੁਰਦੁਆਰਾ ਗੁਰੂਸਰ ਪਾਤਸ਼ਾਹੀ ਛੇਵੀਂ ਵਿਖੇ ਸ਼ਰਧਾ ਭਾਵਨਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਭਾਈ ਮੇਜਰ ਸਿੰਘ ਬਿੱਟੂ ਵੱਲੋਂ ਨਿੱਤਨੇਮ ਕਰਨ ਉਪਰੰਤ ਕਥਾ ਦੀਵਾਨ ਸਜਾਏ ਗਏ।

ਇਸ ਮੌਕੇ ਪ੍ਰਸਿੱਧ ਕਥਾਵਾਚਕ ਬੀਬਾ ਹਰਪ੍ਰੀਤ ਕੌਰ ਵਾਹਿਨੂਰਜੀ ਨੇ ਸ੍ਰੀ ਗੁਰੂ ਰਾਮਦਾਸ ਜੀ ਦੀ ਜੀਵਨੀ ਅਤੇ ਫਲਸਫੇ ਸਬੰਧੀ ਸੰਗਤਾਂ ਨੂੰ ਸਜੇ ਕਥਾ ਦੀਵਾਨ ਵਿਚ ਸੰਬੋਧਨ ਕਰਦਿਆਂ ਕਿਹਾ ਕਿ ਗੁਰ ਰਾਮਦਾਸ ਜੀ ਦੀ ਮਿਹਰ ਵਿਕਾਰਾਂ ਨੂੰ ਵੱਸ ਕਰਨ ਵਾਲੀ ਹੈ। ਜਮ ਦਾ ਭੈਅ ਮਿਟ ਜਾਂਦਾ ਹੈ। ਗੁਰੂ ਸਾਹਿਬ ਜੀ ਨੇ ਕਿਹਾ ਕਿ ਸਮਰਪਣ, ਸ਼ਰਧਾ ਅਤੇ ਭਾਵਨਾ ਨਾਲ ਹੀ ਵਾਹਿਗੁਰੂ ਦੀ ਨਦਰਿ ਮਿਲਦੀ ਹੈ। ਭਾਈ ਜੇਠਾ ਤੋਂ ਗੁਰੂ ਰਾਮਦਾਸ ਬਣਨ ਤੱਕ ਦੀ ਯਾਤਰਾ ਵੀ ਇਹਨਾਂ ਪੜਾਵਾਂ ਤੋਂ ਹੋ ਕੇ ਹੀ ਗੁਜ਼ਰੀ ਹੈ। ਉਹਨਾਂ ਕਿਹਾ ਕਿ ਗੁਰੂ ਜੀ ਦੀ ਸਿੱਖਿਆ ਤੋਂ ਵਿਹੂਣਾ ਮਨੁੱਖ ਦਿਨ ਰਾਤ ਪਾਪ ਦੀ ਕਮਾਈ ਕਰਦਾ ਹੈ। ਉਹ ਮਾਇਆ ਮੋਹ ਵਿਚ ਪੈ ਕੇ ਜੀਵਨ ਦਾ ਮਨੋਰਥ ਹੀ ਗੁਆ ਬੈਠਦਾ ਹੈ। ਗੁਰੂ ਅਮਰਦਾਸ ਜੀ ਦੇ ਜਵਾਈ ਬਣਨ ਤੋਂ ਬਾਅਦ ਵੀ ਗੁਰੂ ਰਾਮਦਾਸ ਜੀ ਦੇ ਸਿਰ ’ਤੇ ਮਿੱਟੀ ਦੀ ਟੋਕਰੀ ਚੁੱਕ ਕੇ ਬਾਉਲੀ ਸਾਹਿਬ ਦੀ ਸੇਵਾ ਵਿਚ ਲੱਗੇ ਰਹੇ ਤਾਂ ਗੁਰੂ ਅਮਰਦਾਸ ਜੀ ਨੇ ਕਿਹਾ ਕਿ ਇਹ ਮਿੱਟੀ ਮਾਰੇ ਦੀ ਟੋਕਰੀ ਨਹੀਂ, ਸਗੋਂ ਦੀਨ ਦੁਨੀਆਂ ਦਾ ਛਤਰ ਹੈ। ਇਸ ਮੌਕੇ ਉਹਨਾਂ ਕਿਹਾ ਕਿ ਹਰ ਪ੍ਰਾਣੀ ਨੂੰ ਗੁਰੂ ਰਾਮਦਾਸ ਦੀਆਂ ਦਿੱਤੀਆਂ ਹੋਈਆਂ ਸਿੱਖਿਆਵਾਂ ’ਤੇ ਚੱਲਣ ਦੀ ਲੋੜ ਹੈ। ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬੀਬਾ ਹਰਪ੍ਰੀਤ ਕੌਰ ਵਾਹਿਨੂਰ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਇਸ ਗੁਰਦੁਆਰਾ ਗੁਰੂਸਰ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਲਜੀਤ ਸਿੰਘ, ਉਪ ਪ੍ਰਧਾਨ ਬਲਦੇਵ ਸਿੰਘ, ਖਜਾਨਚੀ ਨਿਰਮਲਜੀਤ ਸਿੰਘ, ਉਪ ਖਜਾਨਚੀ ਗੁਰਤੇਜ ਸਿੰਘ, ਸੈਕਟਰੀ ਕਰਨੈਲ ਸਿੰਘ, ਲੰਗਰ ਪ੍ਰਧਾਨ ਰੇਸ਼ਮ ਸਿੰਘ, ਉਪ ਸੈਕਟਰੀ ਕਰਮਜੀਤ ਸਿੰਘ ਅਤੇ ਸੰਗਤਾਂ ਵੱਡੀ ਗਿਣਤੀ ਵਿਚ ਹਾਜ਼ਰ ਸਨ।

**– ਡਾ. ਬਲਰਾਜ ਸਿੰਘ ਘੱਲ ਕਲਾਂ (98150–65177)**

# ਪੰਜਾਬ ਬੁੱਧਿਸਟ ਸੁਸਾਇਟੀ ਦੀ ਚੋਣ 15 ਅਕਤੂਬਰ ਨੂੰ ਹੋਵੇਗੀ

**ਜਲੰਧਰ–** ਪੰਜਾਬ ਬੁੱਧਿਸਟ ਸੁਸਾਇਟੀ (ਰਜਿ) ਪੰਜਾਬ ਦੇ ਪ੍ਰਧਾਨ ਐਡਵੋਕੇਟ ਸ੍ਰੀ ਹਰਭਜਨ ਸਾਂਪਲਾ ਨੇ ਪ੍ਰੈਸ ਬਿਆਨ ਵਿਚ ਦੱਸਿਆ ਕਿ ਪੰਜਾਬ ਬੁਧਿਸਟ ਸੁਸਾਇਟੀ ਦੇ ਅਹੁਦੇਦਾਰਾਂ ਦੀ ਚੋਣ !5 ਅਕਤੂਬਰ 2017 ਨੂੰ ਦੁਪਹਿਰ ਬਾਅਦ 2 ਵਜੇ ਤਕਸ਼ਿਲਾ ਮਹਾਂ ਬੁੱਧ ਵਿਹਾਰ ਕਾ–ਦੀਆਂ ਲੁਧਿਆਣਾ ਵਿਖੇ ਹੋਵੇਗੀ ਅਤੇ ਚੋਣ ਅਫਸਰ ਸ੍ਰੀ ਧਨੰਪਤ ਰੱਤੂ ਸੀਨੀਅਰ ਮੈਂਬਰ ਪੰਜਾਬ ਬੁਧਿਸਟ ਸੁਸਾਇਟੀ ਇੰਗਲੈਂਡ (ਯੂ. ਕੇ.) ਦੀ ਦੇਖ–ਰੇਖ ਵਿਚ ਕੀਤੀ ਜਾਵੇਗੀ।

ਜੋ ਮੈਂਬਰ ਨਵੇਂ ਬਣਨਗੇ ਜਾਂ ਆਪਣੀ ਮੈਂਬਰਸ਼ਿਪ 14 ਅਕਤੂਬਰ ਤੱਕ ਰਿਨਿਊ ਕਰਵਾ ਲੈਣਗੇ, ਉਹ ਚੋਣ ਵਿਚ ਹਿੱਸਾ ਲੈ ਸਕਦੇ ਹਨ। ਯਾਦ ਰਹੇ ਕਿ ਪੰਜਾਬ ਬੁੱਧਿਸਟ ਸੁਸਾਇਟੀ (ਰਜਿ.) ਪੰਜਾਬ ਦੇ ਬੋਧੀਆਂ ਦੀ ਸਿਰਮੌਰ ਸੰਸਥਾ ਹੈ, ਜੋ 2004 ਵਿਚ ਪੰਜਾਬ ਦੇ ਬੋਧੀਆਂ ਨੇ ਇਕੱਠੇ ਹੋ ਕੇ ਬਣਾਈ ਸੀ। 15 ਅਕਤੂਬਰ ਨੂੰ ਹੀ ਤਕ–ਸ਼ਿਲਾ ਮਹਾਂਬੁੱਧ ਵਿਹਾਰ ਵਿਖੇ ’ਕਠਿਨਚੀਵਰਦਾਨ’ ਦਾ ਪਵਿੱਤਰ ਉਤਸਵ ਮਨਾਇਆ ਜਾਵੇਗਾ।

# ਗ਼ਦਰੀ ਬਾਬਿਆਂ ਦੇ ਮੇਲੇ ਦੀਆਂ ਜ਼ੋਰਦਾਰ ਤਿਆਰੀਆਂ

## 1 ਨਵੰਬਰ ਮੇਲੇ ’ਚ ਮੁੱਖ ਵਕਤਾ ਹੋਏਗੀ ਖੋਜ਼ੀ ਲੇਖਿਕਾ ਰਾਣਾ ਆਯੂਬ

**ਜਲੰਧਰ–** ਆਜ਼ਾਦੀ ਜੱਦੋ ਜਹਿਦ ਵਿਚ ਨਿਵੇਕਲਾ ਮੁਕਾਮ ਹਾਸਲ ਕਰਨ ਵਾਲੀ ਗ਼ਦਰ ਲਹਿਰ ਦੇ ਸੰਗਰਾਮੀਆਂ ਦੀ ਯਾਦ ’ਚ ਮਨਾਇਆ ਜਾ ਰਿਹਾ 26ਵਾਂ ਮੇਲਾ ਗ਼ਦਰੀ ਬਾਬਿਆਂ ਦਾ ਰੂਸੀ ਸਮਾਜਵਾਦੀ ਇਨਕਲਾਬ ਨੂੰ ਸਮਰਪਤ ਕੀਤਾ ਜਾ ਰਿਹਾ ਹੈ। ਇਸ ਮੇਲੇ ’ਚ ਮੁੱਖ ਭਾਸ਼ਣ ਮੁਲਕ ਦੀ ਨਾਮਵਰ ਖੋਜ਼ੀ ਲੇਖਕਾ ਰਾਣਾ ਆਯੂਬ ਦਾ ਹੋਏਗਾ। 30 ਅਕਤੂਬਰ ਤੋਂ ਸ਼ੁਰੂ ਹੋਣ ਵਾਲੇ ਤਿੰਨ ਰੋਜ਼ਾ ਮੇਲੇ ਦੇ ਸਿਖਰਲੇ ਦਿਨ 1 ਨਵੰਬਰ ਨੂੰ ਦਿਨ ਵੇਲੇ ਉਹ ਮੇਲੇ ਦੇ ਮੁੱਖ ਵਕਤਾ ਹੋਣਗੇ।

ਇਸ ਵਾਰ ਦੇਸ਼ ਭਗਤ ਯਾਦਗਾਰ ਕੰਪਲੈਕਸ ਨੂੰ ਭਾਈ ਰਤਨ ਸਿੰਘ ਰਾਏਪੁਰ ਡੱਬਾ ਅਤੇ ਭਾਈ ਸੰਤੋਖ ਸਿੰਘ 'ਕਿਰਤੀ' ਨੂੰ ਸਮਰਪਿਤ 'ਸਾਂਝੀਵਾਲ ਨਗਰ' ਦਾ ਨਾਂਅ ਦਿੱਤਾ ਜਾਏਗਾ।

ਪਹਿਲੀ ਨਵੰਬਰ ਸਵੇਰੇ 10 ਵਜੇ ਰੂਸੀ ਇਨਕਲਾਬੀਆਂ ਅਤੇ ਰੂਸ ਜਾਣ ਵਾਲੇ ਗ਼ਦਰੀ/ਕਿਰਤੀਆਂ ਨੂੰ ਫੁੱਲ ਮਾਲਾ ਭੇਂਟ ਕਰਨ ਉਪਰੰਤ ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਵੱਲੋਂ ਜੀ ਆਇਆਂ ਕਹਿਣ ਮਗਰੋਂ ਗ਼ਦਰੀ ਝੰਡਾ ਲਹਿਰਾਉਣ ਦੀ ਰਸਮ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸੀਨੀਅਰ ਟਰੱਸਟੀ ਕਾਮਰੇਡ ਗੰਧਰਵ ਸੇਨ ਕੋਛੜ ਅਦਾ ਕਰਨਗੇ।

ਇਸ ਉਪਰੰਤ ਝੰਡੇ ਦਾ ਗੀਤ ਹੋਏਗਾ। ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਦੁਆਰਾ ਲਿਖਿਆ ਝੰਡੇ ਦਾ ਗੀਤ ਦੇਸ਼ ਭਗਤ ਯਾਦਗਾਰ ਹਾਲ ਅੰਦਰ ਵਰਕਸ਼ਾਪ ਵਿਚ ਕਾਵਿ–ਨਾਟ ਰੂਪ ’ਚ ਤਿਆਰ ਕੀਤਾ ਜਾਏਗਾ।

ਦਿਨ ਭਰ ਗੀਤ–ਸੰਗੀਤ ਤੋਂ ਇਲਾਵਾ ਏਕਤਰ ਚੰਡੀਗੜ੍ਹ, ਡਾ. ਜਸਮੀਤ ਅੰਮ੍ਰਿਤਸਰ ਦੀਆਂ ਟੀਮਾਂ ਲਘੂ ਨਾਟਕ ਪੇਸ਼ ਕਰਨਗੀਆਂ।

ਕਮੇਟੀ ਪ੍ਰਧਾਨ ਗੁਰਮੀਤ ਸਿੰਘ ਢੱਡਾ ਦੀ ਤਕਰੀਰ ਤੋਂ ਇਲਾਵਾ ਸ਼ਾਮ 4 ਤੋਂ 6 ਵਜੇ ਤੱਕ 'ਰੂਸੀ ਇਨਕਲਾਬ ਅਤੇ ਉਸਦੀ ਵਰਤਮਾਨ ਪਰਸੰਗਕਤਾ' ਵਿਸ਼ੇ ਉਪਰ ਹੋਣ ਵਾਲੀ ਵਿਚਾਰ ਚਰਚਾ ਨੂੰ ਕਮੇਟੀ ਦੇ ਮੀਤ ਪ੍ਰਧਾਨ ਅਜਮੇਰ ਸਿੰਘ, ਸਹਾਇਕ ਸਕੱਤਰ ਡਾ. ਪਰਮਿੰਦਰ, ਮੰਗਤ ਰਾਮ ਪਾਸਲਾ, ਜਗਰੂਪ, ਸੀਤਲ ਸਿੰਘ ਸੰਘਾ ਅਤੇ ਡਾ. ਕਰਮਜੀਤ ਸੰਬੋਧਨ ਕਰਨਗੇ।

ਇਹ ਮੇਲਾ 30 ਅਕਤੂਬਰ ਸਵੇਰੇ 10 ਵਜੇ ਕਮੇਟੀ ਦੇ ਸੀਨੀਅਰ ਟਰੱਸਟੀ ਕਾਮਰੇਡ ਨੌਨਿਹਾਲ ਸਿੰਘ ਵੱਲੋਂ ਸ਼ਮ੍ਹਾਂ ਰੌਸ਼ਨ ਕਰਨ ਨਾਲ ਸ਼ੁਰੂ ਹੋਏਗਾ। ਇਸ ਰੋਜ਼ ਗਾਇਨ ਅਤੇ ਭਾਸ਼ਣ ਮੁਕਾਬਲੇ ਉਪਰੰਤ ਸ਼ਾਮ 7 ਤੋਂ 10 ਵਜੇ ਤੱਕ ਸਭਿਆਚਾਰਕ ਸਮਾਗਮ, 31 ਅਕਤੂਬਰ ਕੁਇਜ਼ ਅਤੇ ਪੇਟਿੰਗ ਮੁਕਾਬਲੇ ਉਪਰੰਤ ਫ਼ਿਲਮ ਸ਼ੋਅ (ਪੀਪਲਜ਼ ਵਾਇਸ ਅਤੇ ਵਿਨੈ ਚਾਰੁਲ ਅਹਿਮਦਾਬਾਦ) ਪੇਸ਼ ਕਰਨਗੇ।

1 ਨਵੰਬਰ ਦੀ ਰਾਤ ਕਮੇਟੀ ਦੇ ਮੈਂਬਰ ਪ੍ਰੋ. ਅਜਮੇਰ ਸਿੰਘ ਔਲਖ ਨੂੰ ਸਮਰਪਿਤ ਹੋਏਗੀ। ਉਨ੍ਹਾਂ ਦਾ ਲਿਖਿਆ ਨਾਟਕ 'ਭੱਠ ਖੇੜਿਆਂ ਦਾ ਰਹਿਣਾ' (ਕੇਵਲ ਧਾਲੀਵਾਲ), ਗੁਰਮੀਤ ਕੜਿਆਲਵੀ ਦੀ ਕਹਾਣੀ ’ਤੇ ਅਧਾਰਤ 'ਤੂੰ ਜਾ ਡੈਡੀ' (ਕੀਰਤੀ ਕਿਰਪਾਲ) ਅਤੇ ਚੰਗੇਜ ਆਈਤਮਾਤੋਵ ਦੇ ਨਾਵਲ ’ਤੇ ਅਧਾਰਤ 'ਪਹਿਲਾ ਅਧਿਆਪਕ' (ਚਕਰੇਸ਼, ਚੰਡੀਗੜ੍ਹ) ਨਾਟਕ ਖੇਡੇ ਜਾਣਗੇ।

ਮਨਜੀਤ ਕੌਰ ਔਲਖ ਅਤੇ ਡਾ. ਨਵਸ਼ਰਨ ਨਾਟਕਾਂ ਅਤੇ ਗੀਤਾਂ ਭਰੀ ਰਾਤ ਨੂੰ ਸੰਬੋਧਨ ਕਰਨਗੇ। ਵਿਨੈ ਚਾਰੁਲ, ਇਨਕਲਾਬੀ ਕਵੀਸ਼ਰੀ ਜੱਥਾ ਰਸੂਲਪੁਰ ਗੀਤ–ਸੰਗੀਤ ਅਤੇ ਕਵੀਸ਼ਰੀਆਂ ਪੇਸ਼ ਕਰੇਗਾ। ਮੇਲੇ ਸਬੰਧੀ ਦੇਸ਼ ਭਗਤ ਯਾਦਗਾਰ ਕਮੇਟੀ ਦੇ ਬੋਰਡ ਆਫ਼ ਟਰੱਸਟ ਅਤੇ ਪ੍ਰਬੰਧਕੀ ਕਮੇਟੀਆਂ ਬਣਾਉਣ ਸਬੰਧੀ ਹੋਈ ਮੀਟਿੰਗ ’ਚ ਲਏ ਫੈਸਲਿਆਂ ਬਾਰੇ ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਕਮੇਟੀ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ, ਜਨਰਲ ਸਕੱਤਰ ਗੁਰਮੀਤ ਸਿੰਘ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਮੀਟਿੰਗ ’ਚ ਇਹ ਮਤੇ ਵੀ ਪਾਸ ਕੀਤੇ ਗਏ ਕਿ ਸ਼ਹੀਦ ਭਗਤ ਸਿੰਘ ਅਤੇ ਸਾਥੀਆਂ ਨਾਲ ਜੁੜੀਆਂ ਦੁਰਲੱਭ ਦਸਤਾਵੇਜ਼ਾਂ ਲਾਹੌਰ ਤੋਂ ਮੰਗਵਾ ਕੇ ਖੋਜ਼ੀਆਂ ਅਤੇ ਆਮ ਲੋਕਾਂ ਲਈ ਜਨਤਕ ਮਿਊਜ਼ੀਅਮ ’ਚ ਸ਼ਸ਼ੋਭਤ ਕੀਤੀਆਂ ਜਾਣ।

ਇੱਕ ਹੋਰ ਮਤੇ ਰਾਹੀਂ ਕਮੇਟੀ ਨੇ ਮੰਗ ਕੀਤੀ ਹੈ ਕਿ ਰੋਹਿੰਗੀਆ ਸ਼ਰਨਾਰਥੀਆਂ ਦੀ ਮਾਨਵੀ ਆਧਾਰ ਤੇ ਬਾਂਹ ਫੜਨ ਦੀ ਬਜਾਏ ਉਹਨਾਂ ਨਾਲ ਇੱਕ ਵਿਸ਼ੇਸ਼ ਫ਼ਿਰਕੇ ਵਜੋਂ ਗੈਰ–ਮਾਨਵੀ ਵਿਹਾਰ ਕਰਕੇ ਦੇਸ਼ ਨਿਕਾਲਾ ਦੇਣ ਦੇ ਕੋਝੇ ਯਤਨ ਬੰਦ ਕੀਤੇ ਜਾਣ।

AAA AUTO AND BODY WORKS
ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।
We Do Complete Engine Trans-mission, Body and Paint Work We Sell Used Cars at a Good Price



Free Estimates
Free Towing
510- 733- 2222
1421 Industrial PKWY West#F Hay-ward, CA 94544



Prop: Jasbir Singh Takhar
510-755-2132
Harmandeep Singh

A & S
Auto Repair & Services
Specializing in Brakes & Axles
10% of any repair of $ $75.00 or More
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics



9:00 AM to 6:00 PM Mon-Sat



Ph: 916-238-4431
649 W. Elkhorn Blvd. Suite B2
Rio Linda, CA 95673
Amarjit Sandhu

# ਬੇਟੀ ਤਾਂ ਤਦੇ ਬਚੇਗੀ ਜੇ ਉਹਨੂੰ ਬਚਾਉਣ ਦਾ ਯਤਨ ਹੋਏਗਾ



ਗੁਰਮੀਤ ਸਿੰਘ ਪਲਾਹੀ
91-98158-02070

**ਦੇਸ਼ ਦੇ ਸਿਆਸੀ ਦਲ ਔਰਤਾਂ ਦੀ ਸੁਰੱਖਿਆ ਦੇ ਦਾਅਵੇ ਕਰਦੇ ਹਨ। ਉਹਨਾ ਦੇ ਹਕ 'ਚ ਘੋਸ਼ਨਾਵਾਂ ਕੀਤੀਆਂ ਜਾਂਦੀਆਂ ਹਨ। ਕਦੇ 33 ਫੀਸਦੀ ਅਤੇ ਕਦੇ 50 ਫੀਸਦੀ ਰਿਜ਼ਰਵੇਸ਼ਨ ਦੇ ਬਿੱਲ ਸੰਸਦ ਵਿੱਚ ਪੇਸ਼ ਕੀਤੇ ਜਾਂਦੇ ਹਨ ਜੋ ਦਹਾਕੇ ਬੀਤਣ ਤੇ ਵੀ ਪਾਸ ਨਹੀਂ ਹੋਏ। ਦੇਸ਼ ਵਿੱਚ ਬਣਿਆ ਨਵਾਂ ਦੁਸ਼ਕਰਮ ਕਾਨੂੰਨ ਔਰਤ ਦਾ ਪਿੱਛਾ ਕਰਨ ਨੂੰ ਗੰਭੀਰ ਅਪਰਾਧ ਗਿਣਦਾ ਹੈ, ਪਰ ਗੁੰਡਾ ਅਨਸਰ ਕਾਲਜਾਂ, ਯੂਨੀਵਰਸਿਟੀਆਂ, ਪਬਲਿਕ ਸਥਾਨਾਂ ਦੇ ਬਾਹਰ ਦਨਦਨਾਉਂਦੇ ਫਿਰਦੇ ਹਨ। ਨਿੱਤ ਇਹੋ ਜਿਹੀਆਂ ਘਟਨਾਵਾਂ ਦੇਸ਼ ਦੇ ਕੋਨੇ ਕੋਨੇ ਵਾਪਰਦੀਆਂ ਹਨ ਕਿ ਸ਼ਰਮ ਨਾਲ ਸਿਰ ਝੁੱਕਦਾ ਹੈ । ਫਿਲਮੀ ਡਾਇਲਾਗ ਲੜਕੀਆਂ, ਔਰਤਾਂ, ਇਥੋਂ ਤੱਕ ਕਿ ਛੋਟੀਆਂ ਬੱਚੀਆਂ ਦਾ ਵੀ ਪਿੱਛਾ ਕਰਦੇ ਹਨ।**

ਬਨਾਰਸ ਹਿੰਦੂ ਯੂਨੀਵਰਸਿਟੀ ਦੀਆਂ ਵਿਦਿਆਰਥਣਾਂ ਨੇ ਆਪਣੀ ਸੁਰੱਖਿਆ ਲਈ ਅੰਦੋਲਨ ਸ਼ੁਰੂ ਕੀਤਾ ਸੀ। ਕਾਰਨ ਸੀ ਕਿ ਨਾ ਸਿਰਫ਼ ਉਹਨਾਂ ਨੂੰ ਯੂਨੀਵਰਸਿਟੀ ਕੈਂਪਸ ਵਿੱਚ ਛੇੜਖ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ, ਬਲਕਿ ਜਦੋਂ ਉਹਨਾਂ ਨੇ ਯੂਨੀਵਰਸਿਟੀ ਦੇ ਕੁਲਪਤੀ ਨੂੰ ਸ਼ਕਾਇਤ ਕੀਤੀ, ਤਾਂ ਉਹਨਾਂ ਕੋਈ ਧਿਆਨ ਹੀ ਨਹੀਂ ਦਿੱਤਾ। ਜਦੋਂ ਲੜਕੀਆਂ ਦੀ ਨਹੀਂ ਸੁਣੀ ਗਈ, ਉਹਨਾਂ ਸ਼ਾਂਤੀ ਪੂਰਵਕ ਅੰਦੋਲਨ ਸ਼ੁਰੂ ਕੀਤਾ ਪਰ ਯੂਨੀਵਰਸਿਟੀ ਦੇ ਪ੍ਰਸ਼ਾਸਕਾਂ ਦੀ ਮਿਲੀ ਭੁਗਤ ਨਾਲ ਸ਼ਾਂਤਮਈ ਅੰਦੋਲਨ ਕਰਦੀਆਂ ਲੜਕੀਆਂ ਨੂੰ ਬੁਰੀ ਤਰ੍ਹਾਂ ਮਾਰਿਆ, ਕੁੱਟਿਆ ਝੰਬਿਆ ਗਿਆ। ਕੀ ਅੰਦੋਲਨ ਕਰਦੀਆਂ ਲੜਕੀਆਂ ਦੀ ਗੱਲ ਸੁਨਣਾ ਸ਼ਾਸਨ, ਪ੍ਰਸ਼ਾਸਨ, ਪੁਲਿਸ ਪ੍ਰਸ਼ਾਸਨ ਦਾ ਜ਼ੁੰਮਾ ਨਹੀਂ? ਐਡੇ ਕਿਹੜੇ ਸੰਕਟ ਕਾਲੀਨ ਹਾਲਾਤ ਬਣ ਗਏ ਸਨ ਕਿ ਅੰਦੋਲਨ ਨੂੰ ਸਾਂਭਣ ਲਈ ਲੇਡੀਜ਼ ਪੁਲਿਸ ਦੀ ਥਾਂ ਮਰਦ ਪੁਲਿਸ ਵਾਲਿਆਂ ਨੂੰ ਲਗਾ ਦਿੱਤਾ ਗਿਆ, ਜਿਹਨਾਂ ਮੌਕੇ 'ਤੇ ਪੂਰੀ ਬੇਰਹਿਮੀ ਦਿਖਾਈ।

ਦੇਸ਼ ਵਿੱਚ ਨਿੱਤ-ਦਿਹਾੜੇ ਔਰਤਾਂ ਨਾਲ ਛੇੜਖ਼ਾਨੀ, ਦੀਆਂ ਘਟਨਾਵਾਂ ਵਾਪਰਦੀਆਂ ਹਨ। ਹੁਣੇ ਜਿਹੇ ਕੁਸ਼ੀਨਗਰ ਵਿੱਚ ਇੱਕ ਲੜਕੇ ਦੀ ਛੇੜਖ਼ਾਨੀ ਤੋਂ ਤੰਗ ਆ ਕੇ ਇੱਕ ਲੜਕੀ ਨੇ ਜ਼ਹਿਰ ਖਾ ਲਿਆ, ਉਸਨੇ ਆਤਮ ਹੱਤਿਆ ਦੀ ਕੋਸ਼ਿਸ਼ ਕੀਤੀ। ਸ਼ਾਇਦ ਉਹਦੀ ਸੁਣਨ ਵਾਲਾ ਕੋਈ ਨਹੀਂ ਹੋਏਗਾ। ਸਾਡੀਆਂ ਲੜਕੀਆਂ ਆਪਣੇ ਪਰਿਵਾਰਾਂ ਅਤੇ ਸਮਾਜ ਵਿੱਚ ਇੰਨੀਆਂ ਇਕੱਲੀਆਂ ਕਿਉਂ ਹਨ?

ਪਿਛਲੇ ਦਿਨੀਂ ਅਲੀਗੜ੍ਹ ਵਿੱਚ ਭਾਜਪਾ ਦੀ ਇੱਕ ਨੇਤਾ ਨੇ ਇੱਕ ਲੜਕੀ ਨੂੰ ਇਸ ਕਰਕੇ ਕੁੱਟਿਆ ਕਿ ਉਸਦਾ ਦੋਸਤ ਕਿਸੇ ਹੋਰ ਧਰਮ ਨਾਲ ਸਬੰਧਿਤ ਹੈ। ਉਹ ਨੇਤਾ ਸ਼ਰੇਆਮ ਪੂਰੇ ਮਾਣ ਨਾਲ ਕਹਿ ਰਹੀ ਸੀ ਕਿ ਉਹ ਅੱਗੋਂ ਵੀ ਇੰਜ ਕਰਦੀ ਰਹੇਗੀ। ਕੀ ਲਵ ਜੇਹਾਦ, ਪਾਰਕ ਵਿੱਚ ਬੈਠੇ ਲੜਕੇ-ਲੜਕੀਆਂ ਨੂੰ ਆਜ਼ਾਦੀ ਨਾਲ ਬੈਠਣ ਤੋਂ ਰੋਕਣਾ, ਕੁੱਟਮਾਰ ਕਰਨਾ, ਨਿੱਜਤਾ ਦੀ ਆਜ਼ਾਦੀ, ਜਿਸਨੂੰ ਭਾਰਤੀ ਸੰਵਿਧਾਨ 'ਚ ਮੌਲਿਕ ਅਧਿਕਾਰ ਗਿਣਿਆ ਜਾਂਦਾ ਹੈ, ਦਾ ਸਿੱਧਾ ਹਨਨ ਨਹੀਂ? ਲੱਖ, ਅਦਾਲਤਾਂ ਲੋਕਾਂ ਦੇ ਹੱਕਾਂ ਦੀ ਰਾਖੀ ਲਈ ਫੈਸਲੇ ਦਿੰਦੀਆਂ ਰਹਿਣ, ਅਧਿਕਾਰਾਂ ਦਾ ਹਨਨ ਕਰਨ ਵਾਲੇ ਖਲਨਾਇਕ, ਖਲਨਾਇਕਾਵਾਂ ਦੇਸ਼ ਵਿੱਚ ਹਰ ਥਾਂ ਮੌਜੂਦ ਹਨ, ਸ਼ਾਸਕਾਂ ਦੇ ਰੂਪ ਵਿੱਚ, ਕਥਿਤ ਸਮਾਜ ਸੁਧਾਰਕਾਂ ਦੇ ਰੂਪ ਵਿੱਚ, ਧੌਂਸ ਧੱਕੇ ਨਾਲ ਦੇਸ਼ ਸਮਾਜ ਨੂੰ ਚਲਾਉਣ ਵਾਲੇ ਕੱਟੜਪੰਥੀ ਲੋਕਾਂ ਦੇ ਰੂਪ ਵਿੱਚ ਵੀ।

ਦੇਸ਼ ਦੇ ਸਿਆਸੀ ਦਲ ਔਰਤਾਂ ਦੀ ਸੁਰੱਖਿਆ ਦੇ ਦਾਅਵੇ ਕਰਦੇ ਹਨ। ਉਹਨਾਂ ਦੇ ਹੱਕ 'ਚ ਘੋਸ਼ਣਾਵਾਂ ਕੀਤੀਆਂ ਜਾਂਦੀਆਂ ਹਨ। ਕਦੇ 33 ਫੀਸਦੀ ਅਤੇ ਕਦੇ 50 ਫੀਸਦੀ ਰਿਜ਼ਰਵੇਸ਼ਨ ਦੇ ਬਿੱਲ ਸੰਸਦ ਵਿੱਚ ਪੇਸ਼ ਕੀਤੇ ਜਾਂਦੇ ਹਨ ਜੋ ਦਹਾਕੇ ਬੀਤਣ ਤੇ ਵੀ ਪਾਸ ਨਹੀਂ ਹੋਏ। ਦੇਸ਼ ਵਿੱਚ ਬਣਿਆ ਨਵਾਂ ਦੁਸ਼ਕਰਮ ਕਾਨੂੰਨ ਔਰਤ ਦਾ ਪਿੱਛਾ ਕਰਨ ਨੂੰ ਗੰਭੀਰ ਅਪਰਾਧ ਗਿਣਦਾ ਹੈ, ਪਰ ਗੁੰਡਾ ਅਨਸਰ ਕਾਲਜਾਂ, ਯੂਨੀਵਰਸਿਟੀਆਂ, ਪਬਲਿਕ ਸਥਾਨਾਂ ਦੇ ਬਾਹਰ ਦਨਦਨਾਉਂਦੇ ਫਿਰਦੇ ਹਨ। ਨਿੱਤ ਇਹੋ ਜਿਹੀਆਂ ਘਟਨਾਵਾਂ ਦੇਸ਼ ਦੇ ਕੋਨੇ ਕੋਨੇ ਵਾਪਰਦੀਆਂ ਹਨ ਕਿ ਸ਼ਰਮ ਨਾਲ ਸਿਰ ਝੁਕਦਾ ਹੈ । ਫਿਲਮੀ ਡਾਇਲਾਗ ਲੜਕੀਆਂ, ਔਰਤਾਂ, ਇਥੋਂ ਤੱਕ ਕਿ ਛੋਟੀਆਂ ਬੱਚੀਆਂ ਦਾ ਵੀ ਪਿੱਛਾ ਕਰਦੇ ਹਨ। ਬਲਾਤਕਾਰ ਦੀਆਂ ਘਟਨਾਵਾਂ ਵੱਧ ਰਹੀਆਂ ਹਨ। 2009-11 ਵਿੱਚ 68000 ਬਲਾਤਕਾਰ ਦੇ ਕੇਸ ਹੋਏ, ਹਾਲਾਂਕਿ ਬਹੁਤੀਆਂ ਘਟਨਾਵਾਂ ਨਾ ਮੀਡੀਆ ਸਾਹਮਣੇ ਆਉਂਦੀਆਂ ਹਨ, ਨਾ ਕਾਨੂੰਨ ਸਾਹਮਣੇ ਕਿਉਂਕਿ ਖਾਸ ਕਰਕੇ ਇਲੈਕਟ੍ਰੋਨਿਕ ਮੀਡੀਆ ਇਹੋ ਜਿਹੀਆਂ ਘਟਨਾਵਾਂ ਨੂੰ ਸਹਿਜਤਾ ਅਤੇ ਸੁਹਿਰਦਤਾ ਨਾਲ ਪੇਸ਼ ਨਹੀਂ ਕਰਦਾ ਅਤੇ ਕਾਨੂੰਨ ਵਰ੍ਹਿਆ ਬੱਧੀ ਇਹੋ ਜਿਹੇ ਕੇਸਾਂ ਦਾ ਨਿਪਟਾਰਾ ਕਰਨ ਲਈ ਲਾ ਦਿੰਦਾ ਹੈ। ਇਹਨਾਂ 68000 ਬਲਾਤਕਾਰ ਕੇਸਾਂ ਵਿੱਚ ਸਿਰਫ਼ 16000 ਨੂੰ ਜੇਲ੍ਹ ਦੀ ਸਜ਼ਾ ਹੋਈ। ਕਿਹੋ ਜਿਹਾ ਵਰਤਾਰਾ ਹੈ ਇਹ ਕਿ ਅਸੀਂ ਲੜਕੀਆਂ, ਔਰਤਾਂ ਨੂੰ ਆਪੋ-ਆਪਣੇ ਵਾੜਿਆਂ ਵਿੱਚ ਕੈਦ ਰੱਖਣਾ ਚਾਹੁੰਦੇ ਹਾਂ? ਕੁਲਪਤੀ ਬਨਾਰਸ ਯੂਨੀਵਰਸਿਟੀ ਦਾ ਇਹ ਹੁਕਮ ਕਿ ਵਿਦਿਆਰਥਣਾਂ ਸਤ ਵਜੇ ਤੱਕ ਹੋਸਟਲ ਪੁੱਜ ਜਾਇਆ ਕਰਨ ਕਿਸ ਕਿਸਮ ਦੀ ਜਗੀਰੂ ਸੋਚ ਦੀ ਤਰਜਮਾਨੀ ਕਰਦਾ ਹੈ? ਅੱਜ ਜਦੋਂ ਇੱਕ ਪਾਸੇ ਬੇਟੀ ਬਚਾਓ, ਬੇਟੀ ਪੜ੍ਹਾਓ ਦੇ "ਗਗਨਚੁੰਬੀ" ਨਾਹਰੇ ਲੱਗ ਰਹੇ ਹਨ ਸਰਕਾਰ ਵਲੋਂ, ਉਥੇ ਲੜਕੀਆਂ ਨੂੰ ਵਲਗਣਾਂ 'ਚ ਕੈਦ ਰੱਖਣ ਦੇ ਯਤਨ ਕਿਉਂ ਹੋ ਰਹੇ ਹਨ? ਜੇਕਰ ਯੂਨੀਵਰਸਿਟੀਆਂ ਵਿੱਚ ਸਾਇਬਰ ਲਾਇਬ੍ਰੇਰੀ ਦਸ ਵਜੇ ਤੱਕ ਖੁੱਲ੍ਹਦੀ ਹੈ ਤਾਂ ਲੜਕੀਆਂ ਇਸ ਸਹੂਲਤ ਤੋਂ ਸੱਤ ਵਜੇ ਹੋਸਟਲ ਵਿੱਚ ਭੇਜਕੇ ਵਿਰਵੀਆਂ ਕਿਉਂ ਕੀਤੀਆਂ ਜਾ ਰਹੀਆਂ ਹਨ? ਇਸੇ ਸੋਚ ਦਾ ਵਿਰੋਧ ਲੈ ਕੇ ਬਨਾਰਸ ਯੂਨੀਵਰਸਿਟੀ ਦੀਆਂ ਲੜਕੀਆਂ ਅੰਦੋਲਨ ਦੇ ਰਾਹ ਪਈਆਂ- "ਬੇਟੀ ਬਚੇਗੀ, ਤਦੇ ਪੜ੍ਹੇਗੀ ਅਤੇ ਤਾਲਾ ਨਹੀਂ ਰੋਸ਼ਨੀ ਚਾਹੀਦੀ ਹੈ"।

ਸਾਡੇ ਖੋਜੀ ਵਿਦਵਾਨ ਇਹ ਮੰਨਦੇ ਹਨ ਕਿ ਹੋਰ ਹਲਕਿਆਂ 'ਚ ਤਾਂ ਔਰਤਾਂ ਨਾਲ ਸਮਾਜਿਕ ਅਤੇ ਆਰਥਿਕ ਤੌਰ 'ਤੇ ਭੇਦਭਾਵ ਹੁੰਦਾ ਹੀ ਹੈ, ਪੜ੍ਹਾਈ ਦੇ ਖੇਤਰ 'ਚ ਵੀ ਉਹਨਾਂ ਨਾਲ ਭੇਦਭਾਵ ਦੇਸ਼ ਦੇ ਹਰ ਕੋਨੇ 'ਚ ਵੇਖਣ ਨੂੰ ਮਿਲ ਰਿਹਾ ਹੈ। ਸੰਨ 2011 ਦੀ ਮਰਦਮਸ਼ੁਮਾਰੀ ਅਨੁਸਾਰ 7 ਸਾਲ ਤੋਂ ਉਪਰ ਦੇ ਮਰਦ, ਔਰਤਾਂ, ਮੁੰਡੇ, ਕੁੜੀਆਂ 'ਚ ਸਾਖਰਤਾ ਦਰ 'ਚ 17 ਫੀਸਦੀ ਦਾ ਫਰਕ ਹੈ। ਪੜ੍ਹੇ ਮਰਦਾਂ ਦੀ ਸਾਖਰਤਾ ਦਰ 82.14 ਫੀਸਦੀ ਅਤੇ ਔਰਤਾਂ ਦੀ ਸਾਖਰਤਾ ਦਰ 65.46 ਫੀਸਦੀ ਦਰਜ ਹੋਈ। ਭਾਵੇਂ ਕਿ ਦੇਸ਼ ਦੀ ਰਾਸ਼ਟਰਪਤੀ ਔਰਤ ਰਹੀ, ਇਸ ਵੇਲੇ ਵਿਦੇਸ਼, ਸੂਚਨਾ, ਰੱਖਿਆ ਮੰਤਰੀ, ਸਪੀਕਰ ਲੋਕ ਸਭਾ, ਦਾ ਅਹੁਦਾ ਔਰਤਾਂ ਹੱਥ ਹੈ, ਪਰ ਦੇਸ਼ ਦੀਆਂ ਔਰਤਾਂ ਬਲਾਤਕਾਰ, ਸਮੂਹਿਕ ਬਲਾਤਕਾਰ, ਤੇਜ਼ਾਬ ਦਾ ਸੁੱਟਣਾ, ਦਾਜ ਦਹੇਜ ਕਾਰਨ ਹੱਤਿਆਵਾਂ, ਮਾਣ ਹਿੱਤ ਹੱਤਿਆਵਾਂ, ਅਤੇ ਜਬਰੀ ਵੇਸਵਾ ਕਿੱਤਾ ਜਿਹੀਆਂ ਸਮੱਸਿਆਵਾਂ ਨਾਲ ਜੂਝ ਰਹੀਆਂ ਹਨ। ਸਾਲ 2012 'ਚ ਥਾਮਸ ਰਿਊਟਰਜ ਫਾਊਡੇਸ਼ਨ ਨੇ ਜੀ-20 ਦੇਸ਼ਾਂ 'ਚ ਭਾਰਤ ਦੀਆਂ ਔਰਤਾਂ ਦੀ ਹਾਲਤ ਸਭਨਾਂ ਜੀ-20 ਦੇਸ਼ਾਂ ਦੀਆਂ ਔਰਤਾਂ ਨਾਲੋਂ ਭੈੜੀ ਦਿਖਾਈ ਹੈ।

ਛੋਟੀ ਉਮਰੇ ਵਿਆਹ, ਸਤੀ, ਜੌਹਰ, ਪਰਦਾ, ਦੇਵਦਾਸੀ ਜਿਹੀਆਂ ਭੈੜੀਆਂ ਸਮਾਜੀ ਰਵਾਇਤਾਂ ਦਾ ਸ਼ਿਕਾਰ ਹੋ ਚੁੱਕੀ ਅਤੇ ਮਰਦ ਪ੍ਰਧਾਨ ਸਮਾਜ ਦਾ ਹੁਣ ਤੱਕ ਵੀ ਤ੍ਰਿਸਕਾਰ ਸਹਿੰਦੀ ਭਾਰਤੀ ਔਰਤ ਦੇ ਹਾਲਾਤ ਹਾਲੇ ਤੱਕ ਵੀ ਸੁਖਾਵੇਂ ਨਹੀਂ ਹੋ ਰਹੇ। ਭਾਵੇਂ ਕਿ ਭਾਰਤੀ ਸੰਵਿਧਾਨ ਦੇ ਆਰਟੀਕਲ 14 ਅਨੁਸਾਰ ਔਰਤਾਂ ਨੂੰ ਮਰਦਾਂ ਦੇ ਬਰਾਬਰ ਹੱਕ ਹਨ, ਆਰਟੀਕਲ 15 (1) ਅਨੁਸਾਰ ਉਸ ਨਾਲ ਮਰਦਾਂ ਮੁਕਾਬਲੇ ਕੋਈ ਵਿਤਕਰਾ ਨਹੀਂ ਕੀਤਾ ਜਾ ਸਕਦਾ, ਆਰਟੀਕਲ 16 ਉਹਨਾਂ ਨੂੰ ਬਰਾਬਰ ਮੌਕਿਆਂ ਦਾ ਅਧਿਕਾਰ ਦਿੰਦਾ ਹੈ ਬਰਾਬਰ ਦਾ ਕੰਮ ਬਰਾਬਰ ਦੀ ਤਨਖਾਹ ਦਾ ਅਧਿਕਾਰ ਉਸ ਕੋਲ ਸੰਵਿਧਾਨ ਦੇ 39 (ਡੀ) ਅਧੀਨ ਹੈ। ਪਰ ਸਮਾਜਿਕ ਤੌਰ 'ਤੇ ਹਾਲਤ ਇਹ ਹਨ ਕਿ ਦੇਸ਼ ਦੀਆਂ ਦਸ ਫੀਸਦੀ ਤੋਂ ਵੀ ਘੱਟ ਔਰਤਾਂ ਘਰਾਂ ਦੀਆਂ ਮਾਲਕ ਹਨ ਭਾਵੇਂ ਕਿ ਗਰੀਬੀ ਰੇਖਾ ਤੋਂ ਹੇਠ ਰਹਿਣ ਵਾਲੀਆਂ 35 ਫੀਸਦੀ ਔਰਤਾਂ ਨੂੰ ਸਰਕਾਰ ਵਲੋਂ ਘਰਾਂ ਦੀਆਂ ਮਾਲਕ ਗਿਣਿਆ ਗਿਆ ਹੈ।

ਬਹੁਤੇ ਭਾਰਤੀ ਪਰਿਵਾਰਾਂ ਵਿੱਚ ਔਰਤਾਂ ਨੂੰ ਉਹਨਾਂ ਦੇ ਨਾਮ ਉੱਤੇ ਜਾਇਦਾਦ ਦਿੱਤੇ ਜਾਣ ਦੀ ਰਵਾਇਤ ਨਹੀਂ। ਵੱਖੋ-ਵੱਖਰੇ ਧਰਮਾਂ, ਕਬੀਲਿਆਂ 'ਚ ਜਾਇਦਾਦਾਂ ਦੇ ਮਾਮਲੇ 'ਚ ਸਥਾਨਿਕ ਪਿਰਤਾਂ ਹਨ, ਜਿਨ੍ਹਾਂ ਤਹਿਤ ਔਰਤਾਂ, ਲੜਕੀਆਂ ਨਾਲ ਫਰਕ ਰੱਖਿਆ ਜਾਂਦਾ ਹੈ ਅਤੇ ਦੇਸ਼ ਦਾ ਕਨੂੰਨ, ਰਵਾਇਤਾਂ ਇਸ ਮਾਮਲੇ 'ਚ ਆਮ ਤੌਰ ਤੇ ਚੁੱਪੀ ਧਾਰੀ ਰੱਖਦੀਆਂ ਹਨ।

3.29 ਮਿਲੀਅਨ ਵਰਗ ਕਿਲੋਮੀਟਰ 'ਚ ਫੈਲੇ ਭਾਰਤ ਵਿੱਚ ਵੱਖੋ-ਵੱਖਰੇ ਸਭਿਆਚਾਰ, ਧਰਮ, ਰਵਾਇਤਾਂ ਹਨ। ਦੇਸ਼ ਦੇ ਕਈ ਹਿੱਸਿਆ 'ਚ ਔਰਤਾਂ ਜਿਵੇਂ ਕੇਰਲਾ 'ਚ ਨੇਅਰ, ਕੁਝ ਮਰਾਠਾ ਕਬੀਲਿਆਂ, ਬੰਗਾਲੀ ਪਰਿਵਾਰਾਂ 'ਚ ਮਰਦਾਂ ਦੀ ਥਾਂ, ਔਰਤਾਂ ਦੀ ਪ੍ਰਧਾਨਗੀ ਹੈ, ਪਰ ਭਾਰਤ 'ਚ ਔਰਤਾਂ ਦਾ ਵੱਡਾ ਹਿੱਸਾ ਪੈਦਾ ਹੋਣ ਤੋਂ ਪਹਿਲਾਂ ਪੇਟ ਵਿੱਚ ਹੀ, ਬੱਚੀ ਦੇ ਤੌਰ 'ਤੇ, ਵਿਆਹ ਉਪਰੰਤ ਅਤੇ ਵਿਧਵਾ ਹੋਣ ਦੀ ਹਾਲਤ ਵਿੱਚ ਬੁਰੀ ਤਰ੍ਹਾਂ ਔਖਿਆਈਆਂ ਦਾ ਸਾਹਮਣਾ ਕਰਦਾ ਹੈ।

ਪੇਟ 'ਚ ਬੱਚੀਆਂ ਮਾਰਨ ਦੀ ਸਥਿਤੀ ਇਹ ਹੈ ਕਿ ਦੇਸ਼ 'ਚ ਹਰ ਸਾਲ ਗਿਆਰਾਂ ਮਿਲੀਅਨ ਗਰਭਪਾਤ ਹੁੰਦੇ ਹਨ ਅਤੇ 20,000 ਔਰਤਾਂ ਹਰ ਸਾਲ ਇਸ ਦੌਰਾਨ ਮਰ ਜਾਂਦੀਆਂ ਹਨ। ਬਾਵਜੂਦ ਚਾਈਲਡ ਮੈਰਿਜ ਐਕਟ 2006 ਦੇ ਕਿ 18 ਸਾਲ ਦੀ ਉਮਰ ਤੋਂ ਪਹਿਲਾਂ ਲੜਕੀ ਅਤੇ 21 ਸਾਲ ਦੀ ਉਮਰ ਤੋਂ ਲੜਕੇ ਦਾ ਵਿਆਹ ਨਹੀਂ ਹੋ ਸਕਦਾ, ਯੂਨੀਸੈਫ ਦੀ ਸਟੇਟ ਆਫ਼ ਦੀ ਵਰਲਡ ਚਾਈਲਡ 2009 ਦੀ ਰਿਪੋਰਟ ਅਨੁਸਾਰ 47 ਫੀਸਦੀ ਭਾਰਤੀ ਔਰਤਾਂ ਜਿਨ੍ਹਾਂ ਦੀ ਉਮਰ 20 ਤੋਂ 24 ਸਾਲ ਸੀ, ਉਹਨਾਂ ਦੀ ਸ਼ਾਦੀ 18 ਸਾਲ ਦੀ ਉਮਰ ਤੋਂ ਪਹਿਲਾਂ ਹੋਈ, ਅਤੇ ਇਹਨਾਂ ਵਿਚੋਂ 56 ਫੀਸਦੀ ਔਰਤਾਂ ਪੇਂਡੂ ਸਨ। ਰਿਪੋਰਟ ਇਹ ਵੀ ਦਰਸਾਉਂਦੀ ਹੈ ਕਿ ਦੁਨੀਆ ਭਰ 'ਚ ਹੁੰਦੇ ਇਹੋ ਜਿਹੇ ਵਿਆਹਾਂ ਵਿੱਚ 40 ਫੀਸਦੀ ਭਾਰਤ ਵਿੱਚ ਹੁੰਦੇ ਹਨ।

ਦੇਸ਼ ਦਾ ਅੱਧ, ਔਰਤਾਂ ਨਾਲ ਵਿਤਕਰੇ, ਧੱਕੇ ਦੀਆਂ ਕਹਾਣੀਆਂ ਇਵੇਂ ਹੀ ਜਾਰੀ ਰਹਿੰਦੀਆਂ ਹਨ ਤਾਂ ਦੇਸ਼ ਤਰੱਕੀ ਨਹੀਂ ਕਰ ਸਕੇਗਾ। ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦਾ ਕਥਨ ਹੈ ਕਿ ਕਿਸੇ ਵੀ ਰਾਸ਼ਟਰ ਦੀ ਦਸ਼ਾ ਉਥੋਂ ਦੀਆਂ ਔਰਤਾਂ ਦੀ ਦਸ਼ਾ ਤੋਂ ਪਰਖੀ ਜਾ ਸਕਦੀ ਹੈ।

ਔਰਤਾਂ ਵਿਰੁੱਧ ਕੀਤੀ ਹਿੰਸਾ ਅਤੇ ਉਹਨਾਂ ਨੂੰ ਅਪਰਾਧ ਦਾ ਸ਼ਿਕਾਰ ਬਣਾਉਣ ਲਈ ਆਪਣੀ ਤਾਕਤ ਦੀ ਵਰਤੋਂ ਕਰਨਾ ਮਰਦਾਂ ਅਤੇ ਸਮਾਜ ਪ੍ਰਤੀ ਔਰਤਾਂ ਦੇ ਮਨਾਂ 'ਚ ਨਫ਼ਰਤ ਪੈਦਾ ਕਰਨ ਦਾ ਸਾਧਨ ਬਣ ਰਿਹਾ ਹੈ। ਅੱਜ ਔਰਤ ਪਰੰਪਰਾਵਾਂ, ਵਰਣ ਵਿਵਸਥਾ, ਸੰਸਕਾਰਾਂ, ਆਰਥਿਕ ਉਤਪੀੜਨ, ਨਿੱਜੀ ਸੰਪਤੀ ਦੀ ਬੁਨਿਆਦ ਨਾਲ ਬੁਰੀ ਤਰ੍ਹਾਂ ਪੀੜਤ ਹੈ।

ਲੋੜ ਇਸ ਗੱਲ ਦੀ ਹੈ ਕਿ ਮਰਦ ਪ੍ਰਧਾਨ ਸਮਾਜ ਵਿੱਚ ਉਹਨਾਂ ਪ੍ਰਤੀ ਸੋਚ ਬਦਲੀ ਜਾਏ ਅਤੇ ਉਸ ਸੋਚ ਤੋਂ ਮੁਕਤੀ ਪਾਈ ਜਾਏ, ਜਿਸ ਤਹਿਤ ਉਹਨਾਂ ਨੂੰ ਹੀਣ ਸਮਝਿਆ ਜਾਂਦਾ ਹੈ ਅਤੇ ਉਹਨਾਂ ਦਾ ਹਰ ਖੇਤਰ 'ਚ ਤ੍ਰਿਸਕਾਰ ਕੀਤਾ ਜਾਂਦਾ ਹੈ। ਇੱਕ ਵਿਦਵਾਨ ਦਾ ਕਹਿਣਾ ਹੈ, "ਔਰਤਾਂ ਦਾ ਤ੍ਰਿਸਕਾਰ ਉਹਨਾਂ ਨੂੰ ਸ਼ਰੀਰਕ ਅਤੇ ਮਾਨਸਿਕ ਨੁਕਸਾਨ ਤਾਂ ਪਹੁੰਚਾ ਸਕਦਾ ਹੈ, ਪਰ ਉਹਨਾਂ ਦਾ ਮਨ ਨਹੀਂ ਜਿੱਤ ਸਕਦਾ"।

# ਜ਼ਿਲ੍ਹਾ ਕਮੇਟੀ ਮੀਟਿੰਗ ਵਿਚ ਸਰਦ ਰੁੱਤ ਸੈਸ਼ਨ ਦੌਰਾਨ ਵਿਧਾਨ ਸਭਾ ਦੇ ਘਿਰਾਓ ਅਤੇ ਗ੍ਰਿਫਤਾਰੀਆਂ ਦੇਣ ਦੀ ਰੂਪ ਰੇਖਾ ਤਿਆਰ

ਗਜ਼ਟਿਡ ਅਤੇ ਨਾਨ ਗਜ਼ਟਿਡ ਐੱਸ.ਸੀ. ਬੀ.ਸੀ. ਇੰਪਲਾਈਜ਼ ਵੈੱਲਫੇਅਰ ਫੈੱਡਰੇਸ਼ਨ ਪੰਜਾਬ ਦੀ ਜ਼ਿਲ੍ਹਾ ਇਕਾਈ ਹੁਸ਼ਿਆਰਪੁਰ ਦੀ ਮੀਟਿੰਗ ਸੂਬਾ ਚੇਅਰਮੈਨ ਸ. ਜਸਬੀਰ ਸਿੰਘ ਪਾਲ ਅਤੇ ਸੂਬਾ ਪ੍ਰਧਾਨ ਸ਼੍ਰੀ ਬਲਰਾਜ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਪ੍ਰਧਾਨ ਸ. ਕੁਲਵਿੰਦਰ ਸਿੰਘ ਬੋਦਲ ਦੀ ਅਗਵਾਈ ਵਿਚ ਸ਼੍ਰੀ ਗੁਰੂ ਰਵਿਦਾਸ ਮੰਦਰ ਕਮਾਲਪੁਰ ਵਿਖੇ ਹੋਈ। ਮੀਟਿੰਗ ਵਿਚ ਅਨੁਸੂਚਿਤ ਜਾਤੀ ਅਤੇ ਪੱਛੜੀਆਂ ਸ਼੍ਰੇਣੀਆਂ ਦੀ 52% ਅਬਾਦੀ ਨੂੰ ਰਾਖਵਾਂਕਰਨ ਨਾ ਦੇਣ, 85ਵੀਂ ਸੰਵਿਧਾਨਿਕ ਸੋਧ ਜੋ ਕੈਪਟਨ ਸਰਕਾਰ ਨੇ 2005 ਵਿਚ ਲਾਗੂ ਕੀਤੀ ਸੀ ਜਿਸਨੂੰ ਰਾਖਵਾਂਕਰਨ ਵਿਰੋਧੀ ਅਤੇ ਗੈਰ ਸੰਵਿਧਾਨਕ ਪੱਤਰ 10.10.2014 ਰਾਹੀਂ ਬਾਦਲ ਸਰਕਾਰ ਨੇ ਰੱਦ ਕਰ ਦਿੱਤਾ ਹੈ ਨੂੰ ਵਾਪਸ ਨਾ ਲੈ ਕੇ, 28 ਲੱਖ ਸਕੂਲੀ ਵਿਦਿਆਰਥੀਆਂ ਦਾ ਵਜੀਫਾ ਅਤੇ 10 ਲੱਖ ਵਿਦਿਆਰਥੀਆਂ ਨੂੰ ਕਿਤਾਬਾਂ ਸਮੇਂ ਸਿਰ ਨਾ ਦੇ ਕੇ ਕਾਂਗਰਸ ਸਰਕਾਰ ਵੀ ਬਾਦਲ ਸਰਕਾਰ ਵਾਂਗ ਦਲਿਤ ਵਿਰੋਧੀ ਹੋ ਨਿਬੜੀ ਹੈ।ਇਨ੍ਹਾਂ ਵਧੀਕੀਆਂ ਵਿਰੁਧ ਰਾਖਵੀਆਂ 34 ਸੀਟਾਂ ਤੋਂ ਜਿੱਤੇ ਅਤੇ ਹਾਰੇ ਐੱਮ.ਐੱਲ.ਏ. ਵੀ ਮੂੰਹ ਨਾ ਖ੍ਹੋਲ ਕੇ ਦਲਿਤ ਸਮਾਜ ਨਾਲ ਧ੍ਰੋਹ ਕਮਾ ਰਹੇ ਹਨ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਵੱਖ ਵੱਖ ਬੁਲਾਰਿਆਂ ਡਾ. ਜਸਵੰਤ ਰਾਏ, ਲੈਕ. ਬਲਜੀਤ ਸਿੰਘ, ਲੈਕ. ਬਲਦੇਵ ਸਿੰਘ ਧੁੱਗਾ, ਪ੍ਰਿੰਸੀ. ਗੁਰਦਿਆਲ ਸਿੰਘ ਫੁੱਲ, ਰਾਮ ਲਾਲ ਭਗਤ, ਲੈਕ. ਅਮਰਜੀਤ ਸਿੰਘ, ਸੁਰਜੀਤ ਰਾਜਾ, ਬਲਵਿੰਦਰ ਸਿੰਘ, ਅਬਜਰਬਰ ਪਰਮਜੀਤ ਸਿੰਘ ਜਲੰਧਰ, ਯੋਧਾ ਮੱਲ ਹੁ.ਪੁਰ 2-ਏ, ਬਲਵੀਰ ਸਿੰਘ-1ਬੀ, ਗੁਲਜਾਰੀ ਲਾਲ 2-ਬੀ, ਲਖਵਿੰਦਰ ਰਾਮ 1-ਏ, ਬ੍ਰਹਮਜੀਤ ਸਿੰਘ ਮਾਹਿਲਪੁਰ, ਚਮਨ ਲਾਲ ਦਸੂਹਾ-1, ਕਸ਼ਮੀਰ ਸਿੰਘ ਦਸੂਹਾ-2, ਅਨਿਲ ਕੁਮਾਰ ਟਾਂਡਾ, ਪਰਦੀਪ ਸਿੰਘ ਬੁਲ੍ਹੋਵਾਲ, ਜਸਪਾਲ ਸਿੰਘ ਗੜ੍ਹਦੀਵਾਲਾ, ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਆਂਗਨਵਾੜੀ ਵਰਕਰਾਂ ਅਤੇ ਆਸ਼ਾ ਵਰਕਾਰਾਂ ਨੂੰ ਪੱਕੇ ਕਰਕੇ ਸਬੰਧਿਤ ਵਿਭਾਗਾਂ ਵਿਚ ਸ਼ਾਮਿਲ ਕੀਤਾ ਜਾਵੇ, ਸੂਬੇ ਦੀ ਐਸ.ਸੀ.ਬੀ.ਸੀ. ਅਬਾਦੀ ਅਨੁਸਾਰ ਬੱਜਟ ਅਲਾਟ ਕਰਕੇ ਸਾਲ 2002 ਤੋਂ 35000 ਬੈਕਲਾਗ ਦੀਆਂ ਖਤਮ ਕੀਤੀਆਂ ਪੋਸਟਾਂ ਬਹਾਲ ਕਰਕੇ ਸਮਾਜ ਵਿੱਚੋਂ ਬੇਵਿਸ਼ਵਾਸ਼ੀ ਨੂੰ ਦੂਰ ਕੀਤਾ ਜਾਵੇ, ਐੱਸ.ਐੱਸ.ਏ. ਰਮਸਾ ਅਤੇ ਕੰਟਰੈਕਟ ਤੇ ਕੰਮ ਕਰਦੇ ਕਰਮਚਾਰੀਆਂ ਨੂੰ ਰੈਗੂਲਰ ਕਰਾਉਣ, 2004 ਤੋਂ ਸਾਰਿਆਂ ਨੂੰ ਪੈਨਸ਼ਨ ਦਾ ਲਾਭ ਦੇਣ, ਬੇਰੁਜ਼ਗਾਰਾਂ ਨੂੰ 2500 ਰੁਪਏ ਭੱਤਾ, ਸ਼ਗਨ ਸਕੀਮ ਦੀ ਰਾਸ਼ੀ 51000, ਬੁਢਾਪਾ ਪੈਨਸ਼ਨ 2100 ਕਰਨ, ਖੁਦਕੁਸ਼ੀ ਕਰਨ ਵਾਲੇ ਖੇਤ ਮਜ਼ਦੂਰ ਨੂੰ ਮੁਆਵਜ਼ਾ ਦੇਣ, ਦਲਿਤਾਂ ਤੇ ਹੋ ਰਹੇ ਅੱਤਿਆਚਾਰ ਬੰਦ ਕਰਾਉਣ ਅਤੇ ਅੱਤਿਆਚਾਰ ਕਰਨ ਵਾਲਿਆਂ ਨੂੰ ਜੇਲਾਂ ਵਿਚ ਬੰਦ ਕਰਾਉਣ ਲਈ ਸੂਬਾ ਕਮੇਟੀ ਵਲੋਂ ਸਰਦ ਰੁੱਤ ਸੈਸ਼ਨ ਦੌਰਾਨ ਚੰਡੀਗੜ੍ਹ ਵੱਲ ਮਾਰਚ ਕਰਨ ਦਾ ਐਲਾਨ ਕਰਦੇ ਹੋਏ ਤਿਆਰੀ ਲਈ ਜ਼ਮੀਨ ਤਿਆਰ ਕਰਨ ਲਈ 7 ਅਕਤੂਬਰ ਤੋਂ 11 ਅਕਤੂਬਰ ਤੱਕ ਜਿਲ੍ਹਾ ਪੱਧਰ ਤੇ ਤਿਆਰੀ ਕਮੇਟੀ ਦੀਆਂ ਮੀਟਿੰਗਾਂ, 16 ਅਕਤੂਬਰ ਤੋਂ 28 ਅਕਤੂਬਰ ਤੱਕ ਸਿਖਿਆ ਬਲਾਕ ਪੱਧਰੀ ਰੋਸ ਮਾਰਚ, 1 ਨਵੰਬਰ ਤੋਂ 10 ਨਵੰਬਰ ਤੱਕ ਸਬਡਵੀਜ਼ਨਲ ਪੱਧਰ ਤੇ ਰੋਸ ਮਾਰਚ ਅਤੇ ਐੱਸ.ਡੀ.ਐੱਮ. ਰਾਹੀਂ ਮੁਖ ਮੰਤਰੀ ਨੂੰ ਮੰਗ ਪੱਤਰ, ਐੱਮ.ਐੱਲ.ਏ. ਰਾਹੀਂ ਮੁਖ ਮੰਤਰੀ ਨੂੰ ਮੈਮੋਰੈਂਡਮ ਭੇਜਣ, ਅੰਬੇਡਕਰ ਮਿਸ਼ਨ ਕਲੱਬ ਪੰਜਾਬ ਦੇ ਪਿੰਡ ਅਤੇ ਵਾਰਡ ਪੱਧਰ ਤੇ ਯੂਨਿਟ 31 ਅਕਤੂਬਰ ਤੱਕ ਸਥਾਪਿਤ ਕਰਨ, ਫੈਡਰੇਸ਼ਨ ਦਾ ਸਾਲ 2018 ਦਾ ਕੈਲੰਡਰ ਅਤੇ ਡਾਇਰੀ ਛਾਪਣ ਸਬੰਦੀ ਆਪਣੇ ਵਿਚਾਰ ਵਿਅਕਤ ਕੀਤੇ। ਇਸ ਮੌਕੇ ਪ੍ਰਿੰਸੀ. ਜੈ ਸਿੰਘ ਹੀਰਾ, ਪ੍ਰਿੰਸੀ. ਰਣਜੀਤ ਸਿੰਘ, ਪ੍ਰਿੰਸੀ. ਰਾਮ ਆਸਰਾ, ਜਰਨੈਲ ਸਿੰਘ ਸੀਕਰੀ, ਜਤਿੰਦਰ ਸਿੰਘ, ਕਸ਼ਮੀਰ ਸਿੰਘ, ਜਸਵੀਰ ਸਿੰਘ, ਰਣਵੀਰ ਸਿੰਘ, ਪ੍ਰਿਥੀਪਾਲ ਸਿੰਘ,ਤੇਜਾ ਸਿੰਘ, ਸੁਰੇਸ਼ ਕੁਮਾਰ ਜਲੰਧਰ, ਅਵਤਾਰ ਸਿੰਘ, ਬਲਵਿੰਦਰ ਸਿੰਘ, ਗੁਰਮੁਖ ਸਿੰਘ, ਸੁਖਦੇਵ ਸਿੰਘ ਬੁਲ੍ਹੋਵਾਲ, ਹੰਸ ਰਾਜ ਅਤੇ ਫੈੱਡਰੇਸ਼ਨ ਦੇ ਸੈਕੜੇ ਵਰਕਰ ਹਾਜ਼ਰ ਸਨ।



**ਰਿਪੋਰਟ: ਡਾ. ਜਸਵੰਤ ਰਾਏ ਜਨਰਲ ਸਕੱਤਰ**
**ਹੁਸ਼ਿਆਰਪੁਰ (9815825999)**

# ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਾਂ ਰਵੀਸ਼ ਕੁਮਾਰ ਦਾ ਖੁੱਲ੍ਹਾ ਖ਼ਤ



ਰਵੀਸ਼ ਕੁਮਾਰ

**ਸਤਿਕਾਰਯੋਗ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਜੀ,**

ਆਸ ਹੀ ਨਹੀਂ ਸਗੋਂ ਪੂਰਾ ਵਿਸਵਾਸ਼ ਹੈ ਕਿ ਤੁਸੀਂ ਤੰਦਰੁਸਤ ਹੋਵੋਗੇ। ਮੈਂ ਹਮੇਸ਼ਾਂ ਤੁਹਾਡੀ ਚੰਗੀ ਸਿਹਤ ਲਈ ਸ਼ੁਭ ਕਾਮਨਾ ਕਰਦਾ ਹਾਂ। ਤੁਸੀਂ ਬੇਹੱਦ ਊਰਜਾ ਦੇ ਧਨੀ ਬਣੇ ਰਹੋ ਇਸਦੀ ਅਰਦਾਸ ਕਰਦਾ ਹਾਂ। ਚਿੱਠੀ ਦਾ ਮੰਤਵ ਸੀਮਤ ਹੈ। ਜਿਵੇਂ ਕਿ ਸਾਰੇ ਜਾਣਦੇ ਹਾਂ ਕਿ ਸੋਸ਼ਲ ਮੀਡੀਆ ਦੇ ਮੰਚ 'ਤੇ ਭਾਸ਼ਾਈ ਸਲੀਕੇ ਨੂੰ ਕੁਚਲਿਆ ਜਾ ਰਿਹਾ ਹੈ। ਇਸ ਵਿਚ ਤੁਹਾਡੀ ਅਗਵਾਈ ਵਿਚ ਚੱਲਣ ਵਾਲੇ ਸੰਗਠਨਾਂ ਦੇ ਮੈਂਬਰ, ਹਮਾਇਤੀਆਂ ਤੋਂ ਇਲਾਵਾ ਵਿਰੋਧੀਆਂ ਦੇ ਸੰਗਠਨ ਅਤੇ ਮੈਂਬਰ ਵੀ ਸ਼ਾਮਲ ਹਨ। ਇਸ ਵਰਤਾਰੇ ਅਤੇ ਨਿਘਾਰ ਵਿੱਚ ਸ਼ਾਮਲ ਲੋਕਾਂ ਦੀ ਗਿਣਤੀ ਵਧਦੀ ਜਾ ਰਹੀ ਹੈ। ਦੁਖ ਦੀ ਗੱਲ ਹੈ ਕਿ ਬੇਹੂਦਾ ਭਾਸ਼ਾ ਵਰਤਣ ਅਤੇ ਧਮਕੀਆਂ ਦੇਣ ਵਾਲੇ ਕੁਝ ਲੋਕਾਂ ਨੂੰ ਤੁਸੀਂ ਟਵਿਟਰ 'ਤੇ ਫੌਲੋ ਕਰਦੇ ਹੋ। ਜਨਤਕ ਤੌਰ 'ਤੇ ਉਜਾਗਰ ਹੋਣ ਅਤੇ ਵਿਵਾਦ ਹੋਣ ਤੋਂ ਬਾਅਦ ਵੀ ਫੌਲੋ ਕਰਦੇ ਹੋ। ਭਾਰਤ ਦੇ ਪ੍ਰਧਾਨ ਮੰਤਰੀ ਦੀ ਸੋਹਬਤ ਵਿੱਚ ਅਜਿਹੇ ਲੋਕ ਹੋਣ ਇਹ ਨਾ ਤਾਂ ਤੁਹਾਨੂੰ ਸ਼ੋਭਾ ਦਿੰਦਾ ਹੈ ਅਤੇ ਨਾ ਹੀ ਤੁਹਾਡੇ ਅਹੁਦੇ ਦੀ ਸ਼ਾਨ ਨੂੰ। ਕਿਸੇ ਖਾਸ ਯੋਗਤਾ ਦੇ ਕਾਰਣ ਹੀ ਤੁਸੀਂ ਕਿਸੇ ਨੂੰ ਫੌਲੋ ਕਰਦੇ ਹੋਵੋਗੇ। ਮੈਨੂੰ ਪੂਰੀ ਉਮੀਦ ਹੈ ਕਿ ਧਮਕਾਉਣ, ਗਾਲਾਂ ਕੱਢਣ ਅਤੇ ਅੱਤ ਦਰਜੇ ਦੀਆਂ ਫਿਰਕੂ ਗੱਲਾਂ ਕਰਨ ਨੂੰ ਤੁਸੀਂ ਫੌਲੋ ਕਰਨ ਦੀ ਯੋਗਤਾ ਨਹੀਂ ਮੰਨਦੇ ਹੋਵੋਗੇ।

ਤੁਹਾਡੇ ਰੁਝੇਵੇਂ ਸਮਝ ਸਕਦਾ ਹਾਂ ਪਰ ਤੁਹਾਡੀ ਟੀਮ ਇਹ ਯਕੀਨੀ ਬਣਾ ਸਕਦੀ ਹੈ ਕਿ ਤੁਸੀਂ ਅਜਿਹੇ ਕਿਸੇ ਸਖਸ਼ ਨੂੰ ਟਵਿਟਰ 'ਤੇ ਫੌਲੋ ਨਾ ਕਰੋ। ਇਹ ਲੋਕ ਤੁਹਾਡੀ ਸ਼ਾਨ ਨੂੰ ਧੱਬਾ ਲਾ ਰਹੇ ਹਨ। ਭਾਰਤ ਦੀ ਜਨਤਾ ਨੇ ਤੁਹਾਨੂੰ ਬੇਹੱਦ ਪਿਆਰ ਦਿੱਤਾ ਹੈ, ਕੋਈ ਕਮੀ ਰਹਿ ਗਈ ਹੋਵੇ ਤਾਂ ਤੁਸੀਂ ਉਸ ਤੋਂ ਮੰਗ ਸਕਦੇ ਹੋ, ਉਹ ਖੁਸ਼ੀ ਖੁਸ਼ੀ ਦੇ ਦੇਵੇਗੀ। ਪਰ ਇਹ ਸ਼ੋਭਾ ਨਹੀਂ ਦਿੰਦਾ ਕਿ ਭਾਰਤ ਦਾ ਪ੍ਰਧਾਨ ਮੰਤਰੀ ਅਜਿਹੇ ਲੋਕਾਂ ਨੂੰ ਫੌਲੋ ਕਰੇ ਜੋ ਅਲੋਚਕਾਂ ਦੇ ਜਿਉਂਦੇ ਹੋਣ 'ਤੇ ਦੁਖ ਪ੍ਰਗਟ ਕਰਦੇ ਹੋਣ।

ਅੱਜ ਜਦੋਂ ਤੋਂ ਅਲਟਨਈਸ.ਨਿ 'ਤੇ ਪੜ੍ਹਿਆ ਹੈ ਕਿ, 'ਓਮ ਧਰਮ ਰਖਸ਼ਤਿ ਰਖਸ਼ਿਤ:' ਨਾਂ ਦੇ ਵਟਸਐਪ ਗਰੁੱਪ ਵਿਚ ਜਿਹੜੇ ਲੋਕ ਮੈਨੂੰ ਕੁਝ ਮਹੀਨਿਆਂ ਤੋਂ ਗੰਦੀਆਂ ਗਾਲਾਂ ਕੱਢ ਰਹੇ ਸਨ, ਧਮਕੀਆਂ ਦੇ ਰਹੇ ਸਨ, ਫਿਰਕੂ ਗੱਲਾਂ ਕਰ ਰਹੇ ਸਨ, ਮੇਰੇ ਵਰਗੇ ਸਰਵੋਤਮ ਦੇਸ਼ ਭਗਤ ਅਤੇ ਦੂਸਰੇ ਪੱਤਰਕਾਰਾਂ ਨੂੰ ਅੱਤਵਾਦੀ ਕਹਿ ਰਹੇ ਹਨ, ਉਹਨਾਂ ਵਿਚੋਂ ਕੁਝ ਕੁ ਨੂੰ ਤੁਸੀਂ ਟਵਿਟਰ 'ਤੇ ਫੌਲੋ ਕਰਦੇ ਹੋ, ਮੈਂ ਡਰ ਗਿਆ ਹਾਂ। ਪ੍ਰਧਾਨ ਮੰਤਰੀ ਜੀ, ਇਸ ਵਟਸਐਪ ਗਰੁੱਪ ਵਿਚ ਮੈਨੂੰ ਅਤੇ ਕੁਝ ਪੱਤਰਕਾਰਾਂ ਨੂੰ ਲੈ ਕੇ ਜਿਹੋ ਜਿਹੀ ਬੇਹੂਦਾ ਭਾਸ਼ਾ ਵਰਤੀ ਗਈ ਹੈ ਜੇ ਉਹ ਮੈਂ ਪੜ੍ਹ ਦੇਵਾਂ ਤਾਂ ਸੁਣਨ ਵਾਲੇ ਕੰਨ ਬੰਦ ਕਰ ਲੈਣਗੇ। ਮੇਰੀ ਜਿੰਮੇਵਾਰੀ ਬਣਦੀ ਹੈ ਕਿ ਮੈਂ ਸਖ਼ਤ ਆਲੋਚਨਾ ਦੇ ਬਾਵਜੂਦ ਵੀ ਤੁਹਾਡਾ ਲਿਹਾਜ਼ ਕਰਾਂ। ਔਰਤ ਪੱਤਰਕਾਰਾਂ ਦੀ ਸ਼ਾਨ ਵਿੱਚ ਜਿਸ ਭਾਸ਼ਾ ਦਾ ਇਸਤੇਮਾਲ ਕੀਤਾ ਗਿਆ ਹੈ ਉਹ ਸ਼ਰਮਨਾਕ ਹੈ।

ਸੋਸ਼ਲ ਮੀਡੀਆ 'ਤੇ ਤੁਹਾਡੇ ਲਈ ਵੀ ਬੇਹੂਦਾ ਭਾਸ਼ਾ ਦਾ ਇਸਤੇਮਾਲ ਕੀਤਾ ਜਾਂਦਾ ਹੈ ਜਿਸਦਾ ਮੈਨੂੰ ਵਾਕਈ ਅਫ਼ਸੋਸ ਹੈ। ਪਰ ਇਥੇ ਮਾਮਲਾ ਤੁਹਾਡੇ ਵਲੋਂ ਅਜਿਹੇ ਲੋਕਾਂ ਦਾ ਹੈ ਜੋ ਮੇਰੇ ਵਰਗੇ ਇੱਕਲੇ ਪੱਤਰਕਾਰ ਨੂੰ ਧਮਕੀਆਂ ਦਿੰਦੇ ਰਹਿੰਦੇ ਹਨ। ਜਦੋਂ ਵੀ ਇਸ ਵਟਸਐਪ ਗਰੁੱਪ 'ਚੋਂ ਵੱਖ ਹੋਣ ਦਾ ਯਤਨ ਕੀਤਾ, ਫੜੋ ਇਸਨੂੰ, ਦੌੜ ਰਿਹਾ ਹੈ, ਮਾਰੋ ਇਸਨੂੰ ਵਰਗੀ ਭਾਸ਼ਾ ਦਾ ਇਸਤੇਮਾਲ ਕਰਕੇ ਦੁਬਾਰਾ ਉਸ ਗਰੁੱਪ ਵਿਚ ਜੋੜ ਦਿੱਤਾ ਗਿਆ।

ਰਾਜਨੀਤੀ ਨੇ ਸੋਸ਼ਲ ਮੀਡੀਆ ਅਤੇ ਸੜਕਾਂ ਉਤੇ ਜੋ ਭੀੜ ਤਿਆਰ ਕੀਤੀ ਹੈ, ਇਕ ਦਿਨ ਸਮਾਜ ਲਈ, ਖਾਸ ਕਰਕੇ ਔਰਤਾਂ ਲਈ ਵੱਡੀ ਚੁਣੌਤੀ ਬਣ ਜਾਵੇਗੀ। ਇਹਨਾਂ ਦੀਆਂ ਗਾਲਾਂ ਔਰਤ ਵਿਰੋਧੀ ਹੁੰਦੀਆਂ ਹਨ। ਏਨੀਆਂ ਫਿਰਕੂ ਹੁੰਦੀਆਂ ਹਨ ਕਿ ਤੁਸੀਂ ਤਾਂ ਬਿਲਕੁਲ ਬਰਦਾਸ਼ਤ ਨਹੀਂ ਕਰੋਗੇ। ਵੈਸੇ ਵੀ 2022 ਤੱਕ ਭਾਰਤ 'ਚੋਂ ਫਿਰਕਾਪ੍ਰਸਤੀ ਮਿਟਾਉਣਾ ਚਾਹੁੰਦੇ ਹੋ। 15 ਅਗਸਤ ਦੇ ਤੁਹਾਡੇ ਭਾਸ਼ਣ ਦਾ ਵੀ ਇਹਨਾ 'ਤੇ ਕੋਈ ਅਸਰ ਨਹੀਂ ਹੋਇਆ ਅਤੇ ਉਹ ਵਾਰ ਵਾਰ ਮੈਨੂੰ ਧਮਕੀਆਂ ਦਿੰਦੇ ਰਹੇ ਹਨ।

ਹੁਣ ਮੇਰਾ ਤੁਹਾਨੂੰ ਇਕ ਸਵਾਲ ਹੈ, ਕੀ ਤੁਸੀਂ ਵਾਕਈ ਹੀ ਨੀਰਜ ਦਵੇ ਅਤੇ ਨਿਖਿਲ ਦਧੀਚ ਨੂੰ ਫੌਲੋ ਕਰਦੇ ਹੋ? ਕਿਉਂ ਕਰਦੇ ਹੋ? ਕੁਝ ਦਿਨ ਪਹਿਲਾਂ ਮੈਂ ਇਹਨਾਂ ਦੇ ਵਟਸਐਪ ਗਰੁੱਪ ਦੇ ਸਕਰੀਨ ਸ਼ਾਟ ਆਪਣੇ ਫੇਸਬੁਕ ਪੇਜ਼ @RavishKaPage ਜ਼ਾਹਰ ਕਰ ਦਿੱਤੇ ਸਨ। altnews.in ਦੇ ਪ੍ਰਤੀਕ ਸਿਨਹਾ ਅਤੇ ਨੀਲੇਸ਼ ਪ੍ਰੋਹਿਤ ਦੀ ਪੜਤਾਲ ਦੱਸਦੀ ਹੈ ਕਿ ਗਰੁੱਪ ਦਾ ਮੈਂਬਰ ਨੀਰਜ ਦਵੇ ਰਾਜਕੋਟ ਦਾ ਰਹਿਣ ਵਾਲਾ ਹੈ ਅਤੇ ਇਕ ਐਕਸਪੋਰਟ ਕੰਪਨੀ ਦਾ ਪ੍ਰਬੰਧ ਨਿਰਦੇਸ਼ਕ ਹੈ। ਨੀਰਜ ਦਵੇ ਨੂੰ ਤੁਸੀਂ ਫੌਲੋ ਕਰਦੇ ਹੋ। ਜਦੋਂ ਮੈਂ ਲਿਖਿਆ ਕਿ ਏਨੀ ਬੇਹੂਦਾ ਭਾਸ਼ਾ ਦਾ ਇਸਤੇਮਾਲ ਨਾ ਕਰੋ ਤਾਂ ਲਿਖਦਾ ਹੈ ਕਿ ਮੈਨੂੰ ਦੁੱਖ ਹੈ ਕਿ ਤੂੰ ਅਜੇ ਤੱਕ ਜਿਉਂਦਾ ਏਂ।

ਵਟਸਐਪ ਗਰੁਪ ਦੇ ਇਕ ਹੋਰ ਮੈਂਬਰ ਨਿਖਿਲ ਦਧੀਚ ਬਾਰੇ ਕਿੰਨਾ ਕੁਝ ਲਿਖਿਆ ਗਿਆ। ਪੱਤਰਕਾਰ ਗੌਰੀ ਲੰਕੇਸ਼ ਦਾ ਕਤਲ ਹੋਇਆ ਉਦੋਂ ਨਿਖਲ ਦਧੀਚ ਨੇ ਉਹਨਾਂ ਬਾਰੇ ਜੋ ਕੁਝ ਕਿਹਾ ਉਹ ਤੁਸੀਂ ਕਦੇ ਪਸੰਦ ਨਹੀਂ ਕਰੋਗੇ, ਇਹ ਵੱਖਰੀ ਗੱਲ ਹੈ ਕਿ ਤੁਸੀਂ ਉਸ ਸਖਸ਼ ਨੂੰ ਅਜੇ ਤੱਕ ਫੌਲੋ ਕਰ ਰਹੇ ਹੋ। ਜੇ ਮੇਰੀ ਜਾਣਕਾਰੀ ਸਹੀ ਹੈ ਤਾਂ ਹੁਣੇ ਜਿਹੇ ਬੀ ਜੇ ਪੀ ਦੇ ਆਈ ਟੀ ਸੈੱਲ ਦੇ ਮੁਖੀ ਅਮਿਤ ਮਾਲਵੀਆ ਨੇ ਗ਼ਲਤ ਤਰੀਕੇ ਨਾਲ ਐਡਿਟ ਕੀਤੀ ਹੋਈ ਮੇਰੇ ਭਾਸ਼ਣ ਦੀ ਵੀਡੀਓ ਸ਼ੇਅਰ ਕੀਤੀ ਸੀ। ਇਸ ਨਾਲ ਭਰਮ ਫੈਲਿਆ। altnew.[in ਨੇ ਉਸ ਨੂੰ ਵੀ ਉਜਾਗਰ ਕੀਤਾ ਪਰ ਅਮਿਤ ਮਾਲਵੀਆ ਨੇ ਅਫ਼ਸੋਸ ਤੱਕ ਨਹੀਂ ਜਤਾਇਆ।

ਪਰ ਸ੍ਰੀਮਾਨ ਜੀ ਮੈਨੂੰ ਬਿਲਕੁਲ ਅੰਦਾਜਾ ਨਹੀਂ ਸੀ ਕਿ ਇਹ ਨਿਖਿਲ ਦਧੀਚ ਮੇਰੇ ਮੋਬਾਇਲ ਫੋਨ ਵਿਚ ਆ ਬੈਠਾ ਹੈ। ਅੱਤ ਫਿਰਕੂ ਵਟਸਐਪ ਗਰੁੱਪ ਦਾ ਮੈਂਬਰ ਹੈ। ਜਿਸ ਵਿਚ ਮੈਨੂੰ ਜਬਰਦਸਤੀ ਜੋੜਿਆ ਜਾਂਦਾ ਹੈ। ਜਿਥੇ ਮੇਰੇ ਖ਼ਿਲਾਫ਼ ਹਿੰਸਕ ਸ਼ਬਦਾਂ ਦਾ ਇਸਤੇਮਾਲ ਕੀਤਾ ਜਾਂਦਾ ਹੈ। ਵਾਕਈ ਹੀ ਮੈਂ ਇਹ ਨਹੀਂ ਸੋਚਿਆ ਸੀ ਕਿ ਇਸ ਵਟਸਐਪ ਗਰੁੱਪ ਦੇ ਤਾਰ ਤੁਹਾਡੇ ਤੱਕ ਪਹੁੰਚਣਗੇ। ਕਾਸ਼! ਦੀ ਇਹ ਪੜਤਾਲ ਗ਼ਲਤ ਹੋਵੇ। ਨਿਖਿਲ ਦਧੀਚ ਦੀਆਂ ਤਾਂ ਤੁਹਾਡੇ ਕਈ ਮੰਤਰੀਆਂ ਨਾਲ ਤਸਵੀਰਾਂ ਹਨ।

ਇਹ ਹੀ ਨਹੀਂ 'ਓਮ ਧਰਮ ਰਖਸ਼ਤਿ ਰਖਸ਼ਿਤ:' ਗਰੁੱਪ ਦੇ ਕਈ ਐਡਮਿਨ ਹਨ। ਕੁਝ ਐਡਮਿਨ ਦੇ ਨਾਂ RSS, RSS-2 ਰੱਖੇ ਗਏ ਹਨ। ਇਕ ਐਡਮਿਨ ਦਾ ਨਾਂ ਆਕਾਸ਼ ਸੋਨੀ ਹੈ। ਭਾਰਤ ਦੀ ਦੂਸਰੀ ਮਹਿਲਾ ਰੱਖਿਆ ਮੰਤਰੀ ਨਿਰਮਲਾ ਸੀਤਾਰਮਨ ਜੀ, ਸਿਹਤ ਮੰਤਰੀ ਜੇਪੀ ਨੱਢਾ ਜੀ ਅਤੇ ਦਿੱਲੀ ਬੀ ਜੇ ਪੀ ਦੇ ਪ੍ਰਧਾਨ ਮਨੋਜ ਤਿਵਾਰੀ ਨਾਲ ਆਕਾਸ਼ ਸੋਨੀ ਦੀਆਂ ਤਸਵੀਰਾਂ ਹਨ। ਤਸਵੀਰ ਕਿਸੇ ਦੀ ਵੀ ਕਿਸੇ ਦੇ ਨਾਲ ਹੋ ਸਕਦੀ ਹੈ। ਪਰ ਇਹ ਤਾਂ ਕਿਸੇ ਨੂੰ ਧਮਕਾਉਣ ਜਾਂ ਫਿਰਕੂ ਗੱਲਾਂ ਕਰਨ ਦਾ ਗਰੁੱਪ ਚਲਾਉਂਦਾ ਹੈ। ਤੁਹਾਡੇ ਬਾਰੇ ਕੋਈ ਲਿਖ ਦਿੰਦਾ ਹੈ ਤਾਂ ਉਸ ਵਟਸਐਪ ਗਰੁੱਪ ਦੇ ਐਡਮਿਨ ਨੂੰ ਗ੍ਰਿਫ਼ਤਾਰ ਕਰ ਲਿਆ ਜਾਂਦਾ ਹੈ। ਮੈਂ ਅਜਿਹੀਆਂ ਕਈ ਖ਼ਬਰਾਂ ਪੜ੍ਹੀਆਂ ਹਨ।

ਕੀ ਆਕਾਸ਼ ਸੋਨੀ ਆਰ ਐਸ ਐਸ ਦਾ ਪ੍ਰਮੁੱਖ ਅਹੁਦੇਦਾਰ ਹੈ? ਆਕਾਸ਼ ਸੋਨੀ ਨੇ ਮੇਰੇ ਸਮੇਤ ਅਭਿਸਾਰ ਸ਼ਰਮਾ, ਰਾਜਦੀਪ ਸਰਦੇਸਾਈ ਅਤੇ ਬਰਖਾ ਦੱਤ ਦੇ ਫੋਨ ਨੰਬਰਾਂ ਨੂੰ ਆਪਣੇ ਪੇਜ਼ 'ਤੇ ਜਨਤਕ ਕੀਤਾ ਹੈ। ਅਲਟਨਈਸ.ਨਿ ਦੀ ਰਿਪੋਰਟ ਵਿਚ ਇਹ ਗੱਲ ਦੱਸੀ ਗਈ ਹੈ। ਪਹਿਲਾਂ ਵੀ ਤੁਹਾਡੀ ਅਗਵਾਈ ਵਿਚ ਚਲਣ ਵਾਲੇ ਸੰਗਠਨ ਦੇ ਨੇਤਾਵਾਂ ਨੇ ਮੇਰਾ ਫੋਨ ਨੰਬਰ ਜਨਤਕ ਕੀਤਾ ਹੈ ਅਤੇ ਮੈਨੂੰ ਧਮਕੀਆਂ ਮਿਲੀਆਂ ਹਨ। ਮੈਂ ਪਰੇਸ਼ਾਨ ਤਾਂ ਹੋਇਆ ਪਰ ਤੁਹਾਨੂੰ ਚਿੱਠੀ ਨਹੀਂ ਲਿਖੀ। ਇਸ ਵਾਰ ਲਿਖ ਰਿਹਾ ਹਾਂ ਕਿਉਂਕਿ ਮੈਂ ਜਾਨਣਾ ਚਾਹੁੰਦਾ ਹਾਂ ਅਤੇ ਤੁਸੀਂ ਵੀ ਪਤਾ ਕਰਵਾਓ ਕਿ ਕੀ ਇਸ ਵਟਸਐਪ ਗਰੁੱਪ ਦੇ ਲੋਕ ਮੇਰੀ ਜਾਨ ਲੈਣ ਦੀ ਹੱਦ ਤੱਕ ਜਾ ਸਕਦੇ ਹਨ? ਕੀ ਮੇਰੀ ਜਾਨ ਨੂੰ ਖ਼ਤਰਾ ਹੈ?

ਮੈਂ ਇਕ ਆਮ ਨਾਗਰਿਕ ਹਾਂ ਅਤੇ ਛੋਟਾ ਜਿਹਾ ਪਰ ਜਾਗਰੂਕ ਪੱਤਰਕਾਰ ਹਾਂ। ਜਿਸ ਬਾਰੇ ਅੱਜ-ਕੱਲ੍ਹ ਹਰ ਦੂਸਰਾ ਜਣਾ ਇਹ ਕਹਿ ਕੇ ਨਿਕਲ ਜਾਂਦਾ ਹੈ ਕਿ ਛੇਤੀ ਹੀ ਤੁਹਾਡੀ ਕਿਰਪਾ ਨਾਲ ਸੜਕ 'ਤੇ ਆਉਣ ਵਾਲਾ ਹਾਂ। ਪਿਛਲੇ ਦਿਨੀ ਸੋਸ਼ਲ ਮੀਡੀਆ 'ਤੇ ਇਸਦਾ ਜਸ਼ਨ ਵੀ ਮਨਾਇਆ ਗਿਆ ਕਿ ਹੁਣ ਮੇਰੀ ਨੌਕਰੀ ਜਾਵੇਗੀ। ਕਈਆਂ ਨੇ ਕਿਹਾ ਅਤੇ ਕਹਿੰਦੇ ਹਨ ਕਿ ਸਰਕਾਰ ਮੇਰੇ ਪਿੱਛੇ ਪਈ ਹੋਈ ਹੈ। ਹੁਣੇ ਜਿਹੇ ਹਿੰਦੋਸਤਾਨ ਟਾਈਮਜ਼ ਦੇ ਸੰਪਾਦਕ ਬੌਬੀ ਘੋਸ਼ ਨੂੰ ਤੁਹਾਡੀ ਨਾਪਸੰਦਗੀ ਦੇ ਕਾਰਣ ਨੌਕਰੀ ਤੋਂ ਕੱਢ ਦਿੱਤਾ ਗਿਆ ਹੈ। ਇਸਦੀ ਖਬਰ ਮੈਂ ਟਹਏਰਿਏ.ਨਿ ਵਿਚ ਪੜ੍ਹੀ ਸੀ। ਕਹਿੰਦੇ ਹਨ ਕਿ ਹੁਣ ਮੇਰੀ ਵਾਰੀ ਹੈ। ਇਹ ਸਭ ਸੁਣ ਕੇ ਹਾਸਾ ਤਾਂ ਆਉਂਦਾ ਹੈ ਪਰ ਚਿੰਤਤ ਹੁੰਦਾ ਹਾਂ। ਮੇਰਾ ਯਕੀਨ ਕਰਨ ਨੂੰ ਦਿਲ ਨਹੀਂ ਕਰਦਾ ਕਿ ਤੁਹਾਡੇ ਵਰਗਾ ਤਾਕਤਵਰ ਪ੍ਰਧਾਨ ਮੰਤਰੀ ਇਕ ਪੱਤਰਕਾਰ ਦੀ ਨੌਕਰੀ ਖੋਹ ਸਕਦਾ ਹੈ। ਫਿਰ ਲੋਕ ਕਹਿੰਦੇ ਹਨ ਕਿ ਥੋੜੇ ਦਿਨਾਂ ਦੀ ਗੱਲ ਹੈ, ਦੇਖ ਲੈਣਾ, ਤੁਹਾਡਾ ਇੰਤਜ਼ਾਮ ਹੋ ਗਿਆ ਹੈ, ਕੀ ਅਜਿਹਾ ਹੈ ਸ੍ਰੀਮਾਨ ਜੀ?

ਅਜਿਹਾ ਹੋਣਾ ਮੇਰੇ ਲਈ ਵੱਡੇ ਭਾਗਾਂ ਦੀ ਗੱਲ ਹੈ। ਪਰ ਤੁਸੀਂ ਇੰਝ ਨਾ ਹੋਣ ਦੇਣਾ। ਮੇਰੇ ਲਈ ਨਹੀਂ, ਭਾਰਤ ਦੇ ਮਹਾਨ ਲੋਕਤੰਤਰ ਦੀ ਸ਼ਾਨ ਦੇ ਲਈ। ਨਹੀਂ ਤਾਂ ਲੋਕ ਕਹਿਣਗੇ ਕਿ ਜੇਕਰ ਮੇਰੀ ਆਵਾਜ਼ ਵੱਖਰੀ ਵੀ ਹੈ, ਤਲਖ਼ ਵੀ ਹੈ ਤਾਂ ਵੀ ਕੀ ਇਸ ਮਹਾਨ ਲੋਕਤੰਤਰ ਵਿਚ ਮੇਰੇ ਲਈ ਕੋਈ ਜਗ੍ਹਾ ਨਹੀਂ ਬਚੀ ਹੈ? ਪੱਤਰਕਾਰ ਦੀ ਨੌਕਰੀ ਖੋਹਣ ਦਾ ਇੰਤਜ਼ਾਮ ਪ੍ਰਧਾਨ ਮੰਤਰੀ ਅਤੇ ਵਿੱਤ ਮੰਤਰੀ ਦੇ ਪੱਧਰ 'ਤੇ ਹੋਵੇਗਾ? ਅਜਿਹੇ ਕਿਆਫ਼ਿਆਂ ਨੂੰ ਮੈਂ ਵਟਸਐਪ ਗਰੁੱਪ ਵਿਚ ਦਿਤੀਆਂ ਜਾਣ ਵਾਲੀਆਂ ਧਮਕੀਆਂ ਨਾਲ ਜੋੜ ਕੇ ਦੇਖਦਾ ਹਾਂ। ਜੇਕਰ ਤੁਸੀਂ ਇਹਨਾਂ ਲੋਕਾਂ ਨੂੰ ਫੌਲੋ ਨਾ ਕਰਦੇ ਹੁੰਦੇ ਤਾਂ ਸੱਚਮੁੱਚ ਮੈਂ ਇਹ ਚਿੱਠੀ ਨਾ ਲਿਖਦਾ।

ਮੇਰੇ ਕੋਲ ਅਲਮੀਨੀਅਮ ਦਾ ਇਕ ਬਕਸਾ ਹੈ ਜਿਸਨੂੰ ਲੈ ਕੇ ਮੈਂ ਦਿੱਲੀ ਆਇਆ ਸੀ। ਇਹਨਾਂ 27 ਸਾਲਾਂ ਵਿਚ ਈਸ਼ਵਰ ਨੇ ਮੈਨੂੰ ਬਹੁਤ ਕੁਝ ਦਿੱਤਾ ਹੈ ਪਰ ਉਹ ਬਕਸਾ ਅੱਜ ਵੀ ਹੈ, ਮੈਂ ਉਸ ਬਕਸੇ ਨਾਲ ਮੋਤੀਹਾਰੀ ਵਾਪਸ ਜਾ ਸਕਦਾ ਹਾਂ। ਪਰ ਪਰਿਵਾਰ ਦੀ ਜਿੰਮੇਵਾਰੀ ਵੀ ਹੈ। ਰੁਜ਼ਗਾਰ ਦੀ ਚਿੰਤਾ ਕਿਸ ਨੂੰ ਨਹੀਂ ਹੁੰਦੀ। ਵੱਡੇ ਵੱਡੇ ਕਲਾਕਾਰ ਸੱਤਰ-ਪਝੱਤਰ ਸਾਲ ਦੇ ਹੋ ਕੇ ਵਿਗਿਆਪਨ ਕਰਦੇ ਰਹਿੰਦੇ ਹਨ ਤਾਂ ਕਿ ਪੈਸਾ ਕਮਾ ਸਕਣ। ਜਦੋਂ ਏਨੇ ਪੈਸੇ ਵਾਲਿਆਂ ਨੂੰ ਵੀ ਘਰ ਚਲਾਉਣ ਦੀ ਚਿੰਤਾ ਹੁੰਦੀ ਹੈ ਤਾਂ ਮੈਂ ਕਿਵੇਂ ਉਸ ਚਿੰਤਾ ਤੋਂ ਵੱਖ ਹੋ ਸਕਦਾ ਹਾਂ, ਮੈਨੂੰ ਵੀ ਹੈ। ਤੁਸੀਂ ਮੇਰੇ ਬੱਚਿਆਂ ਨੂੰ ਸੜਕਾਂ 'ਤੇ ਨਹੀਂ ਦੇਖਣਾ ਚਾਹੋਗੇ। ਚਾਹੋਗੇ? ਮੇਰੇ ਨਾਲ ਏਨੀ ਨਫ਼ਰਤ? ਮੇਰੇ ਬੱਚੇ ਉਦੋਂ ਵੀ ਤੁਹਾਨੂੰ ਦੁਆਵਾਂ ਦੇਣਗੇ। ਮੈਨੂੰ ਸੜਕ ਨਾਲ ਪਿਆਰ ਹੈ, ਮੈਂ ਸੜਕ 'ਤੇ ਆ ਕੇ ਵੀ ਸਵਾਲ ਕਰਦਾ ਰਹਾਂਗਾ। ਚੰਪਾਰਨ ਆ ਕੇ ਬਾਪੂ ਨੇ ਇਹੀ ਤਾਂ ਮਿਸਾਲ ਦਿੱਤੀ ਸੀ ਕਿ ਸੱਤਾ ਕਿੰਨੀ ਵੱਡੀ ਹੋਵੇ, ਜਗ੍ਹਾ ਕਿੰਨੀ ਵੀ ਅਣਜਾਣ ਹੋਵੇ, ਨੈਤਿਕ ਬਲ ਨਾਲ ਕੋਈ ਵੀ ਉਸਦੇ ਸਾਹਮਣੇ ਖੜਾ ਹੋ ਸਕਦਾ ਹੈ। ਮੈਂ ਉਸ ਮਹਾਨ ਮਿੱਟੀ ਦਾ ਛੋਟਾ ਜਿਹਾ ਅੰਸ਼ ਹਾਂ।

ਮੈਂ ਕਿਸੇ ਨੂੰ ਡਰਾਉਣ ਲਈ ਸੱਚ ਨਹੀਂ ਬੋਲਦਾ। ਬਾਪੂ ਕਹਿੰਦੇ ਸੀ ਕਿ ਜਿਸ ਸੱਚ ਵਿਚ ਹੰਕਾਰ ਆ ਜਾਵੇ ਉਹ ਸੱਚ ਨਹੀਂ ਰਹਿ ਜਾਂਦਾ। ਮੈਂ ਆਪਣੇ ਆਪ ਨੂੰ ਹੋਰ ਆਜ਼ਜ਼ ਬਣਾਉਣ ਅਤੇ ਆਪਣੇ ਅੰਦਰੂਨੀ ਵਿਰੋਧਾਂ ਨੂੰ ਲੈ ਕੇ ਪਛਤਾਵਾ ਕਰਨ ਦੇ ਲਈ ਬੋਲਦਾ ਹਾਂ। ਜਦੋਂ ਮੈਂ ਬੋਲ ਨਹੀਂ ਸਕਦਾ, ਲਿਖ ਨਹੀਂ ਸਕਦਾ, ਤਾਂ ਉਸ ਸੱਚ ਨੂੰ ਲੈ ਕੇ ਜੂਝਦਾ ਰਹਿੰਦਾ ਹਾਂ। ਮੈਂ ਆਪਣੀਆਂ ਸਾਰੀਆਂ ਕਮਜ਼ੋਰੀਆਂ ਤੋਂ ਆਜ਼ਾਦ ਹੋਣ ਦੇ ਸੰਘਰਸ਼ ਵਿਚ ਹੀ ਉਹ ਗੱਲ ਕਹਿ ਦਿੰਦਾ ਹਾਂ ਜਿਸ ਨੂੰ ਸੁਣ ਕੇ ਲੋਕ ਕਹਿੰਦੇ ਹਨ – ਤੈਨੂੰ ਸਰਕਾਰ ਤੋਂ ਡਰ ਨਹੀਂ ਲੱਗਦਾ?

ਮੈਨੂੰ ਆਪਣੀਆਂ ਕਮਜ਼ੋਰੀਆਂ ਤੋਂ ਡਰ ਲੱਗਦਾ ਹੈ। ਆਪਣੀਆਂ ਕਮਜ਼ੋਰੀਆਂ ਨਾਲ ਲੜਣ ਲਈ ਹੀ ਬੋਲਦਾ ਹਾਂ। ਲਿਖਦਾ ਹਾਂ। ਕਈ ਵਾਰ ਹਾਰ ਜਾਂਦਾ ਹਾਂ। ਉਸ ਵਕਤ ਆਪਣੇ ਆਪ ਨੂੰ ਦਿਲਾਸਾ ਦਿੰਦਾ ਹਾਂ ਕਿ ਇਸ ਵਾਰ ਫੇਲ੍ਹ ਹੋ ਗਿਆ, ਅਗਲੀ ਵਾਰ ਪਾਸ ਹੋਣ ਦੀ ਕੋਸ਼ਿਸ਼ ਕਰਾਂਗਾ। ਸੱਤਾ ਦੇ ਸਾਹਮਣੇ ਬੋਲਣਾ ਉਸ ਸਾਹਸ ਦਾ ਪ੍ਰਦਰਸ਼ਨ ਹੈ ਜਿਸਦਾ ਅਧਿਕਾਰ ਸੰਵਿਧਾਨ ਦਿੰਦਾ ਹੈ ਅਤੇ ਜਿਸਦੇ ਤੁਸੀਂ ਰਖਵਾਲੇ ਹੋ। ਮੈਂ ਇਹ ਖ਼ਤ ਜਨਤਕ ਰੂਪ ਵਿਚ ਵੀ ਪ੍ਰਕਾਸ਼ਤ ਕਰ ਰਿਹਾ ਹਾਂ ਅਤੇ ਆਪ ਜੀ ਨੂੰ ਡਾਕ ਰਾਹੀਂ ਵੀ ਭੇਜ ਰਿਹਾ ਹਾਂ। ਜੇਕਰ ਤੁਸੀਂ ਨਿਖਿਲ ਦਧੀਚ, ਨੀਰਜ ਦਵੇ ਅਤੇ ਆਕਾਸ਼ ਸੋਨੀ ਨੂੰ ਜਾਣਦੇ ਹੋ ਤਾਂ ਉਹਨਾਂ ਤੋਂ ਬੱਸ ਏਨਾ ਪੁੱਛ ਲੈਣਾ ਕਿ ਕਿਤੇ ਉਹਨਾਂ ਦਾ ਜਾਂ ਇਹਨਾਂ ਦੇ ਕਿਸੇ ਗਰੁੱਪ ਦਾ ਮੈਨੂੰ ਮਾਰਨ ਦਾ ਇਰਾਦਾ ਤਾਂ ਨਹੀਂ ਹੈ? ਖ਼ਤ ਲਿਖਦਿਆਂ ਜੇਕਰ ਮੈਂ ਤੁਹਾਡਾ ਨਿਰਾਦਰ ਕੀਤਾ ਹੈ ਤਾਂ ਮਾਫ਼ੀ ਚਾਹੁੰਦਾ ਹਾਂ।

**ਪੰਜਾਬੀ ਅਨੁਵਾਦ:**
**ਬਲਵਿੰਦਰ ਕੌਰ ਬਾਂਸਲ**

*ਸ਼ਹੀਦ ਭਗਤ ਸਿੰਘ ਦੀ ਯਾਦ 'ਚ ਪਿੰਡ ਬੀਹਲਾ (ਬਰਨਾਲਾ) ਵਿਖੇ 1 ਅਕਤੂਬਰ 2017 ਨੂੰ ਹੋਏ ਸਮਾਗਮ 'ਚ ਪੰਜਾਬ ਲੋਕ ਸਭਿਆਚਾਰਕ ਮੰਚ (ਪਲਸ ਮੰਚ) ਦੇ ਪ੍ਰਧਾਨ ਅਮੋਲਕ ਸਿੰਘ ਨੇ ਇਸ ਚਿੱਠੀ ਬਾਰੇ ਜਾਣਕਾਰੀ ਦਿੰਦਿਆਂ ਇਸਦਾ ਪੰਜਾਬੀ ਅਨੁਵਾਦ, ਲੋਕ ਅਰਪਣ ਕੀਤਾ।*

(ਦਾ ਟ੍ਰਿਬਿਊਨ (ਅੰਗਰੇਜੀ) ਵਿਚੋਂ ਧੰਨਵਾਦ ਸਹਿਤ)

# ਨਿਊਯਾਰਕ ਵਿਖੇ ਪੰਜਾਬੀ ਚਰਚ 'ਚ ਬੇਦਾਰੀ ਤੇ ਵਰਸ਼ਿਪ ਕਨਸਰਟ

**ਨਿਊ ਯਾਰਕ– (ਦਲਜੀਤ ਡੇਵਡ)–** ਬੀਤੇ ਦਿਨੀ ਬੈਥਲਹਮ ਪੰਜਾਬ ਚਰਚ ਵਿਖੇ ਬੇਦਾਰੀ ਤੇ ਵਰਸ਼ਿਪ ਕਨਸਰਟ ਕਰਵਾਇਆ ਗਿਆ ਜਿਸ ਵਿੱਚ ਮਸ਼ਹੂਰ ਗਾਇਕ ਅਤੇ ਪ੍ਰਭੂ ਯਿਸੂ ਮਸੀਹ ਜੀ ਦੇ ਸੇਵਕ ਸੇਵਕਾਈ ਤੱਕ ਪੁੱਜਾ। ਆਪਣੀ ਜ਼ਿੰਦਗੀ ਦੇ ਮੁਸ਼ਕਲਾਂ ਪਲਾਂ ਨੂੰ ਗੁਜ਼ਾਰਨ ਦੇ ਸਫਰ ਤੋਂ ਲੈ ਕੇ ਪ੍ਰਭੂ ਯਿਸੂ ਮਸੀਹ ਜੀ ਨੂੰ ਅਪਣਾਉਣ ਤੱਕ ਦੇ ਪੜਾਅ ਨੂੰ ਦੱਸਦਿਆਂ ਉਹਨਾਂ ਕਿਹਾ ਕਿ ਇਹ ਮਾਮੂਲੀ ਜਿਹੇ ਇਨਸਾਨ ਨੂੰ ਪ੍ਰਭੂ ਦਿੰਦੇ ਹੋਏ ਸੰਗਤ ਨੂੰ ਪ੍ਰਭੂ ਯਿਸੂ ਮਸੀਹ ਜੀ ਦੇ ਵਚਨ ਬਾਰੇ ਦਸਦੇ ਹੋਇਆਂ ਕਿਹਾ ਕਿ ਜਦੋਂ ਅਸੀਂ ਆਪਣਾ ਜੀਵਨ ਪ੍ਰਭੂ ਨੂੰ ਸਮਰਪਿਤ ਕਰਦੇ ਹਾਂ ਤਾਂ ਪ੍ਰਭੂ ਆਪ ਅੱਗੇ ਹੱਥ ਵਧਾ ਸਾਡਾ ਜੀਵਨ ਬਰਕਤਾਂ ਨਾਲ ਭਰ ਦਿੰਦੇ



ਇਮਾਨੂੰਏਲ ਗੌਲਰ ਨੇ ਵਿਸ਼ੇਸ਼ ਸਮਾਂ ਬੰਨ੍ਹਿਆ। ਪਾਸਟਰ ਜਤਿੰਦਰ ਪੀ. ਗਿੱਲ ਜੀ ਦੀ ਅਗਵਾਈ ਹੇਠ ਕਰਵਾਈ ਗਈ ਇਸ ਸਭਾ ਦੇ ਮਹਿਮਾਨ ਬੁਲਾਰੇ ਪਾਸਟਰ ਸਟੀਵ ਕਿਊਲਿਸ਼ ਸਨ।

ਪ੍ਰਭੂ ਦੀ ਪ੍ਰਾਰਥਨਾ ਤੋਂ ਬਾਅਦ ਸਭਾ ਦਾ ਆਗਾਜ਼ ਪ੍ਰਭੂ ਦੇ ਸੇਵਕ ਅਤੇ ਗਾਇਕ ਇਮਾਨੂੰਏਲ ਗੌਲਰ ਨੇ ਆਰਾਧਨਾ ਗੀਤਾਂ ਨਾਲ ਕੀਤਾ ਜਿਸ ਵਿੱਚ ਸਾਰੀ ਸੰਗਤ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਸਾਰੀ ਸੰਗਤ ਨੇ ਪ੍ਰਭੂ ਦੀ ਸਤੁਤੀ ਦਾ ਭਰਪੂਰ ਅਨੰਦ ਮਾਣਿਆ। ਇਮਾਨੂੰਏਲ ਗੌਲਰ ਨੇ ਆਪਣੀ ਅਦਭੁਤ ਗਵਾਹੀ ਦਿੰਦੇ ਹੋਏ ਸੰਗਤਾਂ ਨੂੰ ਦੱਸਿਆ ਕਿ ਕਿਵੇਂ ਇੱਕ ਝੁੱਗੀ ਝੌਂਪੜੀ ਵਿੱਚ ਰਹਿਣ ਵਾਲਾ ਇਨਸਾਨ ਪ੍ਰਭੂ ਦੀ ਨੇ ਅੱਜ ਗਾਇਕੀ ਦੀ ਸੇਵਕਾਈ ਰਾਹੀਂ ਉਹਨਾਂ ਨੂੰ ਦੁਨੀਆਂ ਦੇ ਕੋਣੇ ਕੋਣੇ ਤੱਕ ਪਹੁੰਚਾਇਆ। ਅੱਜ ਤੱਕ ਉਹ ਸਤਾਰਾਂ ਭਾਸ਼ਾਵਾਂ ਵਿੱਚ ਗਾਇਕ ਦੇ ਰੂਪ ਵਿੱਚ ਸੇਵਕਾਈ ਕਰ ਚੁੱਕੇ ਹਨ। ਇਥੋਂ ਤੱਕ ਕਿ ਉਹਨਾਂ ਨੇ ਦੁਬਈ ਦੇ ਰਾਜੇ ਅੱਗੇ ਵੀ ਪ੍ਰਭੂ ਦੀ ਪ੍ਰਸੰਸਾ ਵਿੱਚ ਗਾਇਕੀ ਨੂੰ ਪੇਸ਼ ਕੀਤਾ ਜਿਥੇ ਕਿ ਖਾਸ ਤੌਰ ਤੇ ਉਹਨਾਂ ਦੀ ਸਰਾਹਨਾ ਤੇ ਸਨਮਾਨ ਕੀਤਾ ਗਿਆ। ਇਮੈਨੂੰਏਲ ਗੌਲਰ ਦੀ ਗਵਾਹੀ ਨੇ ਸੰਗਤ ਦੀਆਂ ਅੱਖਾਂ ਨਮ ਕਰ ਦਿੱਤੀਆਂ। ਇਸ ਤੋਂ ਉਪਰੰਤ ਪਾਸਟਰ ਜਤਿੰਦਰ ਪੀ. ਗਿੱਲ ਨੇ ਸਭਾ ਦੇ ਬੁਲਾਰੇ ਪਾਸਟਰ ਸਟੀਵ ਕਿਊਲਿਸ਼ ਨੂੰ ਸੰਗਤ ਨਾਲ ਰੁ-ਬ-ਰੂ ਕਰਵਾਇਆ। ਪਾਸਟਰ ਸਟੀਵ ਨੇ ਪਵਿੱਤਰ ਪੁਸਤਕ ਬਾਈਬਲ ਵਿਚੋਂ ਹਵਾਲੇ ਹਨ ਤੇ ਚਮਤਕਾਰ ਹੁੰਦੇ ਹਨ। ਉਹਨਾਂ ਕਿਹਾ ਕਿ ਸਾਨੂੰ ਸਭ ਨੂੰ ਸਬਰ ਤੇ ਨਿਸ਼ਠਾ ਨਾਲ ਪ੍ਰਭੂ 'ਤੇ ਵਿਸ਼ਵਾਸ ਕਰਨਾ ਚਾਹੀਦਾ ਹੈ ਤੇ ਪ੍ਰਭੂ ਦਾ ਆਪਣੀ ਜ਼ਿੰਦਗੀ ਵਿਚ ਆਗਮਨ ਕਰਨਾ ਚਾਹੀਦਾ ਹੈ।

ਉਪਰੰਤ ਪਾਸਟਰ ਜਤਿੰਦਰ ਪੀ.ਗਿੱਲ ਵੱਲੋਂ ਪੂਰੀ ਕਲੀਸੀਆ ਲਈ ਪ੍ਰਾਰਥਨਾ ਕੀਤੀ ਗਈ। ਸਭਾ ਦਾ ਅੰਤ ਇਮੈਨੂਏਲ ਗੌਲਰ ਵੱਲੋਂ ਗਾਏ ਗਏ ਖੂਬਸੂਰਤ ਆਰਾਧਨਾ ਗੀਤ ਨਾਲ ਕੀਤਾ ਗਿਆ। ਸਾਰੀ ਸੰਗਤ ਪ੍ਰਭੂ ਦੇ ਰੰਗ ਵਿੱਚ ਰੰਗੀ ਗਈ ਤੇ ਸਭ ਨੇ ਇਕੱਠੇ ਸਭਾਵਾਂ ਦੀ ਚੰਗਿਆਈ, ਭਲਾਈ ਲਈ ਪ੍ਰਾਰਥਨਾ ਕੀਤੀ। ਉਪਰੰਤ ਸਾਰੀ ਸੰਗਤ ਪ੍ਰਭੂ ਦੀਆਂ ਬਰਕਤਾਂ ਲੈ ਆਪੋ ਆਪਣੇ ਘਰੀਂ ਪਰਤ ਗਏ।

# ਗੀਤ ਚਰਚਾ


"ਰਾਂਝੇ ਦਾ ਟਰਾਲਾ" ਪਿੰਡ ਮਹਿਣਾ ਜਿਲ੍ਹਾ ਮੋਗਾ ਦਾ ਜਮ-ਪਲ 22 ਸਾਲਾ ਸੋਹਣਾ ਸੁਨੱਖਾ ਗੱਭਰੂ ਪ੍ਰੀਤ ਕਮਲ ਜਹੜਾ ਕਿ ਐਮ ਏ ਮਿਉਜ਼ਕ ਮੋਗਾ ਵਿੱਖੇ ਕਰ ਰਿਹਾ ਹੈ।ਗੱਭਰੂ ਨੂੰ ਬਚਪਨ ਤੌਂ ਹੀ ਗਾਉਣ ਦਾ ਸ਼ੌਕ ਹੈ ਅਤੇ ਅਖੀਰ ਨੂੰ ਜੋਤ



ਇੰਟਰਟੇਨਮੈਂਟ ਯੂ ਐਸ ਏ ਅਤੇ ਬਿੰਦਰ ਬੁੱਟਰ ਦੇ ਬੈਨਰ ਹੇਠ ਟਰੱਕ ਡਰਾਈਵਰ ਵੀਰਾਂ ਲਈ ਸੋਲੋ ਗੀਤ "ਰਾਂਝੇ ਦਾ ਟਰਾਲਾ" ਲੈਕੇ ਮਾਰਕੀਟ ਵਿੱਚ ਆਇਆ ਹੈ। ਇਹ ਗੀਤ ਬਿੱਲੂ ਯੂ ਐਸ ਏ ਦਾ ਲਿਖਿਆ ਹੋਇਆ ਹੈ ਅਤੇ ਮਿਊਜ਼ਿਕ ਸੁਰਤਾਲ ਸਟੂਡੀਓ ਨੇ ਦਿੱਤਾ ਹੈ। ਟਰੱਕ ਡਰਾਈਵਰ ਵੀਰਾਂ ਜੀ ਜ਼ਿੰਦਗੀ ਤੇ ਕੇਂਦਰਤ ਇਸ ਗੀਤ ਦਾ ਫਿਲਮਾਕਣ ਈਐਸਐਸ ਟੀਮ ਵੱਲੌਂ ਬਖੂਬੀ ਕੀਤਾ ਗਿਆ ਹੈ। ਇਸ ਸਾਫ਼ ਸੁਥਰੇ ਗੀਤ ਨੂੰ ਆਪਣੀ ਮਧੁਰ ਅਵਾਜ਼ ਵਿੱਚ ਪ੍ਰੀਤ ਕਮਲ ਨੇ ਬਾਕਮਾਲ ਗਾਕੇ ਪੰਜਾਬੀ ਗਾਇਕੀ ਵਿੱਚ ਇੱਕ ਚੰਗਾ ਮੀਲ ਪੱਥਰ ਗੱਡਿਆ ਹੈ। ਉਮੀਦ ਕਰਦੇ ਹਾਂ ਕਿ ਸਰੋਤੇ ਇਸ ਸੁਰੀਲੇ ਗਾਇਕ ਨੂੰ ਮਾਣ ਬਖ਼ਸ਼ਣਗੇ।

**– ਗੁਰਿੰਦਰਜੀਤ ਸਿੰਘ "ਨੀਟਾ ਮਾਛੀਕੇ"**

# ਵਲੇਹੋ 'ਚ ਮਨਾਇਆ ਜਾਵੇਗਾ ਭਗਵਾਨ ਵਾਲਮੀਕ ਜੀ ਦਾ ਪ੍ਰਗਟ ਉਤਸਵ 22 ਅਕਤੂਬਰ ਨੂੰ


ਭਗਵਾਨ ਵਾਲਮੀਕ


ਭਗਵਾਨ ਵਾਲਮੀਕ ਤੀਰਥ ਅਸਥਾਨ ਅੰਮ੍ਰਿਤਸਰ (ਪੰਜਾਬ)

ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸ਼ਰਧਾਲੂਆਂ ਵੱਲੋਂ ਗੁਰੂ ਵਾਲਮੀਕ ਜੀ ਦਾ ਪ੍ਰਗਟ ਦਿਵਸ ਸ਼ਰਧਾ ਪੂਰਵਕ ਮਨਾਇਆ ਜਾ ਰਿਹਾ ਹੈ। ਆਪ ਸਭ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਆਪ ਆਪਣੇ ਘਰੇਲੂ ਰੁਝੇਵਿਆਂ 'ਚੋਂ ਕੁਝ ਸਮਾਂ ਕੱਢ ਕੇ ਇਸ ਸ਼ੁਭ ਉਤਸਵ ਮੌਕੇ ਸ਼ਾਮਲ ਹੋ ਕੇ ਗੁਰੂ ਚਰਨਾਂ 'ਚ ਹਾਜ਼ਰੀ ਲਗਵਾਓ ਜੀ। ਗੁਰੂ ਵਾਲਮੀਕ ਜੀ ਆਪ ਸਭ ਦੇ ਕਾਰਜ ਸਿੱਧ ਕਰਨ ਤੇ ਪਰਿਵਾਰਾਂ 'ਚ ਸੁੱਖ-ਸ਼ਾਂਤੀ ਰਹੇ। ਖੁਸ਼ੀਆਂ ਦਾ ਖੇੜਾ ਹਮੇਸ਼ਾ ਆਪ ਜੀ ਦੇ ਦਰ 'ਤੇ ਦਸਤਕ ਦਿੰਦਾ ਰਹੇ।

ਗੁਰੂ ਜੀ ਦੀ ਮਹਿਮਾ ਦੇ ਗੁਣਗਾਨ ਕਰਕੇ ਭੁਪਿੰਦਰ ਭਿੰਦਾ, ਸੁਲਤਾਨ ਅਖਤਰ-ਹਰਜੀਤ ਜੀਤੀ, ਅਮਰਜੀਤ ਲਾਲੀ, ਰੋਹਿਤਾਸ ਭੰਗਾਣੀ, ਰਾਜ ਕੁਮਾਰ ਪੰਡੋਰੀ ਅਤੇ ਹੋਰ ਸੱਜਣ ਆਪਣੀ ਹਾਜ਼ਰੀ ਲਗਵਾਉਣਗੇ।

**ਪ੍ਰੋਗਰਾਮ ਦਾ ਸਮਾਂ ਅਤੇ ਸਥਾਨ**

## October 22, 2017

## Time: 9:00AM to 5:00PM

## Dan Foley Cultural Center, 1499 N. Camino Alto, Vallejo, CA-94590 Phone: (707) 648-4630

**ਹੋਰ ਜਾਣਕਾਰੀ ਲਈ ਸੰਪਰਕ ਕਰੋ**

Sodhi Nahar (707) 704-5216

Gurpal Singh (916) 873-0311

Shiv Sidhu (707) 656-1205

Bhupinder Bhinda (916) 613-3311

Dr. Gurjit Singh (925) 321-0117

Balbir Thapar (916) 607-4650

**ਜਾਰੀ ਕਰਤਾ**

# ਸਮੂਹ ਭਗਵਾਨ ਵਾਲਮੀਕ ਜੀ ਦੇ ਸ਼ਰਧਾਲੂ (ਕੈਲੇਫੋਰਨੀਆ

# ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ ਸੈਕਰਾਮੈਂਟੋ ਅਤੇ ਕੈਲੇਫੋਰਨੀਆ ਕਬੱਡੀ ਫੈਡਰੇਸ਼ਨ ਯੂ. ਐਸ. ਏ. ਵੱਲੋਂ ਸਿੱਖ ਟੈਂਪਲ 7676 ਬਰਾਡਸ਼ਾਹ ਰੋਡ, ਸੈਕਰਾਮੈਂਟੋ ਦੀਆਂ ਗਰਾਊਂਡਾਂ ਵਿਚ ਪਹਿਲੀ ਅਕਤੂਬਰ 2017 ਨੂੰ ਕਰਵਾਏ ਗਏ ਅੰਤਰ-ਰਾਸ਼ਟਰੀ ਕਬੱਡੀ ਕੱਪ 2017 ਦੀਆਂ 'ਦੇਸ਼ ਦੁਆਬਾ' ਹਫਤਾਵਾਰੀ ਅਖਬਾਰ ਵੱਲੋਂ ਲਈਆਂ ਗਈਆਂ ਕੁਝ ਯਾਦਗਾਰੀ ਤਸਵੀਰਾਂ ਦੀ ਇਕ ਝਲਕ।








ਉਘੇ ਕਬੱਡੀ ਪ੍ਰਮੋਟਰ ਧੀਰਾ ਨਿਜਰ


ਟੂਰਨਾਮੈਂਟ ਦੇ ਪ੍ਰਬੰਧਕ


ਚੜ੍ਹਦਾ ਪੰਜਾਬ ਕਲੱਬ ਸੈਕਰਾਮੈਂਟੋ ਦੇ ਮੈਂਬਰ ਅਤੇ ਹੋਰ ਸਨਮਾਨ ਚਿੰਨ ਦੇ ਨਾਲ


ਚੜ੍ਹਦਾ ਪੰਜਾਬ ਸੈਕਰਾਮੈਂਟੋ ਦੇ ਮੈਂਬਰ, ਟੂਰਨਾਮੈਂਟ ਦੀ ਪ੍ਰਬੰਧਕ ਕਮੇਟੀ ਦੇ ਮੈਂਬਰ ਜੇਤੂ ਟੀਮ ਨੂੰ ਦਿੱਤੇ ਗਏ ਚੈਕ ਅਤੇ ਕੱਪ ਨਾਲ ਯਾਦਗਾਰੀ ਤਸਵੀਰ ਖਿਚਵਾਉਂਦੇ ਹੋਏ।

ਚੜ੍ਹਦਾ ਪੰਜਾਬ ਕਲੱਬ ਸੈਕਰਾਮੈਂਟੋ ਵੱਲੋਂ ਇਸ ਟੂਰਨਾਮੈਂਟ ਦੀ ਫਾਈਨਲ ਕੱਪ ਦੀ ਜੇਤੂ ਟੀਮ ਨੂੰ 15 ਹਜ਼ਾਰ ਡਾਲਰ ਨਾਲ ਸਨਮਾਨਿਤ ਕੀਤਾ ਗਿਆ। ਚੜ੍ਹਦਾ ਪੰਜਾਬ ਕਲੱਬ ਦੇ ਪ੍ਰਬੰਧਕ ਕੈਲੇਫੋਰਨੀਆ ਦੀਆਂ ਨਾਮਵਰ ਸ਼ਖਸੀਅਤਾਂ ਹਨ, ਜਿਹਨਾਂ ਨੇ ਇਕੱਠੇ ਹੋ ਕੇ ਅੱਜ ਦੀ ਨੌਜਵਾਨ ਪੀੜ੍ਹੀ ਨੂੰ ਉਤਸ਼ਾਹਿਤ ਕਰਕੇ ਖੇਡਾਂ ਦੇ ਖੇਤਰ ਵਿਚ ਆਪਣਾ ਯੋਗਦਾਨ ਪਾਇਆ ਜਾ ਰਿਹਾ ਹੈ। ਅਜਿਹੇ ਉਦਮਾਂ ਨਾਲ ਸਾਡੀਆਂ ਨੌਜਵਾਨ ਪੀੜ੍ਹੀਆਂ ਨਸ਼ਿਆਂ ਤੋਂ ਦੂਰ ਰਹਿ ਕੇ ਆਪਣੇ ਅਸਲੀ ਸਮਾਜਿਕ ਫਰਜ਼ਾਂ ਨਾਲ ਜੁੜੀਆਂ ਰਹਿੰਦੀਆਂ ਹਨ। ਚੜ੍ਹਦਾ ਪੰਜਾਬ ਕਲੱਬ ਦਾ ਇਹ ਉਪਰਾਲਾ ਸ਼ਲਾਘਾਯੋਗ ਹੈ।ਇਸ ਕਲੱਬ ਦੇ ਮੈਂਬਰਾਂ ਦੀ ਖਾਸੀਅਤ ਇਹ ਹੈ ਕਿ ਇਹਨਾਂ ਵਿਚੋਂ ਕੋਈ ਕਲੱਬ ਦਾ ਅਹੁਦੇਦਾਰ ਨਹੀਂ ਬਲਕਿ ਸਾਰੇ ਹੀ ਮੈਂਬਰ ਹਨ। ਉਹ ਚਾਹੁੰਦੇ ਹਨ ਕਿ ਸਾਡੀ ਅੱਜ ਦੀ ਪੀੜ੍ਹੀ ਜਿੱਥੇ ਸਿੱਖਿਆ ਅਤੇ ਰਾਜਨੀਤੀ ਵਿਚ ਅੱਗੇ ਵੱਧ ਰਹੀ ਹੈ, ਉਥੇ ਉਹ ਖੇਡਾਂ ਵਿਚ ਵੀ ਮੱਲਾਂ ਮਾਰਨ। ਚੜ੍ਹਦਾ ਪੰਜਾਬ ਕਲੱਬ ਸੈਕਰਾਮੈਂਟੋ ਵੱਲੋਂ ਟੂਰਨਾਮੈਂਟ ਦੀ ਸਮੂਹ ਪ੍ਰਬੰਧਕ ਕਮੇਟੀ ਅਤੇ ਖਿਡਾਰੀਆਂ ਨੂੰ ਟੂਰਨਾਮੈਂਟ ਦੀ ਸਫਲਤਾ ਲਈ ਹਾਰਦਿਕ ਵਧਾਈ ਦਿੱਤੀ ਗਈ।

## ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ ਸੈਕਰਾਮੈਂਟੋ ਅਤੇ ਕੈਲੇਫੋਰਨੀਆ ਕਬੱਡੀ ਫੈਡਰੇਸ਼ਨ ਯੂ. ਐਸ. ਏ. ਵੱਲੋਂ ਸਿੱਖ ਟੈਂਪਲ 7676 ਬਰਾਡਸ਼ਾਹ ਰੋਡ, ਸੈਕਰਾਮੈਂਟੋ ਦੀਆਂ ਗਰਾਊਂਡਾਂ ਵਿਚ ਪਹਿਲੀ ਅਕਤੂਬਰ 2017 ਨੂੰ ਕਰਵਾਏ ਗਏ ਅੰਤਰ-ਰਾਸ਼ਟਰੀ ਕਬੱਡੀ ਕੱਪ 2017 ਦੀਆਂ 'ਦੇਸ਼ ਦੁਆਬਾ' ਹਫਤਾਵਾਰੀ ਅਖਬਾਰ ਵੱਲੋਂ ਲਈਆਂ ਗਈਆਂ ਕੁਝ ਯਾਦਗਾਰੀ ਤਸਵੀਰਾਂ ਦੀ ਇਕ ਝਲਕ।






ਗੁਰਦੁਆਰਾ ਅੰਮ੍ਰਿਤ ਦਰਬਾਰ ਸਾਹਿਬ ਰੋਜ਼ਵਿਲ 1052 ਮੈਲੋਡੀ ਲੇਨ ਰੋਜ਼ਵਿਲ ਕੈਲੇਫੋਰਨੀਆ ਦੀ ਪ੍ਰਬੰਧਕ ਕਮੇਟੀ ਦੇ ਮੈਂਬਰ ਸਾਹਿਬਾਨ ਕੈਨੀ ਵਿਰਕ, ਗੁਰਚਰਨ ਬਸਰਾ, ਗੁਰਚਰਨ ਖਹਿਰਾ, ਬਲਬੀਰ ਸਮਰਾ, ਜੋਗਾ ਸਿੰਘ ਬਾਠ, ਰਿੱਕ ਵਿਰਕ, ਰੂਬੀ ਬੈਂਸ, ਅਟਾਰਨੀ ਜਸਪ੍ਰੀਤ ਸਿੰਘ, ਰਣਬੀਰ ਸੈਣੀ, ਕੁਲਵੰਤ ਅਟਵਾਲ, ਮਹਿੰਦਰ ਸਿੰਘ ਗੁਰਾਇਆਂ, ਅਜਮੇਰ ਸਿੰਘ, ਕਾਬਲ ਸਿੰਘ, ਗੁਰਬਚਨ ਸਿੰਘ, ਗੋਬਿੰਦ ਸਿੰਘ ਤੇ ਨਰਿੰਦਰਪਾਲ ਸਿੰਘ ਹੁੰਦਲ ਆਦਿ ਨੇ ਕਬੱਡੀ ਟੂਰਨਾਮੈਂਟ ਦੇ ਸਮੂਹ ਪ੍ਰਬੰਧਕਾਂ ਨੂੰ ਟੂਰਨਾਮੈਂਟ ਦੇ ਸਫਲਤਾਪੂਰਵਕ ਤੇ ਸ਼ਾਂਤਮਈ ਮਾਹੌਲ 'ਚ ਸੰਪੰਨ ਹੋਣ ਤੇ ਦਿਲੀ ਹਾਰਦਿਕ ਵਧਾਈ ਦਿੱਤੀ ਅਤੇ ਪ੍ਰਬੰਧਕਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਬਹੁਤ ਹੀ ਸੁਚੱਜਾ ਕਾਰਜ ਹੈ ਜੋ ਸਾਡੀ ਅੱਜ ਦੀ ਨੌਜਵਾਨ ਪੀੜ੍ਹੀ ਨੂੰ ਬੁਰੇ-ਮਾੜੇ ਕੰਮ ਤੋਂ ਪਰ੍ਹੇ ਰੱਖਣ, ਨਸ਼ਿਆਂ ਤੋਂ ਰਹਿਤ ਤੇ ਤੰਦਰੁਸਤ ਤੇ ਖੁਸ਼ਹਾਲ ਜੀਵਨ ਸ਼ੈਲੀ ਦੀ ਜਾਚ 'ਚ ਵਾਧਾ ਕਰਦਾ ਹੈ। ਸਪੋਰਟਸਮੈਨ ਹਮੇਸ਼ਾ ਇਕ ਸਵੱਛ ਤਬੀਅਤ ਦਾ ਮਾਲਕ ਹੁੰਦਾ ਹੈ। ਉਹ ਸਭ ਨੂੰ ਪਿਆਰ ਕਰਦਾ ਹੈ ਤੇ ਸਭ ਦਾ ਪਿਆਰ ਲੈਂਦਾ ਹੈ। ਲੋੜ ਹੈ ਅਜਿਹੇ ਕਾਰਜਾਂ ਨੂੰ ਜਾਰੀ ਰੱਖਣ ਲਈ ਪ੍ਰਬੰਧਕਾਂ ਤੇ ਖਿਡਾਰੀਆਂ ਦਾ ਹਰ ਤਰ੍ਹਾਂ ਸਹਿਯੋਗ ਕਰੀਏ।

ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ ਸੈਕਰਾਮੈਂਟੋ ਅਤੇ ਕੈਲੇਫੋਰਨੀਆ ਕਬੱਡੀ ਫੈਡਰੇਸ਼ਨ ਯੂ. ਐਸ. ਏ. ਵੱਲੋਂ ਸਿੱਖ ਟੈਂਪਲ 7676 ਬਰਾਡਸ਼ਾਹ ਰੋਡ, ਸੈਕਰਾਮੈਂਟੋ ਦੀਆਂ ਗਰਾਊਂਡਾਂ ਵਿਚ ਪਹਿਲੀ ਅਕਤੂਬਰ 2017 ਨੂੰ ਕਰਵਾਏ ਗਏ ਅੰਤਰ-ਰਾਸ਼ਟਰੀ ਕਬੱਡੀ ਕੱਪ 2017 ਦੀਆਂ 'ਦੇਸ਼ ਦੁਆਬਾ' ਹਫਤਾਵਾਰੀ ਅਖਬਾਰ ਵੱਲੋਂ ਲਈਆਂ ਗਈਆਂ ਕੁਝ ਯਾਦਗਾਰੀ ਤਸਵੀਰਾਂ ਦੀ ਇਕ ਝਲਕ।






ਉਘੇ ਬਿਜਨਸਮੈਨ ਤੇ ਖੇਡਾਂ ਨੂੰ ਪ੍ਰਫੁੱਲਿਤ ਕਰਨ ਵਾਲੇ ਸੰਧੂ ਬ੍ਰਦਰਜ਼ ਬੇ-ਏਰੀਆ ਸਪੋਰਟਸ ਕਲੱਬ ਦੇ ਚੇਅਰਮੈਨ ਬਲਜੀਤ ਸਿੰਘ ਸੰਧੂ, ਚਰਨਜੀਤ ਸਿੰਘ ਸੰਧੂ ਤੇ ਪ੍ਰਧਾਨ ਦਿਲਬਾਗ ਸਿੰਘ ਜੀ ਤੇ ਖਿਡਾਰੀ ਅਤੇ ਹੋਰ ਕਬੱਡੀ ਪ੍ਰੇਮੀ ਕਬੱਡੀ ਕੱਪ ਜਿੱਤਣ ਉਪਰੰਤ ਜੇਤੂ ਕੱਪ ਅਤੇ ਪਹਿਲਾ ਇਨਾਮ ਹਾਸਲ ਕਰਨ ਵਜੋਂ 1500 ਡਾਲਰ ਦੇ ਚੈਕ ਨਾਂਲ ਯਾਦਗਾਰੀ ਤਸਵੀਰਾਂ ਕਰਵਾਉਂਦੇ ਹੋਏ।

## ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ ਸੈਕਰਾਮੈਂਟੋ ਅਤੇ ਕੈਲੇਫੋਰਨੀਆ ਕਬੱਡੀ ਫੈਡਰੇਸ਼ਨ ਯੂ. ਐਸ. ਏ. ਵੱਲੋਂ ਸਿੱਖ ਟੈਂਪਲ 7676 ਬਰਾਡਸ਼ਾਹ ਰੋਡ, ਸੈਕਰਾਮੈਂਟੋ ਦੀਆਂ ਗਰਾਊਂਡਾਂ ਵਿਚ ਪਹਿਲੀ ਅਕਤੂਬਰ 2017 ਨੂੰ ਕਰਵਾਏ ਗਏ ਅੰਤਰ-ਰਾਸ਼ਟਰੀ ਕਬੱਡੀ ਕੱਪ 2017 ਦੀਆਂ 'ਦੇਸ਼ ਦੁਆਬਾ' ਹਫਤਾਵਾਰੀ ਅਖਬਾਰ ਵੱਲੋਂ ਲਈਆਂ ਗਈਆਂ ਕੁਝ ਯਾਦਗਾਰੀ ਤਸਵੀਰਾਂ ਦੀ ਇਕ ਝਲਕ।













ਰੀਅਲ ਅਸਟੇਟ ਦੀ ਦੁਨੀਆਂ 'ਚ ਨਾਮਵਰ ਸ਼ਖਸੀਅਤ ਸ. ਹਰਜੀਤ ਸਿੰਘ ਸਵੈਚ ਅਤੇ ਸ. ਸੁਖਵਿੰਦਰ ਸਿੰਘ ਸੈਣੀ ਉਘੇ ਬਿਜਨਸਮੈਨ ਅਤੇ ਸਿੱਖ ਟੈਂਪਲ ਟਾਇਰਾ ਬਿਉਨਾ ਯੂਬਾ ਸਿਟੀ ਕਮੇਟੀ ਦੇ ਮੈਂਬਰ ਤੇ ਹੋਰ ਕਬੱਡੀ ਕੱਪ ਟੂਰਨਾਮੈਂਟ 'ਚ ਉਹਨਾਂ ਦਾ ਪ੍ਰਬੰਧਕਾਂ ਵੱਲੋਂ ਸਨਮਾਨ ਕੀਤਾ ਗਿਆ। ਸ. ਸਵੈਚ ਅਤੇ ਸ. ਸੈਣੀ ਤੇ ਹੋਰ ਸਨਮਾਨ ਹਾਸਲ ਕਰਨ ਉਪਰੰਤ ਪ੍ਰਬੰਧਕਾਂ ਆਦਿ ਨਾਲ ਯਾਦਗਾਰੀ ਤਸਵੀਰਾਂ ਕਰਵਾਉਂਦੇ ਹੋਏ।

## ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ ਸੈਕਰਾਮੈਂਟੋ ਅਤੇ ਕੈਲੇਫੋਰਨੀਆ ਕਬੱਡੀ ਫੈਡਰੇਸ਼ਨ ਯੂ. ਐਸ. ਏ. ਵੱਲੋਂ ਸਿੱਖ ਟੈਂਪਲ 7676 ਬਰਾਡਸ਼ਾਹ ਰੋਡ, ਸੈਕਰਾਮੈਂਟੋ ਦੀਆਂ ਗਰਾਊਂਡਾਂ ਵਿਚ ਪਹਿਲੀ ਅਕਤੂਬਰ 2017 ਨੂੰ ਕਰਵਾਏ ਗਏ ਅੰਤਰ-ਰਾਸ਼ਟਰੀ ਕਬੱਡੀ ਕੱਪ 2017 ਦੀਆਂ ਬੋਪਾਰਾਏ ਬ੍ਰਦਰਜ਼ ਵੱਲੋਂ ਹਾਰਦਿਕ ਵਧਾਈਆਂ। ਇਸ ਮੌਕੇ 'ਦੇਸ਼ ਦੁਆਬਾ' ਹਫਤਾਵਾਰੀ ਅਖਬਾਰ ਵੱਲੋਂ ਲਈਆਂ ਗਈਆਂ ਕੁਝ ਯਾਦਗਾਰੀ ਤਸਵੀਰਾਂ ਦੀ ਇਕ ਝਲਕ।










ਮਰਫੀ ਬਿਜਨੈਸ ਐਂਡ ਫਾਈਨੈਂਸ਼ਲ ਤੇ ਵੈਨਕੋ ਟਰੱਕ ਦੇ ਮਾਲਕ ਬੋਪਾਰਾਏ ਬ੍ਰਦਰਜ਼, ਜਸਵਿੰਦਰ ਸਿੰਘ ਬੋਪਾਰਾਏ , ਗੁਰਦੇਵ ਸਿੰਘ ਬੋਪਾਰਾਏ, ਮਲਕੀਤ ਸਿੰਘ ਬੋਪਾਰਾਏ, ਦਲਬੀਰ ਸਿੰਘ ਬੋਪਾਰਾਏ ਚੜ੍ਹਦਾ ਪੰਜਾਬ ਕਲੱਬ ਸੈਕਰਾਮੈਂਟੋ ਤੇ ਕਬੱਡੀ ਕੱਪ ਟੂਰਨਾਮੈਂਟ ਦੇ ਪ੍ਰਬੰਧਕ, ਅਤੇ ਤੇਜ਼ ਮਾਨ ਆਦਿ ਸਨਮਾਨ ਚਿੰਨ੍ਹ ਹਾਸਲ ਕਰਨ ਉਪਰੰਤ ਯਾਦਗਾਰੀ ਤਸਵੀਰਾਂ ਕਰਵਾਉਂਦੇ ਹੋਏ।

# ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ ਸੈਕਰਾਮੈਂਟੋ ਅਤੇ ਕੈਲੇਫੋਰਨੀਆ ਕਬੱਡੀ ਫੈਡਰੇਸ਼ਨ ਯੂ. ਐਸ. ਏ. ਵੱਲੋਂ ਸਿੱਖ ਟੈਂਪਲ 7676 ਬਰਾਡਸ਼ਾਹ ਰੋਡ, ਸੈਕਰਾਮੈਂਟੋ ਦੀਆਂ ਗਰਾਊਂਡਾਂ ਵਿਚ ਪਹਿਲੀ ਅਕਤੂਬਰ 2017 ਨੂੰ ਕਰਵਾਏ ਗਏ ਅੰਤਰ-ਰਾਸ਼ਟਰੀ ਕਬੱਡੀ ਕੱਪ 2017 ਦੀਆਂ 'ਦੇਸ਼ ਦੁਆਬਾ' ਹਫਤਾਵਾਰੀ ਅਖਬਾਰ ਵੱਲੋਂ ਲਈਆਂ ਗਈਆਂ ਕੁਝ ਯਾਦਗਾਰੀ ਤਸਵੀਰਾਂ ਦੀ ਇਕ ਝਲਕ।


ਜਸਵਿੰਦਰ ਬੰਗਾ ਪ੍ਰਬੰਧਕਾਂ ਤੋਂ ਸਨਮਾਨ ਹਾਸਲ ਕਰਦੇ ਹੋਏ



ਜਸਵਿੰਦਰ ਬੰਗਾ ਸਨਮਾਨ ਚਿੰਨ ਦੇ ਨਾਲ





ਸ੍ਰੀ ਗੁਰ ਰਵਿਦਾਸ ਸਭਾ ਸੈਕਰਾਮੈਂਟੋ ਦੇ ਸਾਬਕਾ ਚੇਅਰਮੈਨ ਅਤੇ ਉਘੇ ਬਿਜਨਸਮੈਨ ਜਸਵਿੰਦਰ ਬੰਗਾ ਤੇ ਕੁਝ ਕਮੇਟੀ ਮੈਂਬਰ ਅਤੇ ਹੋਰ, ਟੂਰਨਾਮੈਂਟ ਪ੍ਰਬੰਧਕਾਂ ਧੀਰਾ ਨਿੱਜਰ, ਪ੍ਰਗਟ ਸਿੰਘ ਸੰਧੂ ਆਦਿ ਤੋਂ ਸਨਮਾਨ ਚਿੰਨ ਹਾਸਲ ਕਰਦੇ ਹੋਏ। ਨਾਲ ਖੜੇ ਹਨ ਡਾ. ਹਰਮੇਸ਼ ਕੁਮਾਰ, ਜਨਕ ਸਿਧਰਾ, ਹੁਸਨ ਲੜੋਆ ਬੰਗਾ, ਮਹਿੰਦਰ ਸਿੰਘ ਧਾਮੀ, ਦਰਸ਼ਨ ਵਿਰਕ ਆਦਿ।


TANDOOR
Indian Restaurant
27167 Mission Blvd. Hayward, CA 95544




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE :
FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

BUFFET LUNCH 11:00 AM To 3:00 PM

Contact Us:
Ph. 510-885-1212
Fax. 510-885-1532

We are open seven days
11 AM to 10 PM

L.A. MERCHANDISE
Whole Sale +Retail

ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ
ਬਾਬਾ ਰਾਮਦੇਵ ਜੀ ਵੱਲੋਂ ਤਿਆਰ ਕੀਤੀਆਂ ਗਈਆਂ ਸਾਰੀਆਂ ਦਵਾਈਆਂ ਸਾਡੇ ਕੋਲ ਮਿਲਦੀਆਂ ਹਨ।

* ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ,
* 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
* ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਸੇਲ 'ਤੇ ਹਨ।
* ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।
* ਹਰ ਤਰ੍ਹਾਂ ਦੀ ਦਾਲ ਸੇਲ 'ਤੇ ਹੈ।

* ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
* ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
* ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
* ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਖਰੀਦੋ।



LOOSE FABRICS, GROCERIES, BLANKETS, VEGETABLES
Toilet Water Pressure (Elite 2 Bio Bider)
A budget Friendly solution for your desire to feel exceptionally clean and reduce toilet paper waste
Only $ 39.99+Tax


Baksho Kaur Bisla Hardev Singh Bisla

500 N. Palora Ave. Yuba City, CA 95991
530-671-0439, Fax 530-822-0439 Cell- 530-844-3250







ਗਿੱਲ ਪਰਿਵਾਰ

# ਸੰਤੋਖ ਸਿੰਘ ਗਿੱਲ
# ਅਤੇ ਸਮੂਹ ਗਿੱਲ ਪਰਿਵਾਰ

ਮੀਤ ਪ੍ਰਧਾਨ ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ, ਯੂਬਾ ਸਿਟੀ

## ਭਗਵਾਨ ਵਾਲਮੀਕ ਜੀ ਦੇ ਪ੍ਰਗਟ ਉਤਸਵ ਦੀਆਂ ਦੇਸ਼-ਵਿਦੇਸ਼ ਵਿਚ ਵੱਸਦੀਆਂ ਸਮੂਹ ਵਾਲਮੀਕ ਨਾਮ ਲੇਵਾ ਸੰਗਤਾਂ ਨੂੰ ਵਿਸ਼ਾਲ ਸ਼ਰਬਤੀ ਤੇ ਸਮੂਹ ਸ਼ਰਬਤੀ ਪਰਿਵਾਰ ਯੂਬਾ ਸਿਟੀ ( ਯੂ ਐਸ ਏ ) ਵੱਲੋਂ **ਲੱਖ-ਲੱਖ ਵਧਾਈਆਂ**



ਮਹਾਂਰਿਸ਼ੀ ਵਾਲਮੀਕ ਟੈਂਪਲ ਯੂਬਾ ਸਿਟੀ (ਕੈਲੇਫੋਰਨੀਆ)


ਭਗਵਾਨ ਵਾਲਮੀਕ ਤੀਰਥ ਅਸਥਾਨ ਅੰਮ੍ਰਿਤਸਰ (ਪੰਜਾਬ)

# ਵਿਸ਼ਾਲ ਸ਼ਰਬਤੀ
# ਤੇ ਸਮੂਹ ਸ਼ਰਬਤੀ ਪਰਿਵਾਰ
# ਯੂਬਾ ਸਿਟੀ (ਯੂ ਐਸ ਏ)





### ਅਧਿਆਏ ਸੋਲਵਾਂ

# ਬ੍ਰਹਮ ਗਿਆਨੀ ਸਤਿਗੁਰੂ ਬਾਲਮੀਕ ਜੀ



**ਸ਼ਾਮ ਸੌਂਧੀ**
(530) 751- 6714

ਸਤਿਗੁਰੂ ਬਾਲਮੀਕ ਜੀ ਬ੍ਰਹਮ ਗਿਆਨੀ ਸਨ। ਊਪਸ਼ਮ ਪ੍ਰਕ੍ਣ ਸਰਗ 1 ਸ਼ਲੋਕ 62 ਵਿਚ ਸਤਿਗੁਰੂ ਬਾਲਮੀਕ ਜੀ ਬ੍ਰਹਮ ਗਿਆਨੀ ਦੇ ਲੱਛਣ ਦੱਸਦੇ ਹਨ। ਜੋ ਪ੍ਰਾਪਤ ਨਹੀਂ, ਉਸ ਦੀ ਇੱਛਾ ਨਾ ਕਰੋ, ਜੋ ਪ੍ਰਾਪਤ ਹੈ, ਉਸ ਨੂੰ ਤਿਆਗੋ ਨਾ। ਜੋ ਮੇਰਾ ਹੈ, ਉਹ ਮੇਰਾ ਰਹੇ। ਅਜਿਹਾ ਪੁਰਸ਼ ਬ੍ਰਹਮ ਗਿਆਨੀ ਹੈ, ਜੋ ਬ੍ਰਹਮ ਵਿਚ ਲੀਨ ਹੋ ਜਾਂਦਾ ਹੈ। ਬ੍ਰਹਮ ਗਿਆਨੀ ਆਖਦਾ ਹੈ। ਮੈਂ ਬ੍ਰਹਮ ਨੂੰ ਜਾਣ ਲਿਆ, ਨਾਸ਼ ਨਾ ਹੋਣ ਵਾਲੇ ਦ੍ਰਿਸ਼ਟਵ ਨੂੰ ਦੇਖ ਲਿਆ ਅਤੇ ਸਭ ਵਸਤੂਆਂ ਨੂ ਪਾ ਕੇ ਪਰਮ ਪਦ ਨੂੰ ਪਾ ਲਿਆ, ਚਿਦਾ ਕਾਸ਼ ਮੈਂ ਬ੍ਰਹਮ ਹਾਂ। ਇਹ ਦੇਹ ਮੈਂ ਹਾਂ, ਇਹ ਮੇਰਾ ਅਧਾਰ ਹੈ। ਅਜਿਹੀ ਧਾਰਨਾ ਵਾਲਾ ਪੁਰਸ਼ ਬ੍ਰਹਮ ਗਿਆਨੀ ਹੁੰਦਾ ਹੈ।

ਬ੍ਰਹਮ ਦੀ ਪ੍ਰਾਪਤੀ ਲਈ ਹੇਠ ਲਿਖੀਆਂ ਸੱਤ ਭੂਮਿਕਾਵਾਂ ਸਤਿਗੁਰੂ ਬਾਲਮੀਕ ਜੀ ਨੇ ਦੱਸੀਆਂ ਹਨ:-

1. ਬ੍ਰਹਮ ਗਿਆਨ ਦੀ ਪ੍ਰਾਪਤੀ ਤੇ ਤਤਵਾਂ ਦਾ ਸਾਖਸ਼ਾਤ ਦਰਸ਼ਨ ਇਸ ਭੂਮਿਕਾ ਨੂੰ ਸ਼ੁਭ ਇੱਛਾ ਕਿਹਾ ਹੈ।
2. ਸ਼ਾਸਤਰਾਂ ਦਾ ਭਰੋਸਾ, ਸਤ ਪੁਰਸ਼ਾਂ ਦੀ ਸੰਗਤ, ਵਿਵੇਕ, ਵੈਰਾਗ ਦੇ ਅਭਿਆਨ ਨਾਲ ਸਦਾਚਾਰੀ ਵਿਰਤੀ ਨੂੰ ਵਿਚਾਰਨਾ ਭੂਮਿਕਾ ਕਹਿੰਦੇ ਹਨ।
3. ਉਪਰੋਕਤ ਦੋਹਾਂ ਭੂਮਿਕਾਵਾਂ ਦੇ ਅਨੁਸਾਰ ਇੰਦਰਿਆਂ ਦੇ ਵਿਸ਼ੈ ਭੋਗਾਂ ਦੇ ਕਾਰਨ ਅਸਕਤ ਦਾ ਹੋਣਾ ਜਗਤ ਵਿਚ ਵਿਚਰਨਾ ਤਨ ਮਾਨਸ਼ਾ ਭੂਮਿਕਾ ਕਹਾਉਂਦਾ ਹੈ।
4. ਉਪਰੋਕਤ ਤੇਹਾਂ ਭੂਮਿਕਾਵਾਂ ਦੇ ਅਭਿਆਸ ਕਰਨ ਨਾਲ ਸੰਸਸਾਰਕ ਵਿਸ਼ਿਆਂ ਦ ਚਿਤ ਦੇ ਵਿਰਕਤ ਹੋ ਜਾਣ ਨਾਲ ਆਤਮਾ ਦਾ ਸ਼ੁੱਧ ਸਰੂਪ ਮਿਲ ਜਾਣ ਨੂੰ ਸੱਤਵਾਂ ਪਤੀ ਭੂਮਿਕਾ ਕਹਿੰਦੇ ਹਨ।
5. ਉਪਰਲੀਆਂ ਚਾਰੇ ਭੂਮਿਕਾਵਾਂ ਦੇ ਸਿੱਧ ਹੋ ਜਾਣ ਦੇ ਸੁਭ-ਾਵਿਕ ਅਭਿਆਸ ਨਾਲ ਸਾਰੇ ਚਿਤ ਦੇ ਵਿਸ਼ਿਆਂ ਸਬੰਧੀ ਸੰ-ਸਕਾਰਾਂ ਦੇ ਸਬੰਧ ਵਿਛੇਦ ਅਸੰਗ ਹੋ ਜਾਣ ਨਾਲ ਅੰਤਸ਼ ਕਰਣ ਦਾ ਸਮਾਧੀ ਵਿਚ ਸਮਾਰੂੜ ਹੋ ਜਾਣਾ ਆਸਕਤ ਭੂਮਿਕਾ ਹੈ।
6. ਇਨ੍ਹਾਂ ਪੰਜਾਂ ਦੀ ਸਿੱਧੀ ਨਾਲ ਤੇ ਸੁਭਾਵਿਕ ਅਭਿਆਸ ਕਰਨ ਨਾਲ ਬ੍ਰਹਮ ਗਿਆਨੀ ਮਹਾਤਮਾ ਦੇ ਪ੍ਰਭਾਵ ਨਾਲ ਅੰਤਸ਼ ਕਰਣ ਵਿਚ ਸੰਸਾਰਕ ਪਦਾਰਥਾਂ ਦਾ ਅਤਯੰਤ ਅਭਾਵ ਹੋ ਜਾਇਆ ਕਰਦਾ ਹੈ। ਜਿਸ ਕਰਕੇ ਉਸ ਦੇ ਅੰਦਰ ਬਾਹਰ ਕਿਸੇ ਵੀ ਪਦਾਰਥ ਦਾ ਖੁਦ ਮਾਨ ਨਹੀਂ ਹੁੰਦਾ, ਦੂਜਿਆਂ ਦੁਆਰਾ ਚਿਰ ਕਾਲ ਤੱਕ ਪ੍ਰਯਤਨ ਪੂਰਵਕ ਪ੍ਰੇਰਨਾ ਕਰਨ ਉਤੇ ਕਦੀ ਕਿਸੇ ਪਦਾਰਥ ਦਾ ਪ੍ਰਗਟ ਹੋਣ ਨੂੰ ਅੰਤਸ਼ਕਰਣ ਦੀ ਪਦਾਰਥ ਭਾਵਨਾ ਭੂਮਿਕਾ ਕਿਹਾ ਜਾਂਦਾ ਹੈ।
7. ਸੱਤਵੀ ਭੂਮਿਕਾ ਤੁਰੀਯਾ ਹੈ। ਛੇਆਂ ਭੂਮਿਕਾਵਾਂ ਦੀ ਸਿੱਧੀ ਨਾਲ ਅਤੇ ਦੂਜਿਆਂ ਦੀ ਪ੍ਰੇਰਨਾ ਕਰਨ ਦੇ ਯਤਨ ਨਾਲ ਵੀ ਸੰਤ ਸਫੁਰਤੀ ਦੀ ਉਪਲਬਧ ਨਹੀਂ ਹੁੰਦੀ, ਆਤਮਾ ਭਾਵ ਵਿਚ ਨਿਸ਼ਠਾ ਵਾਨ ਰਹਿੰਦੀ ਹੈ। ਇਸ ਹਾਲਤ ਨੂੰ ਅੰਤਸ਼ ਕਰਣ ਵਿਚ ਤੁਰੀਯਾ ਭੂਮਿਕਾ ਕਹਿੰਦੇ ਹਨ। ਇਸ ਪਦ ਨੂੰ ਪ੍ਰਾਣੀ ਪ੍ਰਾਪਤ ਕਰਕੇ ਬ੍ਰਹਮ ਰੂਪ ਹੋ ਜਾਂਦਾ ਹੈ।

**ਮਨ ਦੀਆਂ ਚਾਰ ਅਵਿਸਥਾਵਾਂ**

ਜਾਗ੍ਰਤ, ਸੁਖਨ, ਸਖੋਪਤ, ਤੁਰੀਯਾ ਹਨ।
ਸਥੂਲ ਦੇਹ ਮੈਂ ਹਾਂ, ਇਹ ਸਭ ਪਦਾਰਥ ਮੇਰੇ ਹਨ।

ਇਸ ਅਨੁਭਵ ਕਰਨ ਵਾਲੀ ਅਵਿਸਥਾ ਨੂੰ ਜਾਗ੍ਰਤ ਕਿਹਾ ਜਾਂਦਾ ਹੈ।

ਪ੍ਰਾਣੀ ਜੋ ਦੇਖਦਾ ਹੈ ਅਤੇ ਨੀਂਦ ਦੇ ਸਮੇਂ ਉਸ ਨੂੰ ਜੋ ਅਨੁਭਵ ਹੁੰਦਾ ਹੈ, ਇਸ ਅਵਿਸਥਾ ਨੂੰ ਸਵਪਨ ਕਿਹਾ ਜਾਂਦਾ ਹੈ। ਘੂਕ ਗਾੜੀ ਨੀਂਦੇ ਸੁੱਤੀ ਦੇਹ ਨੂੰ ਸੁਖਪਤੀ ਕਹਿੰਦੇ ਹਨ ਅਤੇ ਤੁਰੀਯਾ ਅਵਿਸਥਾ ਵਿਚ ਪਹੁੰਚ ਕੇ ਜੀਵਨ ਮੁਕਤ ਪੁਰਸ਼ ਵਿਸ਼ਿਆਂ ਨੂੰ ਬ੍ਰਹਮ ਹੀ ਸਮਝਦਾ ਹੈ।

ਇਸ ਪਦ ਬਾਰੇ ਸਤਿਗੁਰੂ ਬਾਲਮੀਕ ਜੀ ਫੁਰਮਾਉਂਦੇ ਹਨ ਕਿ ''ਜੀਵਨ ਮੁਕਤ ਪੁਰਸ਼ ਸੁਖ ਦੁਖ ਵਿਚ ਆਸਕਤ ਨਹੀਂ ਹੋਇਆ ਕਰਦੇ। ਕੇਵਲ ਇਸ ਦੇਹ ਦੀ ਯਾਤਰਾ ਲਈ ਛੇਵੀਂ ਭੂਮਿਕਾ ਵਿਚ ਦਸੇ ਕੁਛ ਕਾਰਜ ਕਰਨੇ ਪੈਂਦੇ ਹਨ। ਅਥਵਾ ਸਤਵੀਂ ਭੂਮਿਕਾ ਵਿਚ ਨਹੀਂ ਵੀ ਕਰਨੇ ਪੈਂਦੇ। ਕਿਉਂਕਿ ਉਹ ਬ੍ਰਹਮ ਨੂੰ ਪਾ ਚੁੱਕੇ ਹੁੰਦੇ ਹਨ। ਇਸ ਪਦ ਨੂੰ ਪਾ ਕੇ ਮੈਂ ਤੂੰ ਤੇਰਾ ਅਤੇ ਮੈਂ ਮੇਰਾ ਦਾ ਭਾਵ ਮਿਟ ਜਾਂਦਾ ਹੈ ਅਤੇ ਬ੍ਰਹਮ ਬ੍ਰਹਮ ਨਾਲ ਹੀ ਸੰਤਤਿਰਪਤੀ ਹੋ ਜਾਂਦੀ ਹੈ। ਬ੍ਰਹਮ ਬ੍ਰਹਮ ਵਿਚ ਹੀ ਸਥਿਤ ਹੈ। ਬ੍ਰਹਮ ਦਾ ਸਫੁਰਣ ਵੀ ਬ੍ਰਹਮ ਨਾਲ ਹੁੰਦਾ ਹੈ ਅਤੇ ਮੈਂ ਬ੍ਰਹਮ ਤੋਂ ਭਿੰਨ ਨਹੀਂ ਹਾਂ ਅਤੇ ਘਟ, ਪਟ, ਬ੍ਰਹਮ ਮੈਂ ਹੀ ਬ੍ਰਹਮ ਹਾਂ। ਇਹ ਸਾਰਾ ਵਿਸ਼ਵ ਬ੍ਰਹਮ ਦਾ ਹੀ ਸਵਰੂਪ ਹੈ। ਸਤਿਗੁਰੂ ਬਾਲਮੀਕ ਜੀ ਇਸ ਬ੍ਰਹਮ ਗਿਆਨ ਦੀ ਅਵਿਸਥਾ ਨੂੰ ਪੁੱਜ ਗਏ ਸਨ। ਇਸੇ ਲਈ ਆਪ ਜੀ ਨੂੰ ਅਜ਼ਰ ਅਮਰ ਅਵਿਨਾਸ਼ੀ ਭਗਵਾਨ ਕਿਹਾ ਜਾਂਦਾ ਹੈ। ਇਸ ਹਾਲਤ ਵਿਚ ਪਹੁੰਚ ਕੇ ਮਨਸੂਰ ਤੇ ਸ਼ੰਬਸ਼ ਤਰਬੇਜ਼ ਵਰਗੇ ਪੁੱਜੇ ਹੋਏ ਮਹਾਂਪੁਰਸ਼ਾਂ ਨੇ ਐਨਲ ਹੱਕ ਦਾ ਨਾਅਰਾ ਲਾਇਆ ਸੀ। ਗੁਰਬਾਣੀ ਵਿਚ ਕਿਹਾ ਗਿਆ ਹੈ:

“ਬ੍ਰਹਮ ਗਿਆਨੀ ਸਰਬ ਕਾ ਠਾਕਰ।
ਨਾਨਕ ਬ੍ਰਹਮ ਗਿਆਨੀ ਕਾ ਨਹੀਂ ਵਿਨਾਸ਼''।

ਬ੍ਰਹਮ ਗਿਆਨੀ ਸਭ ਦਾ ਮਾਲਕ ਹੈ ਅਤੇ ਬ੍ਰਹਮ ਗਿਆਨੀ ਦਾ ਨਾਸ਼ ਨਹੀਂ ਹੁੰਦਾ। ਗੁਰੂ ਰਾਮਦਾਸ ਆਪਣੇ ਗੁਰੂ ਪ੍ਰਤੀ ਆਖਦਾ ਹੈ:

“ਗੁਰੂ ਗੋਬਿੰਦ ਗੋਬਿੰਦ ਗੁਰੂ ਹੈ ਨਾਨਕ ਭੇਦ ਨਾ ਭਾਈ।''
ਗੁਰੂ ਤੇ ਪ੍ਰਮੇਸ਼ਰ ਵਿਚ ਕੋਈ ਫਰਕ ਨਹੀਂ ਹੈ।
“ਹਰਿ ਜੀ ਨਾਮ ਰਾਮ ਦਾਸ ਪਰਿਆ।''

ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਮੇਰਾ ਗੁਰੂ ਰਾਮਦਾਸ ਪ੍ਰਮੇਸ਼ਰ ਬਣ ਕੇ ਆਇਆ ਹੈ।

ਬਾਬਾ ਸਾਵਣ ਸਿੰਘ ਜੀ ਬਿਆਸਾ ਵਾਲੇ ਕਹਿੰਦੇ ਹਨ, “ਜਿਸ ਪ੍ਰਾਣੀ ਵਿਚ ਪ੍ਰਮਾਤਮਾ ਵਾਲੇ ਗੁਣ ਪੈਦਾ ਹੋ ਜਾਂਦੇ ਹਨ। ਉਹ ਆਪ ਹੀ ਮਨੁੱਖ ਦੇ ਰੂਪ ਵਿਚ ਜ਼ਿੰਦਾ ਖੁਦਾ ਹੁੰਦਾ ਹੈ। ਜਦ ਤੱਕ ਪ੍ਰਮੇਸ਼ਰ ਮਨੁੱਖ ਬਣ ਕੇ ਨਹੀਂ ਆਉਂਦਾ, ਅਸੀਂ ਉਸ ਨਾਲ ਗੱਲ ਨਹੀਂ ਕਰ ਸਕਦੇ। ਮਨੁੱਖ ਨੂੰ ਗੱਲ ਸਮਝਾਉਣ ਲਈ ਪ੍ਰਮਾਤਮਾ ਨੂੰ ਮਨੁੱਖ ਦਾ ਰੂਪ ਧਾਰਨ ਕਰਨਾ ਪੈਂਦਾ ਹੈ।

ਕੁਛ ਭਾਈ ਬ੍ਰਹਮ ਗਿਆਨੀ ਦੀ ਅਵਿਵਸਥਾ ਨੂੰ ਨਾ ਜਾਣਦੇ ਹੋਏ ਮਹਾਂਰਿਸ਼ੀ ਬਾਲਮੀਕ ਜੀ ਨੂੰ ਨਿਰਾਕਾਰ ਨਿਰੰਕਾਰ ਅਜ਼ਰ ਅਮਰ ਅਵਿਨਾਸ਼ੀ ਮੰਨਦੇ ਹੋਏ ਕਹਿੰਦੇ ਹਨ ਕਿ ਸਤ੍ਰਿਗੁਰੂ ਬਾਲਮੀਕ ਪੈਦਾ ਨਹੀਂ ਹੋਏ, ਉਹ ਪ੍ਰਗਟ ਹੋਏ ਹਨ। ਪ੍ਰਗਟ ਦਾ ਮਤਲਬ ਜ਼ਾਹਿਰ ਹੋਣਾ ਹੈ। ਪਹਿਲਾਂ ਜਨਮ ਲਵੇਗਾ, ਫਿਰ ਕੁਛ ਕਰਕੇ ਜ਼ਾਹਿਰ ਹੋਵੇਗਾ।

ਸਤਿਗੁਰੂ ਬਾਲਮੀਕ ਜੀ ਨੇ ਦੁਨੀਆ ਦਾ ਹਨੇਰਾ ਦੂਰ ਕਰਨ ਲਈ ਮਹਾਂ ਰਾਮਾਇਣ ਦਾ ਨਿਰਮਾਣ ਕੀਤਾ। ਅਯੁਧਿਆ ਕਾਂਡ ਸਰਗ 44 ਸ਼ਲੋਕ 15-16 ਵਿਚ ਰਮਾਇਣ ਦਾ ਅਰਥ ਸੂਰਜ ਪ੍ਰਕਾਸ਼ਿਕ ਅਤੇ ਅਗਨੀ ਦਾਹਿਕ ਹੈ। ਜਿਵੇਂ ਸੂਰਜ ਦੀਆਂ ਕਿਰਨਾਂ ਉਜਾਲਾ ਕਰਦੀਆਂ ਹਨ, ਉਵੇਂ ਹੀ ਰਾਮਾਇਣ ਚਾਨਣਾ ਕਰਦੀ ਹੈ, ਉਸੇ ਤਰ੍ਹਾਂ ਰਾਮਾਇਣ ਹਨੇਰਾ ਚੁੱਕਦੀ ਹੈ। ਪੀ. ਐਲ. ਚਾਵਲਾ ਕਹਿੰਦਾ ਹੈ ਕਿ “ਯੋਗ ਵਸ਼ਿਸਠ ਤੇ ਰਾਮਾਇਣ ਸਮਾਜ ਨੂੰ ਚਾਨਣਾ ਦਿੰਦੇ ਹਨ। ਇਸ ਲਈ ਗੁਰੂ ਬਾਲਮੀਕ ਜੀ ਨੇ ਆਪਣੀਆਂ ਰਚਨਾਵਾਂ ਨਾਲ ਜਨਤਾ ਨੂੰ ਹਨੇਰੇ ਵਿਚੋਂ ਕੱਢਿਆ ਤੇ ਜਗਤ ਨੂੰ ਰੌਸ਼ਨੀ ਦਿੱਤੀ। ਅੱਜ ਵੀ ਉਸ ਦੀਆਂ ਅਮਰ ਕ੍ਰਿਤਾਂ ਚਾਨਣ ਮੁਨਾਰੇ ਦਾ ਕੰਮ ਕਰਦੀਆਂ ਹਨ।

ਸਾਰੰਗ ਧਰ ਪਦਤਿ ਵਿਚ ਕਿਹਾ ਗਿਆ ਹੈ ਕਿ “ਰਿਸ਼ੀ ਬਾਲਮੀਕ ਜੀ ਦੀ ਰਾਮਾਇਣ ਉਵੇਂ ਹੀ ਆਨੰਦ ਦਿੰਦੀ ਹੈ, ਜਿਵੇਂ ਚੰਦ ਦੀ ਜੋਤ ਚਕੋਰਾਂ ਨੂੰ'', ਰਾਮਾਇਣ ਮੰਜੀ ਵਿਚ ਖੇਮੇਂਦਰ ਕਹਿੰਦਾ ਹੈ ਕਿ ''ਮੈਂ ਸ਼੍ਰੇਸ਼ਟ ਬਾਲਮੀਕ ਨੂੰ ਨਿਮਸ਼ਕਾਰ ਕਰਦਾ ਹਾਂ। ਉਹ ਪ੍ਰਜਾਪਤੀ ਦੇ ਸਮਾਨ ਹਨ। ਜਿਸ ਨੇ ਸਮੂਹ ਪ੍ਰਾਣੀਆਂ ਨੂੰ ਤਲਕੀਨ ਦੇਣ ਲਈ ਰਾਮਾਇਣ ਲਿਖੀ। ਕਵੀਆਂ ਦੇ ਚੱਕਰਵਰਤੀ ਬਾਲਮੀਕ ਨੂੰ ਮੈਂ ਨਿਮਸ਼ਕਾਰ ਕਰਦਾ ਹਾਂ, ਜਿਨ੍ਹਾਂ ਨੂੰ ਚੰਦਰਮਾ ਵਰਗੀ ਕੀਰਤ ਨੇ ਤੀਨ ਲੋਕ ਨੂੰ ਭੂਸ਼ਤ ਕੀਤਾ ਹੈ'' ਭਵਿਭੂਤੀ ਆਪਣੀ ਪ੍ਰੇਰਣਾ ਦਾ ਸਰੋਤ ਰਿਸ਼ੀ ਬਾਲਮੀਕ ਨੂੰ ਮੰਨਦਾ ਹੈ ਤੇ ਮੁਰਾਰੀ ਸਮੂਹ ਕਵੀਆਂ ਨੂੰ ਬਾਲਮੀਕ ਦੇ ਰਿਣੀ ਦੱਸਦਾ ਹੈ। ਤੁਲਸੀ ਦਾਸ ਸਤਿਗੁਰੂ ਬਾਲਮੀਕ ਨੂੰ ਨਿਮਸ਼ਕਾਰ ਕਰਕੇ ਰਾਮ ਚਰਿਤ ਮਾਨਸ ਦਾ ਆਰੰਭ ਕਰਦਾ ਹੈ। ਕਾਲੀ ਦਾਸ ਰਘੂ ਵੰਸ ਵਿਚ ਬਾਲਮੀਕ ਨੂੰ ਜਗਤ ਗੁਰੂ ਮੰਨਦਾ ਹੈ।

ਡਾਕਟਰ ਮੰਜੂਲਾ ਕਵੀਆਂ ਵਿਚੋਂ ਮਹਾਂ ਰਿਸ਼ੀ ਬਾਲਮੀਕ ਨੂੰ ਇੰਦਰ ਦੇ ਸਮਾਨ ਮੰਨਦੀ ਹੈ ਤੇ ਲਲਿਤ ਸੰਸਕ੍ਰਿਤ ਸਾਹਿਤ ਦਾ ਸਿਹਰਾ ਬਾਲਮੀਕ ਦੇ ਸਿਰ ਬੰਨਦੀ ਹੈ ਤੇ ਆਖਦੀ ਹੈ ਕਿ ''ਭਾਰਤੀ ਸਾਹਿਤ ਵਿਚ ਬਾਲਮੀਕ ਨੂੰ ਮੰਤਰ ਦ੍ਰਿਸ਼ਟਾ ਬ੍ਰਹਮ ਉਪਦੇਸ਼ਕ ਕਿਹਾ ਗਿਆ ਹੈ।

ਭਾਰਤੀ ਜਨਤਾ ਦੇ ਹਿਰਦੇ ਅੰਦਰ ਇਸ ਦਾ ਉਚਾ ਸਥਾਨ ਹੈ। ਇਹ ਭਗਵਾਨ ਦੇ ਰੂਪ ਵਿਚ ਪੂਜੇ ਜਾਂਦੇ ਹਨ। ਇਹਨਾਂ ਦੇ ਲੱਖਾਂ ਭਗਤ ਇਹਨਾਂ ਨੂੰ ਯਾਦ ਕਰਕੇ ਇਹਨਾਂ ਦੇ ਕੀਰਤਨ ਵਿਚ ਮਸਤ ਹੋ ਜਾਂਦੇ ਹਨ।

ਰਿਸ਼ੀ ਬਾਲਮੀਕ ਜੀ ਦਾ ਇਹ ਪ੍ਰਭਾਵ ਸਦੀਆਂ ਤੋਂ ਲਗਾਤਾਰ ਚਲਿਆ ਆ ਰਿਹਾ ਹੈ। ਭਾਰਤ ਦੇ ਹਰ ਸੂਬੇ ਵਿਚ ਬਾਲਮੀਕ ਦੇ ਮੰਦਰ, ਆਸ਼ਰਮ ਤੇ ਤੀਰਥ ਸਥਾਨ ਹਨ। ਇਹਨਾਂ ਦੀ ਪਿਆਰਤਾ ਦਾ ਹੀ ਪ੍ਰਭਾਵ ਹੈ ਕਿ ਭਾਰਤ ਦਾ ਹਰ ਪ੍ਰਾਂਤ ਇਹਨਾਂ ਨੂੰ ਆਪਣੇ ਪ੍ਰਾਂਤ ਦਾ ਵਾਸੀ ਸਿੱਧ ਕਰਨ ਦਾ ਯਤਨ ਕਰਦਾ ਹੈ।

ਆਦਿ ਕਵੀ ਮਹਾਂਰਿਸ਼ੀ ਦੀ ਲੋਕ ਪਿਆਰਤਾ ਤਥਾ ਵਿਆਪਕਤਾ ਕੇਵਲ ਭਾਰਤ ਦੀ ਹੱਦਬੰਦੀ ਅੰਦਰ ਬੱਝ ਕੇ ਨਹੀਂ ਰਹੀ, ਬਲਕਿ ਵਿਦੇਸ਼ਾਂ ਵਿਚ ਵੀ ਇਸ ਦਾ ਪ੍ਰਭਾਵ ਹੈ। ਇਸ ਦੇ ਮੰਦਰ ਹਨ ਅਤੇ ਇਹਨਾਂ ਦੀ ਪੂਜਾ ਹੁੰਦੀ ਹੈ। ਯੁਗਾਂ ਯੁਗਾਂ ਤੋਂ ਇਹ ਪੂਜੇ ਚਲੇ ਆ ਰਹੇ ਹਨ। ਇਸ ਰਿਸ਼ੀ ਦੇ ਰਿਸ਼ੀ ਤਵ ਤੇ ਕਵੀ ਤਵ ਅੱਗੇ ਸਧਾਰਨ ਤੇ ਵਿਦਵਾਨ ਵਰਗ ਦੋਵੇਂ ਹੀ ਸਿਰ ਝੁਕਾਉਂਦੇ ਹਨ।''

ਪ੍ਰੋਫੈਸਰ ਗ੍ਰਿਫਥ ਸਾਹਿਬ ਜੋ ਦੁਨੀਆਂ ਦਾ ਉਘਾ ਫਿਲਾਸਫਰ ਹੈ, ਜਿਸ ਦਾ ਲੋਹਾ ਪੂਰਬ ਤੇ ਪੱਛਮ ਦੇ ਵਿਦਵਾਨ ਮੰਨਦੇ ਹਨ। ਉਹਨਾਂ ਦੀ ਲਿਖੀ ਅੰਗਰੇਜ਼ੀ ਰਾਮਾਇਣ ਦੇ ਮੰਗਲਾ ਚਰਣ ਵਿਚ ਕਿਹਾ ਗਿਆ ਹੈ।

“ਮੈਂ ਬਾਲਮੀਕ ਜੀ ਦੇ ਕੋਇਲ ਨਾਲੋਂ ਵੀ ਮਿੱਠੇ ਸੰਗੀਤ ਦੀ ਪ੍ਰਸੰਸਾ ਕਰਦਾ ਹਾਂ। ਜਿਸ ਸੰਗੀਤਮਈ ਬਾਣੀ ਦਾ ਯਸ਼ ਮੈਦਾਨਾਂ ਤੋਂ ਸਮੁੰਦਰਾਂ, ਪਰਬਤਾਂ ਤੱਕ ਫੈਲ ਗਿਆ, ਜਿਸ ਦਾ ਮਜ਼ਬੂਤ ਅਤੇ ਪ੍ਰਤੱਖ ਪ੍ਰਭਾਵ ਅਮਰ ਹੈ।

ਜਿਸ ਮਨੋਹਰ ਬਾਣੀ ਕਾਰਨ ਨਾਸ਼ਵਾਨ ਰਾਮ ਅਮਰ ਹੋ ਗਿਆ ਹੈ, ਜੋ ਵੀ ਮਨੁੱਖ ਇਸ ਬਾਣੀ ਨੂੰ ਸਰਵਣ ਕਰਦਾ ਹੈ, ਉਸ ਨੂੰ ਸਦੀਵੀ ਸ਼ਾਂਤੀ ਪ੍ਰਾਪਤ ਹੁੰਦੀ ਹੈ।

ਜਿਸ ਦੀ ਰਚਿਤ ਰਾਮਾਇਣ ਨੇ ਪਵਿੱਤਰ ਬਾਣੀ ਦਾ ਅਜਿਹਾ ਪ੍ਰਵਾਹ ਚਲਾਇਆ, ਜੋ ਸਾਰੇ ਸੰਸਾਰ ਨੂੰ ਪਾਪਾਂ ਤੇ ਕੁਕਰਮਾਂ ਤੋਂ ਮੁਕਤ ਕਰਦੀ ਹੈ, ਮੈਂ ਉਸ ਬਾਲਮੀਕ ਦੀ ਮਹਿਮਾ ਗਾਉਂਦਾ ਹਾਂ। ਜਿਸ ਦਾ ਪ੍ਰਤਾਪ ਤੇ ਪ੍ਰਸਿੱਧੀ ਸਿਖਰਾਂ ਉਤੇ ਹੈ। ਮੈਂ ਉਸ ਪ੍ਰਚੇਤਾ ਦੇ ਪਵਿੱਤਰ ਪੁੱਤਰ ਦੀ ਮਹਿਮਾ ਗਾਇਨ ਕਰਦਾ ਹਾਂ, ਜਿਸ ਦੇ ਪਵਿੱਤਰ ਮੁਖਾਰਬਿੰਦ ਵਿਚੋਂ ਨਿਕਲੀ ਰਾਮਾਇਣ ਨੇ ਰਾਮ ਨੂੰ ਅਮਰ ਬਣਾ ਦਿੱਤਾ। ਮੈਂ ਉਸ ਪ੍ਰਮ-ਸ਼੍ਰੇਸਟ, ਅਜ਼ਰ, ਅਮਰ ਮਹਾਂ ਮੁਨੀ ਦਿਆਲੂ ਨੂੰ ਪ੍ਰਣਾਮ ਕਰਦਾ ਹਾਂ। ਮੈਂ ਸਾਹਿਤ, ਸੰਗੀਤ ਅਤੇ ਕਾਵਿ ਦੇ ਰਚਨਹਾਰੇ ਮਹਾਂਰਿਸ਼ੀ ਬਾਲਮੀਕ ਨੂੰ ਪ੍ਰਣਾਮ ਕਰਦਾ ਹਾਂ। ਮੈਂ ਆਦਿ ਕਵੀ ਬਾਲਮੀਕ ਨੂੰ ਕੋਟਿ ਕੋਟਿ ਪ੍ਰਣਾਮ ਕਰਦਾ ਹਾਂ। (ਟੀਕਾਕਾਰ ਮੋਹਨ ਲਾਲ ਬੁੰਡਾਲਵੀ)

ਪਦ ਰਚਨਾ ਵਿਚ ਤਾਂ ਢੇਰ ਸਾਰੀਆਂ ਪੁਸਤਕਾਂ ਮਿਲ ਜਾਂਦੀਆਂ ਹਨ ਪਰ ਆਚਾਰ ਦੀ ਪਵਿੱਤਰਤਾ ਤੇ ਸੁੰਦਰ ਛੰਦ ਰਚਨਾ ਨੂੰ ਕੋਈ ਵੀ ਕਵੀ ਅਜਿਹੀ ਦ੍ਰਿੜ੍ਹਤਾ, ਮਨੋਹੋਰਮਾ ਤੇ ਰਸਕਤਾ ਨਾਲ ਨਹੀਂ ਬੰਨ੍ਹ ਸਕਿਆ, ਕੇਵਲ ਇਹੋ ਹੀ ਇਕ ਕਵਿਤਾ ਹੈ, ਜੋ ਸਾਡੇ ਦਿਲਾਂ ਵਿਚ ਉਚੇ ਉਚੇ ਖਿਆਲ ਪੈਦਾ ਕਰਦੀ ਹੈ, ਸੱਚ ਦਾ ਆਚਰਣ ਪਿਤਰ ਭਗਤੀ, ਭਰਾਤਰੀ ਭਾਵ, ਪਤੀ ਵਰਤਾ, ਮਾਤਾ ਪਿਤਾ ਦਾ ਸਨੇਹ ਬਿਨੇ ਧੀਰਜ ਦਿਆਲਤਾ, ਗੱਲ ਕੀ ਮਨੁੱਖੀ ਗੁਣਾਂ ਦੀ ਉਹ ਕਿਹੜੀ ਤਸਵੀਰ ਹੈ, ਜਿਸਦਾ ਅਸਲੀ ਚਿੱਤਰ ਜਾਦੂ ਭਰੀ ਕਲਮ ਨਾਲ ਬਾਲਮੀਕ ਰਿਸ਼ੀ ਨੇ ਰਾਮਾਇਣ ਵਿਚ ਸਾਡੇ ਸਾਹਮਣੇ ਪੇਸ਼ ਨਹੀਂ ਕੀਤਾ।'' (ਟੀਕਾ ਪ੍ਰੋਫੈਸਰ ਰਾਜਾ ਰਾਮ)

ਫਰਾਂਸ ਦੇ ਇਤਿਹਾਸਕਾਰ ਮਿਚ ਲੇਟ ਕਹਿੰਦੇ ਹਨ, “ਪੱਛਮ ਵਿਚ ਸਭ ਚੀਜ਼ਾਂ ਦੀ ਕਮੀ ਤੇ ਤੰਗੀ ਹੈ। ਛੋਟੀ ਜਗਾ ਯੂਨਾਨ ਵਿਚ ਮੇਰਾ ਦਮ ਘੁਟਦਾ ਹੈ। ਜੂਡੀਆ ਖੁਸ਼ਕ ਜਗ੍ਹਾ ਹੈ, ਇੱਥੇ ਮੈਂ ਹੰਭ ਜਾਂਦਾ ਹਾਂ।

ਮੈਨੂੰ ਪੂਰਬ ਵਿਚ ਵੱਸਦੇ ਦੇਸ਼ ਨੂੰ ਦੇਖਣ ਦਿਓ, ਇੱਥੇ ਮਿਲਦਾ ਹੈ ਮਨਪਸੰਦ ਕਾਵਿ। ਹਿੰਦ ਮਹਾਂਸਾਗਰ ਵਰਗਾ, ਸੂਰਜ ਵਾਂਗ ਚਮਕਦਾ ਦੇਵੀ ਸੰਗੀਤ, ਜੋ ਬੇਸੁਰਾ ਨਹੀਂ। ਜਿੱਥੇ ਗਹਿਰੀ ਸ਼ਾਂਤੀ ਦਾ ਰਾਜ ਹੈ ਅ ਤੇ ਸੰਘਰਸ਼ ਵਿਚ ਵੀ ਅਮਰ ਮਿੱਠਾ ਸੁਹਿਰਦ, ਪ੍ਰੇਮ, ਦਿਆ, ਖਿਮਾ ਅਥਾਹ ਸਾਗਰ ਲ ਿ ਹ ਰ ਾ ਰਿਹਾ ਹੈ।''

ਪ੍ਰੋ ਫੈ ਸ ਰ ਮਿਕਡਾਨਲਡ ਕਹਿੰਦਾ ਹੈ ਕਿ “ਰਾਮਾਇਣ ਨੇ ਸਾਨੂੰ ਯੁਗਾਂ ਯੁਗਾਂ ਤੋਂ ਪ੍ਰਭਾਵਿਤ ਕੀਤਾ ਹੈ, ਸਾਰੇ ਧਰਮ, ਸਾਰੀਆਂ ਸੰਪਰਦਾਵਾਂ, ਸਾਰੀਆਂ ਜਾਤੀਆਂ ਰਾਮਾਇਣ ਦੇ ਚਰਿੱਤਰ ਆਦਰਸ਼ ਮਹੱਤਤਾ ਦੇ ਪ੍ਰਤੀਕ ਹਨ।''

ਅਮਰੀਕਾ ਦੇ ਅਰਥ ਸ਼ਾਸਤਰੀ ਵਿਸ਼ੇਸ਼ ਗਿਆ ਨੀਤਵਾਨ ਭਾਰਤ ਦੀ ਸ਼ਾਸਨ ਮਰਿਆਦਾ ਨੂੰ ਦੇਖ ਕੇ ਪ੍ਰੋਫੈਸਰ ਗਾਲਾ ਬ੍ਰਿਥ ਕਹਿ ਉਠਦਾ ਹੈ ਕਿ ''ਰਾਸ਼ਟਰ ਦੇ ਲਈ ਰਾਮਾਇਣ ਅਨੁਸਾਰ ਰਾਜ ਦੇ ਨੇਤਾ ਨੂੰ ਅਚਾਰਵਾਨ ਹੋਣਾ ਅਤੀ ਜ਼ਰੂਰੀ ਹੈ। ਅਭਿਲਾਖ ਸੁਵਾਮੀ ਆਪਣੇ ਅਭਿਲਾਖ ਸਾਗਰ ਵਿਚ ਸ਼ਿਵ ਮਹਾਂਦੇਵ ਦਾ ਗੁਰੂ ਬਾਲਮੀਕ ਨੂੰ ਦੱਸਦਾ ਹੈ। ਡਾਕਟਰ ਭਟਨਾਗਰ ਕੁੰਦ ਮਾਲਾ ਦੇ ਹਿੰਦੀ ਅਨੁਵਾਦਕ ਭੂਮਿਕਾ ਵਿਚ ''ਬਾਲਮੀਕ ਨੂੰ ਰਾਮ ਦਾ ਗੁਰੂ ਮੰਨਦਾ ਹੈ ਅਤੇ ਦੱਸਦਾ ਹੈ ਕਿ ਰਾਮ ਦਾ ਸਹਿਚਾਰੀ ਕਣਵ ਰਿਸ਼ੀ ਬਾਲਮੀਕ ਦਾ ਪ੍ਰਮ ਸ਼ਿਸ਼ ਸੀ। ਜਿਸ ਦੇ ਸੰਪੂਰਨ ਰਾਮਾਇਣ ਕੰਠ ਸੀ ਅਤੇ ਸ਼ਯਾਮ ਪ੍ਰਾਸਰ ਰਾਮ ਚਰਿਤ ਮਾਨਸ ਚਤਸ਼ਤ ਦੇ ਪੰਨਾ 22 ਉਤੇ ਲਿਖਦਾ ਹੈ ਕਿ ਰਾਮ ਦਾ ਬਾਲਮੀਕ ਸਿੱਖਿਆ ਗੁਰੂ ਹੈ। ਤੁਲਸੀ ਦਾਸ ਰਾਮ ਚਰਿਤ ਮਾਨਸ ਵਿਚ ਅੰਕਿਤ ਕਰਦਾ ਹੈ।

“ਮੁਨਿ ਦੇਖ ਰਾਮ ਦੰਡ ਵਤ ਕੀਨਾ ਆਸ਼ੀਰਵਾਦ ਵਿਪ੍ਰਵਰ ਦੀਨਾ।
ਤਬ ਕਰ ਕਮਲ ਜੋਰ ਰਘੂ ਰਾਈ ਬੋਲੇ ਵਚਨ ਸਰਬਣ ਸੁਖ ਦਾਈ।
ਤੁਮ ਤ੍ਰੈਕਾਲ ਦਰਸ਼ੀ ਮੁਨਿ ਨਾਥਾ ਵਿਸ਼ਵ ਬਦਰ ਜਿਸ ਤੁਮਰੇ ਹਾਥਾ।
ਦੇਖ ਪਾਦ ਮੁਨਿ ਰਾਏ ਤੁਮਾਰੇ ਭਇ ਸੁ ਕ੍ਰਿਤ ਸਬ ਸਫਲ ਤੁਮਾਰੇ।
ਵੇਦ ਵਿਆਸ ਬਾਲਮੀਕ ਦੇ ਚਿੰਨ੍ਹਾਂ ਉਤੇ ਚਲਦੇ ਹਨ।

ਰਾਜ ਸ਼ੇਖਰ ਬਾਲ ਰਾਮਾਇਣ ਵਿਚ ਵੇਦ ਵਿਆਸ ਨੂੰ ਬਾਲਮੀਕ ਦਾ ਪ੍ਰਮ ਸ਼ਿਸ਼ ਮੰਨਦਾ ਹੈ। ਜੈਮਨੀ ਅਸ਼ਮੇਧ ਅਨੁਸਾਰ ਜਨਕ ਬਾਲਮੀਕ ਦਾ ਸ਼ਿਸ਼ ਸੀ। ਕਾਲੀ ਦਾਸ ਕਹਿੰਦਾ ਹੈ ਕਿ “ਪੂਰਵ ਸੂਰਯੋ'' ਬਾਲਮੀਕ ਸੂਰਜ ਵਾਂਗ ਰੌਸ਼ਨ ਹਨ। ਗੁਰੂ ਗੋਬਿੰਦ ਸਿੰਘ ਜੀ ਦਸਮ ਗ੍ਰੰਥ ਵਿਚ ਬਾਲਮੀਕ ਨੂੰ ਬ੍ਰਹਮਾ ਦਾ ਅਵਤਾਰ ਮੰਨਦੇ ਹਨ ਅਤੇ ਵਿਸ਼ਨੂੰ ਧਰਮ ਪੁਰਾਣ ਖੰਡ 1 ਅਧਿਆਏ 74 ਸ਼ਲੋਕ 38 ਦੇ ਅਨੁਸਾਰ ਬਾਲਮੀਕ ਜੀ ਵਿਸ਼ਨੂੰ ਦੇ ਰੂਪ ਵਿਚ ਜਨਮ ਲੈਂਦੇ ਹਨ। ਖੰਡ 3 ਅਧਿਆਏ 118 ਸ਼ਲੋਕ 8 ਅਧਿਆਏ 119 ਸ਼ਲੋਕ 5 ਅਧਿਆਏ 120 ਸ਼ਲੋਕ 5 ਆਦਿ ਦੇ ਵਿਰਤਾਂਤਾਂ ਵਿਚ ਕਿਹਾ ਹੈ।

“ਵਿਦਯਾ ਕਾਮੋ ਅਬ ਵਾਲਮੀਕ ਵਿਯਾਸੰ ਵਿਯਾਪਕ ਪੂਜਤੇ''
ਇਸ ਵਾਕ ਤੋਂ ਸਪਸ਼ਟ ਹੈ ਕਿ ਬਾਲਮੀਕ ਦੀ ਪੂਜਾ ਵਿਸ਼ਨੂੰ ਦੇ ਰੂਪ ਵਿਚ ਕੀਤੀ ਜਾਂਦੀ ਸੀ।

ਡਾਕਟਰ ਬੁਲਾ ਕੇ, ਜਨਰਲ ਔਰੀ ਅੰਟਲ ਰੀਸਰਚ ਭਾਗ 6 ਪੰਨਾ 117 ਦੇ ਵਿਰਤਾਂਤ ਵਿਚ ਬਾਲਮੀਕ ਨੂੰ ਬ੍ਰਹਮਾ ਦਾ ਅਵਤਾਰ ਮੰਨਦੇ ਹਨ ਤੇ ਹਿੰਦ-ਚੀਨ ਦੇ ਬਾਲਮੀਕ ਮੰਦਰ ਵਿਚ ਬਾਲਮੀਕ ਦੀ ਮੂਰਤੀ ਸਥਾਪਨਾ ਕੀਤੀ ਹੋਈ ਹੈ, ਜਿਸ ਦੇ ਸ਼ਿਲਾਲੇਖਾਂ ਤੋਂ ਪਤਾ ਲੱਗਦਾ ਹੈ ਕਿ ਬਾਲਮੀਕ ਜੀ ਵਿਸ਼ਨੂੰ ਦੇ ਅਵਤਾਰ ਦੇ ਰੂਪ ਵਿਚ ਪੂਜੇ ਜਾਂਦੇ ਸਨ।

ਜਿਸ ਦਾ ਉਲੇਖ ਬੁਲਟਨ ਇਕੋਲ ਫਰਾਸੇਸ ਐਕਸ ਟਰੇਮ ਔਰੀਅਨ ਭਾਗ 28 ਪੰਨਾ 147 ਉਤੇ ਕੀਤਾ ਗਿਆ ਹੈ। ਇਸ ਲਈ ਬੁਲਾ ਕੇ ਕਹਿੰਦਾ ਹੈ ਕਿ ਬਾਲਮੀਕ ਦੀ ਪੂਜਾ ਬਤੌਰ ਵਿਸ਼ਨੂੰ ਦੇ ਈਸਾ ਦੀ ਅਠਵੀਂ ਸਦੀ ਤੱਕ ਹੁੰਦੀ ਰਹੀ।''

ਸਮੂਹ ਲੇਖਕ, ਗੀਤਕਾਰ, ਸਾਹਿਤਕਾਰ, ਕਵੀ, ਨਾਟਕਕਾਰ, ਬਾਲਮੀਕ ਜੀ ਨੂੰ ਆਪਣਾ ਗੁਰੂ ਮੰਨਦੇ ਚਲੇ ਆ ਰਹੇ ਹਨ। ਇਸ ਲਈ ਉਹ ਜਗਤ ਦੇ ਗੁਰੂ ਹਨ, ਜਿਹਨਾਂ ਜਗਤ ਨੂੰ ਰੌਸ਼ਨੀ ਦਿੱਤੀ ਤੇ ਸਮੂਹ ਜਨਤਾ ਨੂੰ ਜੀਵਨ ਮੁਕਤੀ ਬਖਸ਼ੀ।

****

# ਕੈਲੇਫੋਰਨੀਆਂ ਵਿੱਚ ਜੰਗਲਾਂ ਨੂੰ ਲੱਗੀ ਅੱਗ ਦੌਰਾਨ ਮੌਤਾਂ ਦੀ ਗਿਣਤੀ ਹੋਈ 17

**ਕੈਲੇਫੋਰਨੀਆਂ (ਹੁਸਨ ਲੜੋਆ ਬੰਗਾ)** ਅਮਰੀਕਾ ਦੇ ਸੂਬੇ ਕੈਲੀਫੋਰਨੀਆ ਦੇ ਜੰਗਲ 'ਚ ਭਿਆਨਕ ਅੱਗ ਲੱਗਣ ਕਾਰਨ ਹੁਣ ਤਕ 15 ਲੋਕਾਂ ਦੀ ਮੌਤ ਹੋ ਚੁੱਕੀ ਹੈ। ਅੱਗ ਤੇਜ਼ੀ ਨਾਪਾ ਵੈਲੀ ਅਤੇ ਆਸ ਪਾਸ ਦੇ ਜੰਗਲ 'ਚ ਫੈਲ ਰਹੀ ਹੈ। ਕੈਲੀਫੋਰਨੀਆ ਦੇ ਸਰਕਾਰੀ ਹਵਾਲਿਆਂ ਨੇ ਦੱਸਿਆ ਕਿ 11 ਵਿਆਕਤੀ ਸੋਨੋਮਾ ਕਾਉਂਟੀ, 2 ਨਾਪਾ ਕਾਉਂਟੀ, ਤੇ ਬਾਕੀ ਨਾਲ ਲਗਦੇ ਇਲਾਕਿਆਂ ਚ ਮਾਰੇ ਗਏ ਜਿਨਾਂ ਚ 100 ਸਾਲ ਚਾਰਲਸ ਤੇ 98 ਸਾਲਾ ਉਸਦੀ ਘਰਵਾਲੀ ਸਾਰਾ ਵੀ ਮਾਰੇ ਗਏ। ਸੋਨੋਮਾ ਅਤੇ ਯੂਬਾ 'ਚ ਐਮਰਜੈਂਸੀ ਦੀ ਘੋਸ਼ਣਾ ਕਰਵਾ ਦਿੱਤੀ ਗਈ ਹੈ। ਇਨ੍ਹਾਂ ਖੇਤਰਾਂ ਤੋਂ ਤਕਰੀਬਨ 20 ਹਜ਼ਾਰ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ ਗਿਆ ਹੈ।ਫਾਇਰ ਬ੍ਰਿਗੇਡ ਵਿਭਾਗ ਦੇ ਮੁਖੀ ਕਿਮ ਪਿਮਲੋਟ ਦਾ ਕਹਿਣਾ ਹੈ ਕਿ ਅੱਗ ਲੱਗਣ ਕਾਰਨ ਲਗਭਗ 2000 ਘਰ ਤੇ ਇਮਾਰਤਾਂ ਬਰਬਾਦ ਹੋ ਚੁੱਕੀਆਂ



ਹਨ। ਹੁਣ ਤਕ ਇਹ ਪਤਾ ਨਹੀਂ ਲੱਗ ਸਕਿਆ ਕਿ ਐਤਵਾਰ ਰਾਤ ਨੂੰ ਇੱਥੇ ਅੱਗ ਕਿਵੇਂ ਲੱਗੀ। ਉਨ੍ਹਾਂ ਨੇ ਕਿਹਾ,''ਸਾਡਾ ਪੂਰਾ ਧਿਆਨ ਲੋਕਾਂ ਦੀ ਜਾਨ ਬਚਾਉਣ 'ਤੇ ਹੈ। ਇਹ ਸਾਡੀ ਪਹਿਲ ਹੈ। ਅੱਗ 'ਤੇ ਕਾਬੂ ਪਾਉਣ ਲਈ ਸਾਰੇ ਉਪਕਰਣ ਇੱਥੇ ਮੌਜੂਦ ਹਨ। ਅਸੀਂ ਇੱਥੋਂ ਲੋਕਾਂ ਨੂੰ ਸੁਰੱਖਿਅਤ ਕੱਢਣ ਦੀ ਕੋਸ਼ਿਸ਼ ਕਰ ਰਹੇ ਹਾਂ। ਰਾਸ਼ਟਰੀ ਮੌਸਮ ਸੇਵਾ ਵਿਭਾਗ ਦੀ ਚਿਤਾਵਨੀ ਮੁਤਾਬਕ ਅੱਗ ਦਾ ਅਸਰ ਸੈਨ ਫਰਾਂਸਿਸਕੋ ਤੱਕ ਵੇਖਣ ਨੂੰ ਮਿਲੇਗਾ। ਤੇਜ਼ ਹਵਾਵਾਂ ਅਤੇ ਸੁੱਕੇ ਮੌਸਮ ਕਾਰਣ ਅੱਗ ਤੇਜ਼ੀ ਨਾਲ ਫੈਲ ਰਹੀ ਹੈ। ਨੌਰਥ ਕੈਲੇਫੋਰਨੀਆਂ ਦੇ ਸੈਂਟਾਰੋਜ਼ਾ ਅਤੇ ਕੈਲਸਟੋਗਾ ਸਹਿਰਾਂ ਵਿੱਚ ਵੀ ਅੱਗ ਨੇ ਭਾਰੀ ਤਬਾਹੀ ਮਚਾਈ ਹੈ।

ਨਾਪਾ ਵੈਲੀ ਅਤੇ ਆਸ ਪਾਸ ਦੇ ਇਲਾਕਿਆਂ ਦੇ ਰਿਹਾਇਸ਼ੀ ਇਲਾਕਿਆਂ ਵਿੱਚ ਵੀ ਲੋਕਾਂ ਨੂੰ ਸਾਹ ਲੈਣਾ ਵੀ ਔਖਾ ਹੋਇਆ ਪਿਆ ਹੈ।

ਡਾ: ਹਰਜਿੰਦਰਮੀਤ ਸਿੰਘ

# ਹਨੇਰਿਆਂ ਵਿੱਚ ਜਗਦਾ ਚਿਰਾਗ਼ : ਭਾਈ ਦਲਜੀਤ ਸਿੰਘ

ਪੁਸਤਕ : ਕਾਮਾਗਾਟਾਮਾਰੂ ਦਾ ਸਹਿ-ਨਾਇਕ ਭਾਈ ਦਲਜੀਤ ਸਿੰਘ ( ਰਾਏ ਸਿੰਘ )
ਲੇਖਕ : ਗੁਰਲਾਲ ਸਿੰਘ ਬਰਾੜ
ਸੰਪਰਕ 8437681200
ਮੁੱਲ : 395/
ਲੋਕ-ਗੀਤ ਪ੍ਰਕਾਸ਼ਨ ਚੰਡੀਗੜ੍ਹ

ਗੁਰਲਾਲ ਸਿੰਘ ਬਰਾੜ ਪੰਜਾਬੀ ਸਾਹਿਤ ਦਾ ਨੌਜਵਾਨ ਅਤੇ ਸੰਭਾਵਨਾਵਾਂ ਭਰਪੂਰ ਲੇਖਕ ਹੈ , ਜੋ ਆਪਣੀ ਪਹਿਲੀ ਖੋਜ ਭਰਪੂਰ ਪੁਸਤਕ "ਕਾਮਾਗਾਟਾਮਾਰੂ ਦਾ ਸਹਿ-ਨਾਇਕ ਭਾਈ ਦਲਜੀਤ ਸਿੰਘ (ਭਾਈ ਰਾਏ ਸਿੰਘ)" ਨਾਲ ਪੰਜਾਬੀ ਸਾਹਿਤ ਜਗਤ ਦੇ ਬੂਹੇ 'ਤੇ ਦਸਤਕ ਦੇ ਰਿਹਾ ਹੈ।ਲੇਖਕ ਦੇ ਸ਼ਬਦਾਂ ਵਿੱਚ ਇਹ ਉਸ ਦੇ ਪੁਰਖਿਆਂ ਦੀ ਜੀਵਨੀ ਹੈ ਪਰ ਮੇਰੀ ਨਜ਼ਰ ਵਿੱਚ ਇਹ ਵੀਹਵੀਂ ਸਦੀ ਦੇ ਪਹਿਲੇ ਚਾਰ ਦਹਾਕਿਆਂ ਵਿੱਚ ਵਾਪਰੀਆਂ ਘਟਨਾਵਾਂ ਦੇ ਗਵਾਹ ਅਤੇ ਸਿਰਜਣਹਾਰ ਰਹੇ ਇੱਕ ਵਿਅਕਤੀ ਅਤੇ ਇਤਿਹਾਸ ਦੇ ਉਥਲ-ਪੁਥਲ ਭਰੇ ਦੌਰ ਬਾਰੇ ਤੱਥਾਂ 'ਤੇ ਅਧਾਰਿਤ ਇੱਕ ਅਜਿਹਾ ਅਨੂਠਾ , ਗੰਭੀਰ ਅਤੇ ਮਹੱਤਵਪੂਰਨ ਇਤਿਹਾਸਿਕ ਦਸਤਾਵੇਜ਼ ਹੈ , ਜਿਸ ਦੀ ਅਜੋਕੇ ਸਮਿਆਂ ਵਿੱਚ ਬਹੁਤ ਵੱਡੀ ਜ਼ਰੂਰਤ ਸੀ। ਗੁਰਲਾਲ ਸਿੰਘ ਬਰਾੜ ਦੀ ਇਸ ਕਿਤਾਬ ਦੀ ਖ਼ੂਬਸੂਰਤੀ ਇਹ ਹੈ ਕਿ ਉਸਨੇ ਇਤਿਹਾਸਕ ਤੱਥਾਂ ਦੀ ਆਪਣੀ ਮਨਮਰਜ਼ੀ ਦੀ ਵਿਆਖਿਆ ਕਰਨ ਦੀ ਬਜਾਏ ਤੱਥਾਂ ਅਤੇ ਇਤਿਹਾਸਕ ਵਰਤਾਰਿਆਂ ਨੂੰ ਉਸ ਤਰ੍ਹਾਂ ਹੀ ਪੇਸ਼ ਕਰਦੇ ਹੋਏ ਆਪਣੀ ਕਿਤਾਬ ਦੀ ਸਿਰਜਣਾ ਕੀਤੀ ਹੈ , ਜਿਵੇਂ ਉਹ ਵਰਤਾਰੇ ਵਾਪਰ ਰਹੇ ਸਨ। ਇਸ ਪੁਸਤਕ ਵਿੱਚ ਕਾਮਾਗਾਟਾਮਾਰੂ ਜਹਾਜ਼ ਦੇ ਆਰੰਭ ਤੋਂ ਆਖੀਰ ਤੱਕ ਵਾਪਰੇ ਸਾਰੇ ਘਟਨਾਕ੍ਰਮ ਤੋਂ ਸ਼ੁਰੂ ਹੋ ਕੇ ਗੁਰਦੁਆਰਾ ਸੁਧਾਰ ਲਹਿਰ ਤੱਕ ਵਾਪਰੇ ਘਟਨਾਕ੍ਰਮ ਨੂੰ ਇੱਕ ਅਜਿਹੇ ਵਿਅਕਤੀ ਰਾਹੀਂ ਪੇਸ਼ ਕੀਤਾ ਗਿਆ ਹੈ, ਜੋ ਇਹਨਾਂ ਸਭ ਵਰਤਾਰਿਆਂ ਦਾ ਗਵਾਹ ਹੀ ਨਹੀਂ ਬਲਕਿ ਸਿਰਜਣਹਾਰ ਅਤੇ ਮੁੱਖ ਪਾਤਰ ਵੀ ਸੀ । ਲੇਖਕ ਨੇ ਆਪਣੀ ਪੁਸਤਕ ਨੂੰ ਚਾਰ ਅਧਿਆਇ ਵਿੱਚ ਵੰਡ ਕੇ ਇਤਿਹਾਸ ਦੇ ਉਸ ਕਾਲ ਨੂੰ ਪੇਸ਼ ਕੀਤਾ ਹੈ , ਜਦੋਂ ਸਿੱਖ ਰਾਜਨੀਤੀ ਬ੍ਰਿਟਿਸ਼ ਹਕੂਮਤ ਦੇ ਦਰਬਾਰੀ ਸਿੱਖਾਂ ਦੇ ਚੁੰਗਲ ਚੋਂ ਛੁਟਕਾਰਾ ਹਾਸਿਲ ਕਰਨ ਦੇ ਰਾਹ ਤੁਰੀ ਸੀ।

ਪਹਿਲੇ ਅਧਿਆਏ ਵਿੱਚ ਲੇਖਕ ਨੇ ਪੁਸਤਕ ਦੇ ਨਾਇਕ ਭਾਈ ਦਲਜੀਤ ਸਿੰਘ ਦੇ ਜਨਮ ਬਾਰੇ ਜਾਣਕਾਰੀ ਦਿੰਦੇ ਹੋਏ ਲਿਖਿਆ ਹੈ ਕਿ ਉਸਦਾ ਜਨਮ 1893 ਵਿੱਚ ਮੁਕਤਸਰ ਜ਼ਿਲ੍ਹੇ ਦੇ ਪਿੰਡ ਕਾਉਣੀ ਵਿੱਚ ਇਕ ਜ਼ਿਮੀਦਾਰ ਪਰਿਵਾਰ ਵਿੱਚ ਹੋਇਆ , ਜਿਸ ਨੂੰ ਆਧੁਨਿਕ ਵਿਦਿਆ ਦੇ ਮਹੱਤਵ ਬਾਰੇ ਪਤਾ ਸੀ । ਭਾਈ ਦਲਜੀਤ ਸਿੰਘ ਦੇ ਪਿਤਾ ਮਲੂਕ ਸਿੰਘ 1905 ਵਿੱਚ ਪਿੰਡ ਦੇ ਸਕੂਲ ਚੋਂ ਪ੍ਰਾਇਮਰੀ ਪਾਸ ਕਰਨ ਤੋਂ ਬਾਅਦ ਉਚੇਰੀ ਸਿੱਖਿਆ ਲਈ ਭਾਈ ਦਲਜੀਤ ਸਿੰਘ ਨੂੰ ਅੰਮ੍ਰਿਤਸਰ ਦੇ ਖਾਲਸਾ ਸਕੂਲ ਵਿੱਚ ਦਾਖਲ ਕਰਵਾ ਦਿੰਦੇ ਹਨ। ਸਿੰਘ ਸਭਾ ਲਹਿਰ ਅਤੇ ਖਾਲਸਾ ਦੀਵਾਨ ਦੀਆਂ ਸਰਗਰਮੀਆਂ ਕਾਰਨ ਅੰਮ੍ਰਿਤਸਰ ਉਸ ਸਮੇਂ ਸਿੱਖ ਧਰਮ ਅਤੇ ਰਾਜਨੀਤੀ ਦਾ ਸਭ ਤੋਂ ਵੱਡਾ ਕੇਂਦਰ ਸੀ। ਦਸਵੀਂ ਪਾਸ ਕਰਨ ਤੋਂ ਬਾਅਦ ਦਲਜੀਤ ਸਿੰਘ ਸਿੱਖ ਪੰਥ ਦੀ ਬਹੁਤ ਵੱਡੀ ਵਿਦਵਾਨ ਸ਼ਖ਼ਸ਼ੀਅਤ ਭਾਈ ਤਖ਼ਤ ਸਿੰਘ ਹੋਰਾਂ ਦੇ ਸੰਪਰਕ ਵਿੱਚ ਆਉਂਦੇ ਹਨ ,ਜੋ ਉਸ ਸਮੇਂ ਪੰਜਾਬ ਵਿੱਚ ਔਰਤਾਂ ਦੀ ਵਿੱਦਿਆ ਲਈ ਇੱਕ ਵੱਡਾ ਮਿਸ਼ਨ ਚਲਾ ਰਹੇ ਸਨ। ਉਸ ਸਮੇਂ ਭਾਈ ਤਖ਼ਤ ਸਿੰਘ ਜੀ ਫ਼ਿਰੋਜ਼ਪੁਰ ਵਿੱਚ ਬੋਰਡਿੰਗ ਸਕੂਲ ਕੰਨਿਆ ਮਹਾਂਵਿਦਿਆਲਿਆ ਚਲਾਉਣ ਦੇ ਨਾਲ-ਨਾਲ ਪ੍ਰਸਿੱਧ ਮਾਸਿਕ ਪੱਤਰ "ਪੰਜਾਬੀ ਭੈਣ" ਵੀ ਪ੍ਰਕਾਸ਼ਤਿ ਕਰਦੇ ਸਨ। ਭਾਈ ਦਲਜੀਤ ਸਿੰਘ ਦੀ ਯੋਗਤਾ ਨੂੰ ਦੇਖਦੇ ਹੋਏ ਭਾਈ ਤਖ਼ਤ ਸਿੰਘ ਨੇ ਉਨ੍ਹਾਂ ਨੂੰ ਸੈਕਟਰੀ ਅਤੇ ਸਹਿ-ਸੰਪਾਦਕ ਦੇ ਤੌਰ 'ਤੇ ਆਪਣੇ ਨਾਲ ਰੱਖ ਲਿਆ।


ਪੁਸਤਕ ਦੇ ਦੂਜੇ ਅਤੇ ਮਹੱਤਵਪੂਰਣ ਅਧਿਆਇ ਵਿੱਚ ਗੁਰਲਾਲ ਸਿੰਘ ਬਰਾੜ "ਸਾਕਾ ਕਾਮਾਗਾਟਾਮਾਰੂ" ਵਿੱਚ ਇਤਿਹਾਸ ਦੀਆਂ ਉਹ ਪਰਤਾਂ ਖੋਲ੍ਹਣੀਆਂ ਸ਼ੁਰੂ ਕਰਦਾ ਹੈ , ਜੋ ਬਾਅਦ ਵਿੱਚ ਪੰਜਾਬ ਦੀ ਰਾਜਨੀਤੀ ਵਿੱਚ ਵੱਡਾ ਮੋੜ ਸਾਬਤ ਹੋਈਆਂ। ਦੇਸ਼ ਵਿਦੇਸ਼ ਘੁੰਮਣ ਦੇ ਨਤੀਜੇ ਵਜੋਂ ਸਿੱਖ ਫੌਜੀਆਂ ਨੇ ਰਿਟਾਇਰ ਹੋਣ ਤੋਂ ਬਾਅਦ ਪੰਜਾਬ ਵਿੱਚ ਰਹਿ ਕੇ ਖੇਤੀ ਕਰਨ ਦੀ ਬਜਾਏ ਆਪਣੇ ਭਵਿੱਖ ਸੰਵਾਰਨ ਲਈ ਕਨੇਡਾ, ਅਮਰੀਕਾ, ਹਾਂਗਕਾਂਗ, ਮਲੇਸ਼ੀਆ ਅਤੇ ਸਿੰਘਾਪੁਰ ਵਰਗੀਆਂ ਬ੍ਰਿਟਿਸ਼ ਬਸਤੀਆਂ ਵਿੱਚ ਸੈੱਟ ਹੋਣ ਬਾਰੇ ਵਿਉਂਤਬੰਦੀ ਕਰਨੀ ਸ਼ੁਰੂ ਕਰ ਦਿੱਤੀ।1897 ਵਿੱਚ ਬ੍ਰਿਟਿਸ਼ ਮਹਾਰਾਣੀ ਦੀ ਡਾਇਮੰਡ ਜੁਬਲੀ ਮਨਾਉਣ ਲਈ ਕਨੇਡਾ ਗਏ ਸਿੱਖ ਫੌਜੀਆਂ ਨੇ ਜਦੋਂ ਹਜ਼ਾਰਾਂ ਏਕੜ ਖਾਲੀ ਪਈਆਂ ਪੱਧਰੀਆਂ,ਬੇਅਬਾਦ ਅਤੇ ਉਪਜਾਊ ਜ਼ਮੀਨਾਂ ਦੇਖੀਆਂ ਤਾਂ ਉਨ੍ਹਾਂ ਨੇ ਰਿਟਾਇਰਮੈਂਟ ਤੋਂ ਬਾਅਦ ਕਨੇਡਾ ਆ ਕੇ ਵਸਣ ਦਾ ਫੈਸਲਾ ਕਰ ਲਿਆ। ਇਸ ਦਾ ਨਤੀਜਾ ਇਹ ਨਿਕਲਿਆ ਕਿ 1908 ਤੱਕ 2623 ਭਾਰਤੀ ਕਨੇਡਾ ਵਿੱਚ ਆ ਕੇ 2 ਕਰੋੜ ਦੀ ਜ਼ਮੀਨ ਜਾਇਦਾਦ ਦੇ ਮਾਲਕ ਬਣ ਚੁੱਕੇ ਸਨ। ਕਨੇਡਾ ਪਹੁੰਚੇ ਪ੍ਰਵਾਸੀ ਭਾਰਤੀਆਂ ਵਿੱਚੋਂ 80% ਤੋਂ ਵੱਧ ਸਿੱਖ ਰਿਟਾਇਰ ਫੌਜੀ ਸਨ । ਪੰਜਾਬੀ ਸੁਭਾਅ ਦਾ ਅਨੁਸਰਣ ਕਰਦਿਆਂ ਪ੍ਰਵਾਸੀ ਭਾਰਤੀਆਂ ਨੇ ਕਨੇਡਾ ਵਿੱਚ ਗੁਰਦੁਆਰੇ ਦੀ ਸਥਾਪਨਾ ਦੇ ਨਾਲ-ਨਾਲ ਆਪਣੀਆਂ ਪੰਥਕ ਜਥੇਬੰਦੀਆਂ ਬਣਾ ਕੇ ਹੋਰ ਸਿੱਖ ਭੈਣਾ-ਭਰਾਵਾਂ ਨੂੰ ਕਨੇਡਾ ਅਮਰੀਕਾ ਆਉਣ ਲਈ ਪ੍ਰੇਰਿਤ ਕਰਨ ਲਈ "ਸੰਸਾਰ" ਨਾਮ ਦਾ ਮੈਗਜ਼ੀਨ ਵੀ ਪ੍ਰਕਾਸ਼ਿਤ ਕਰਨਾ ਸ਼ੁਰੂ ਕਰ ਦਿੱਤਾ ਸੀ , ਜਿਸ ਵਿੱਚ ਦੇਸ਼-ਵਿਦੇਸ਼ ਵਸਦੇ ਪੰਜਾਬੀਆਂ ਨੂੰ ਕਨੇਡਾ ਅਮਰੀਕਾ ਵਿੱਚ ਸੈੱਟ ਹੋਣ ਦਾ ਸੱਦਾ ਦਿੱਤਾ ਜਾਂਦਾ ਸੀ।

ਪੰਜਾਬੀਆਂ ਦੇ ਕਨੇਡਾ ਪਹੁੰਚ ਕੇ ਆਪਣੀ ਮਿਹਨਤ ਨਾਲ ਜ਼ਮੀਨ ਜਾਇਦਾਦ ਖਰੀਦਣ ਤੋਂ ਔਖੇ ਹੋਏ ਸਥਾਨਕ ਨਸਲਵਾਦੀ ਗੋਰਿਆਂ ਨੇ (ਏਸ਼ੀਅਨ ਕੱਢੋ ਲੀਗ) ਦੀ ਸਥਾਪਨਾ ਕਰਕੇ ਕਨੇਡੀਅਨ ਸਭਿਆਚਾਰ ਦੇ ਹੋ ਰਹੇ ਘਾਣ ਬਾਰੇ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ ਅਤੇ ਸਰਕਾਰ ਤੋਂ ਏਸ਼ੀਆਈ ਦੇਸ਼ਾਂ ਦੇ ਬਸ਼ਿੰਦਿਆਂ ਦੇ ਕਨੇਡਾ ਆ ਕੇ ਵਸਣ 'ਤੇ ਪਾਬੰਦੀ ਲਾਉਣ ਦੀ ਮੰਗ ਕਰਨੀ ਸ਼ੁਰੂ ਕਰ ਦਿੱਤੀ । ਜਿਸ ਦੇ ਨਤੀਜੇ ਵਜੋਂ ਕਨੇਡਾ ਦੀ ਸਰਕਾਰ ਨੇ ਪ੍ਰਵਾਸੀ ਏਸ਼ੀਅਨ ਲੋਕਾਂ 'ਤੇ ਪਾਬੰਦੀ ਲਾਉਣ ਲਈ ਨਵੇਂ ਕਾਨੂੰਨ ਲਾਗੂ ਕਰਨੇ ਸ਼ੁਰੂ ਕਰ ਦਿੱਤੇ।


ਡਾ ਹਰਜਿੰਦਰਮੀਤ ਸਿੰਘ
91-98724-55696

ਇਸ ਸਮੇਂ ਚੀਨ ਅਤੇ ਜਪਾਨ ਵਰਗੇ ਦੇਸ਼ਾਂ ਦੀਆਂ ਸਰਕਾਰਾਂ ਨੇ ਆਪਣੇ ਨਾਗਰਿਕਾਂ ਦੀ ਬਾਂਹ ਫੜ੍ਹਦੇ ਹੋਏ ਜੋ ਪੈਰਵਾਈ ਕੀਤੀ, ਉਸ ਕਰਕੇ ਦੂਜੇ ਏਸ਼ੀਆਈ ਲੋਕਾਂ ਦਾ ਤਾਂ ਬਚਾਅ ਹੋ ਗਿਆ ਪਰ ਪੰਜਾਬੀਆਂ ਕੋਲ ਆਪਣੀ ਪੈਰਵਾਈ ਕਰਨ ਲਈ ਕੋਈ ਅਜਿਹੀ ਲੀਡਰਸ਼ਿਪ ਨਹੀਂ ਸੀ, ਜੋ ਬ੍ਰਿਟਿਸ਼ ਹਕੂਮਤ ਨੂੰ ਪ੍ਰਭਾਵਿਤ ਕਰ ਸਕਦੀ। ਇਹਨਾਂ ਕਾਨੂੰਨਾਂ ਕਰਕੇ ਕਨੇਡਾ ਰਹਿੰਦੇ ਪੰਜਾਬੀਆਂ ਨੂੰ ਆਪਣੇ ਪਰਿਵਾਰਕ ਮੈਂਬਰਾਂ ਨੂੰ ਕਨੇਡਾ ਸੱਦਣ ਦੇ ਸੁਪਨੇ ਚਕਨਾਚੂਰ ਹੁੰਦੇ ਦਿਖਾਈ ਦਿੱਤੇ। ਇਸ ਨਸਲੀ ਵਿਤਕਰੇ ਦੇ ਖ਼ਿਲਾਫ਼ ਪੰਜਾਬੀ ਭਾਈਚਾਰੇ ਨੇ ਆਪਣੇ ਤੌਰ 'ਤੇ ਸਿਆਸੀ ਸਰਗਰਮੀਆਂ ਸ਼ੁਰੂ ਕਰ ਦਿੱਤੀਆਂ। ਬ੍ਰਿਟਿਸ਼ ਹਕੂਮਤ ਕਨੇਡਾ ਅਤੇ ਅਮਰੀਕਾ ਵਿੱਚ ਪੰਜਾਬੀ ਭਾਈਚਾਰੇ ਦੀਆਂ ਜਥੇਬੰਦਕ ਸਿਆਸੀ ਸਰਗਰਮੀਆਂ 'ਤੇ ਆਪਣੇ ਸੂਤਰਾਂ ਰਾਹੀਂ ਨਜ਼ਰ ਰੱਖੇ ਹੋਏ ਸੀ।

ਕਨੇਡਾ ਸਰਕਾਰ ਨੇ ਜਦੋਂ ਭਾਰਤੀਆਂ ਦੇ ਕਨੇਡਾ ਪ੍ਰਵੇਸ਼ 'ਤੇ ਸਖ਼ਤ ਪਾਬੰਦੀਆਂ ਲਾਉਣੀਆਂ ਸ਼ੁਰੂ ਕਰ ਦਿੱਤੀਆਂ ਤਾਂ ਅੰਗਰੇਜ਼ ਹਕੂਮਤ ਦੇ ਵਫ਼ਾਦਾਰ ਰਹੇ ਇਹਨਾਂ ਸਿੱਖ ਫੌਜੀਆਂ ਨੇ ਆਪਣੀਆਂ ਸਿਆਸੀ ਸਰਗਰਮੀਆਂ ਦੇ ਨਾਲ-ਨਾਲ ਇਸ ਦੇ ਖ਼ਿਲਾਫ਼ ਮੁਹਿੰਮ ਛੇੜ ਕੇ ਸਰਕਾਰ 'ਤੇ ਦਬਾਅ ਬਣਾਉਣ ਲਈ ਇੱਕ ਵਫ਼ਦ ਪੰਜਾਬ ਅਤੇ ਇੰਗਲੈਂਡ ਭੇਜਿਆ । ਜਦੋਂ ਸਰਕਾਰ ਨੇ ਕੋਈ ਪੱਲਾ ਨਾ ਫੜਾਇਆ ਤਾਂ ਵੈਨਕੂਵਰ ਦੇ ਗੁਰਦੁਆਰੇ ਵਿੱਚ ਇਸ ਮਸਲੇ ਦੇ ਹੱਲ ਲਈ ਮੀਟਿੰਗਾਂ ਹੋਣੀਆਂ ਸ਼ੁਰੂ ਹੋ ਗਈਆਂ। ਇਸ ਤਰ੍ਹਾਂ ਦੀ ਇਕ ਮੀਟਿੰਗ ਵਿੱਚ ਕਿਸੇ ਨੇ ਰਾਇ ਦਿੱਤੀ ਕਿ ਸਰਕਾਰ ਵੱਲੋਂ ਲਾਈਆਂ ਗਈਆਂ ਪਾਬੰਦੀਆਂ ਤੋੜਨ ਦਾ ਇੱਕੋ ਇੱਕ ਤਰੀਕਾ ਇਹ ਹੈ ਕਿ ਭਾਰਤ ਤੋਂ ਸਿੱਧਾ ਆਪਣਾ ਜਹਾਜ਼ ਹੀ ਚਲਾ ਲਿਆ ਜਾਵੇ। ਆਪਣੇ ਪਰਿਵਾਰਕ ਮੈਂਬਰਾਂ ਨੂੰ ਕਨੇਡਾ ਨਾ ਬੁਲਾ ਸਕਣ ਦੀ ਸਮੱਸਿਆ ਨਾਲ ਜੂਝ ਰਹੇ ਵੈਨਕੂਵਰ ਗੁਰਦੁਆਰੇ ਦੇ ਗ੍ਰੰਥੀ ਅਤੇ ਕਨੇਡਾ ਦੇ ਨਾਗਰਿਕ ਭਾਈ ਬਲਵੰਤ ਸਿੰਘ ਖੁਰਦਪੁਰ ਨੂੰ ਇਹ ਰਾਇ ਐਨੀ ਜਚੀ ਕਿ ਉਨ੍ਹਾਂ ਨੇ ਇਸ ਕੰਮ ਨੂੰ ਨੇਪਰੇ ਚਾੜ੍ਹਨ ਲਈ ਹਿੰਦੋਸਤਾਨ ਦਾ ਦੌਰਾ ਕੀਤਾ ਅਤੇ ਜਿੰਨ੍ਹਾਂ ਪੰਥਕ ਜਥੇਬੰਦੀਆਂ ਦੇ ਨੇਤਾਵਾਂ ਨਾਲ ਇਸ ਵਿਸ਼ੇ 'ਤੇ ਗੱਲ ਕੀਤੀ ਉਨ੍ਹਾਂ ਨੇਤਾਵਾਂ ਵਿੱਚ ਫ਼ਿਰੋਜ਼ਪੁਰ ਵਾਲੇ ਭਾਈ ਤਖ਼ਤ ਸਿੰਘ ਹੋਰਾਂ ਨੇ ਸਿੰਘਾਪੁਰ ਰਹਿਣ ਵਾਲੇ ਸਿੱਖ ਵਪਾਰੀ ਬਾਬਾ ਗੁਰਦਿੱਤ ਸਿੰਘ ਸਰਹਾਲੀ ਨੂੰ ਇਹ ਕੰਮ ਨੇਪਰੇ ਚੜ੍ਹਾਉਣ ਲਈ ਤਿਆਰ ਕੀਤਾ। ਇਸ ਮਹੱਤਵਪੂਰਣ ਮਿਸ਼ਨ ਨੂੰ ਅੰਜਾਮ ਦੇਣ ਲਈ ਅੰਗਰੇਜ਼ੀ ਪੜ੍ਹਨ ਲਿਖਣ ਦੇ ਮਾਹਿਰ ਅਤੇ ਕਾਨੂੰਨੀ ਮਸਲਿਆਂ ਬਾਰੇ ਜਾਣਕਾਰੀ ਰੱਖਣ ਵਾਲੇ ਭਾਈ ਦਲਜੀਤ ਸਿੰਘ ਨੂੰ ਬਾਬਾ ਗੁਰਦਿੱਤ ਸਿੰਘ ਸਰਹਾਲੀ ਦੇ ਸੈਕਟਰੀ ਵਜੋਂ ਨਿਯੁਕਤ ਕਰ ਦਿੱਤਾ। ਬਾਬਾ ਗੁਰਦਿੱਤ ਸਿੰਘ ਵਿਦੇਸ਼ ਵਿੱਚ ਰਹਿ ਕੇ ਜਹਾਜ਼ਾਂ ਰਾਹੀਂ ਵਪਾਰ ਕਰਦੇ ਸਨ । ਉਹ ਜਦੋਂ ਜਹਾਜ਼ ਦੇ ਬੰਦੋਬਸਤ ਲਈ ਹਾਂਗਕਾਂਗ ਪਹੁੰਚੇ ਤਾਂ ਉਨ੍ਹਾਂ ਨੂੰ ਭਰੋਸਾ ਦਿਵਾਇਆ ਗਿਆ ਕਿ ਕਨੇਡਾ ਜਾਣ ਵਾਲਿਆਂ ਦੀ ਗਿਣਤੀ ਹਜ਼ਾਰ ਤੋਂ ਵੱਧ ਹੋ ਜਾਵੇਗੀ।



## ਪੁਸਤਕ ਰੀਵਿਊ

ਸਰਕਾਰੀ ਕਾਰਵਾਈਆਂ ਅਤੇ ਹੋਰ ਅੜਿਕਿਆਂ ਨੂੰ ਪਾਰ ਕਰਕੇ ਜਹਾਜ਼ ਕਿਰਾਏ 'ਤੇ ਲੈਣ ਤੱਕ ਕਨੇਡਾ ਵਿੱਚ ਦਾਖ਼ਲ ਹੋਣ ਦੀ ਸਰਕਾਰ ਵੱਲੋਂ ਸਿੱਧੀ ਟਿਕਟ ਅਤੇ ਦੋ ਸੌ ਡਾਲਰ ਹਰ ਵਿਅਕਤੀ ਕੋਲ ਹੋਣ ਦੀ ਸ਼ਰਤ ਦੀ ਆਖ਼ਰੀ ਤਾਰੀਖ਼ 31 ਮਾਰਚ 1914 ਲੰਘ ਜਾਣ ਦੇ ਬਾਵਜੂਦ ਵੀ ਕਨੇਡਾ ਦੀਆਂ ਪੰਥਕ ਜਥੇਬੰਦੀਆਂ ਅਤੇ ਯਾਤਰਾ ਕਰਨ ਵਾਲੇ ਰਿਟਾਇਰ ਫੌਜੀਆਂ ਦੇ ਭਰੋਸੇ 'ਤੇ ਜਹਾਜ਼ ਨੂੰ ਕਨੇਡਾ ਵੱਲ ਤੋਰਨ ਤੋਂ ਪਹਿਲਾਂ 376 ਮੁਸਾਫ਼ਿਰ ਹੀ ਜਾਣ ਲਈ ਤਿਆਰ ਹੋਏ। ਦੁਗਣੇ ਕਿਰਾਏ 'ਤੇ ਲਏ ਗਏ ਜਹਾਜ਼ ਦਾ ਘਾਟਾ ਅਤੇ ਕਾਨੂੰਨੀ ਖਾਨਾਪੂਰਤੀ ਲਈ ਕਨੇਡਾ ਦੇ ਨਾਗਰਿਕ ਭਾਈ ਬਲਵੰਤ ਸਿੰਘ ਦੇ ਨਾਮ 'ਤੇ ਜਹਾਜ਼ ਉਪਰ ਕੋਇਲਾ ਵੀ ਲੱਦ ਲਿਆ ਗਿਆ। ਇਸ ਤਰ੍ਹਾਂ ਹਾਂਗਕਾਂਗ ਤੋਂ ਜਹਾਜ਼ ਦੀ ਰਵਾਨਗੀ 4 ਅਪ੍ਰੈਲ 1914 ਨੂੰ ਹੋ ਸਕੀ।

ਜਹਾਜ਼ ਦੇ ਮੁਸਾਫ਼ਿਰਾਂ ਨੂੰ ਭਰੋਸਾ ਸੀ ਕਿ ਕਨੇਡਾ ਦੀਆਂ ਪੰਥਕ ਜਥੇਬੰਦੀਆਂ ਆਪਣੀਆਂ ਜਥੇਬੰਦਕ ਅਤੇ ਕਾਨੂੰਨੀ ਕੋਸ਼ਿਸ਼ਾਂ ਨਾਲ ਉਨ੍ਹਾਂ ਨੂੰ ਕਨੇਡਾ ਵਿੱਚ ਉਤਾਰ ਹੀ ਲੈਣਗੀਆਂ । ਇਸ ਜਹਾਜ਼ ਦੇ ਤੁਰਨ ਤੋਂ ਪਹਿਲਾਂ ਤੇਜ਼ ਚੱਲਣ ਵਾਲੇ ਇੱਕ ਜਹਾਜ਼ ਰਾਹੀਂ ਕਨੇਡਾ ਰਹਿੰਦੇ ਭਾਰਤੀਆਂ ਦੇ 39 ਪਰਿਵਾਰਕ ਮੈਂਬਰਾਂ ਨੂੰ ਕਨੇਡਾ ਭੇਜ ਕੇ ਹਾਲਤਾਂ ਦਾ ਜਾਇਜ਼ਾ ਲਿਆ ਗਿਆ। ਇਹਨਾਂ ਮੁਸਾਫਿਰਾਂ ਵਿੱਚ ਭਾਈ ਬਲਵੰਤ ਸਿੰਘ ਦੀ ਪਤਨੀ ਸੀ। ਇਹਨਾਂ ਮੁਸਾਫ਼ਿਰਾਂ ਨੂੰ ਕੇਸ ਕਰਨ ਤੋਂ ਬਾਅਦ ਤਰਸ ਦੇ ਅਧਾਰ 'ਤੇ ਕਨੇਡਾ ਵਿੱਚ ਦਾਖਲਾ ਮਿਲ ਗਿਆ ਸੀ । ਇਸ ਤਰ੍ਹਾਂ ਦੀਆਂ ਹਾਲਤਾਂ ਵਿੱਚ 21 ਮਈ 1914 ਨੂੰ ਜਦੋਂ ਇਹ ਜਹਾਜ਼ ਕਨੇਡਾ ਦੇ ਪਾਣੀਆਂ ਵਿੱਚ ਵੈਨਕੂਵਰ ਤੋਂ 70 ਕਿਲੋਮੀਟਰ ਦੂਰ ਪਹੁੰਚਿਆ ਤਾਂ ਕਨੇਡੀਅਨ ਪੁਲਿਸ ਨੇ ਜਹਾਜ਼ ਨੂੰ ਬੰਦਰਗਾਹ 'ਤੇ ਨਾ ਲੱਗਣ ਦਿੱਤਾ।

ਇਸ ਤੋਂ ਬਾਅਦ ਭਾਈ ਦਲਜੀਤ ਸਿੰਘ ਹੋਰਾਂ ਦਾ ਕੰਮ ਸ਼ੁਰੂ ਹੁੰਦਾ ਹੈ। ਕਨੇਡਾ ਪੁਲਿਸ ਅਤੇ ਬੰਦਰਗਾਹ ਦੀ ਅਫ਼ਸਰਸ਼ਾਹੀ ਨੂੰ ਭਾਈ ਦਲਜੀਤ ਸਿੰਘ ਵੱਲੋਂ ਲਿਖੀਆਂ ਚਿੱਠੀਆਂ , ਅਪਨਾਏ ਕਾਨੂੰਨੀ ਦਾਅ-ਪੇਚ , ਜਹਾਜ਼ ਦੀਆਂ ਅੰਦਰੂਨੀ ਹਾਲਤਾਂ ਅਤੇ ਜਹਾਜ਼ 'ਤੇ ਗੱਲ-ਬਾਤ ਕਰਨ ਆਏ ਅਫ਼ਸਰਾਂ ਨਾਲ ਗੱਲ-ਬਾਤ ਦੇ ਲਿਖਤੀ ਰਿਕਾਰਡ ਦੇ ਤਾਰੀਖ਼ ਵਾਰ ਵੇਰਵੇ ਗੁਰਲਾਲ ਸਿੰਘ ਬਰਾੜ ਨੇ ਜਿਸ ਮਿਹਨਤ ਨਾਲ ਖੋਜ ਕੇ ਪੇਸ਼ ਕੀਤੇ ਹਨ , ਉਹ ਪੰਜਾਬੀ ਇਤਿਹਾਸਕਾਰੀ ਵਿੱਚ ਪਹਿਲੀ ਅਜਿਹੀ ਕੋਸ਼ਿਸ਼ ਹੈ, ਜੋ ਇਤਿਹਾਸ ਦੇ ਖੋਜੀ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਵੀ ਇਸ ਬਾਰੇ ਖੋਜ ਕਰਨ ਲਈ ਬਹੁਤ ਮਦਦਗਾਰ ਸਾਬਤ ਹੋਵੇਗੀ। ਕਾਮਾਗਾਟਾਮਾਰੂ ਜਹਾਜ਼ ਦੇ ਮੁਸਾਫ਼ਿਰਾਂ ਨੂੰ ਕਨੇਡਾ ਉਤਾਰਨ ਲਈ ਪੰਥਕ ਜਥੇਬੰਦੀਆਂ ਵੱਲੋਂ ਸਭ ਪ੍ਰਕਾਰ ਦੇ ਕਾਨੂੰਨੀ ਦਾਅ-ਪੇਚ ਵਰਤੇ ਜਾਣ ਦੇ ਨਾਲ-ਨਾਲ ਜਹਾਜ਼ ਦਾ ਕਿਰਾਇਆ-ਨਾਮਾ ਵੀ ਕਨੇਡਾ ਦੇ ਸ਼ਹਿਰੀਆਂ ਦੇ ਨਾਮ ਬਦਲ ਦੇਣ ਦੇ ਬਾਵਜੂਦ ਕਨੇਡਾ ਦੀ ਅਫ਼ਸਰਸ਼ਾਹੀ ਨੇ ਕਿਸੇ ਵੀ ਤਰ੍ਹਾਂ ਦਾ ਸਹਿਯੋਗ ਕਰਨ ਤੋਂ ਨਾਂਹ ਕਰ ਦਿੱਤੀ ਅਤੇ ਦੋ ਮਹੀਨਿਆਂ ਦੀ ਲੜਾਈ ਤੋਂ ਬਾਅਦ ਜਹਾਜ਼ ਨੂੰ ਜ਼ਬਰੀ ਵਾਪਸ ਭੇਜਣ ਦੇ ਹੁਕਮ ਜਾਰੀ ਕਰ ਦਿੱਤੇ।

ਜੁਲਾਈ ਮਹੀਨੇ ਦੇ ਆਖ਼ਰੀ ਹਫ਼ਤੇ ਵੈਨਕੂਵਰ ਤੋਂ ਚੱਲਿਆ ਜਹਾਜ਼ ਜਦੋਂ ਅਗਸਤ ਮਹੀਨੇ ਵਿੱਚ ਯੋਕੋਹਾਮਾ ਪਹੁੰਚਦਾ ਹੈ ਤਾਂ ਹਾਂਗਕਾਂਗ ਦਾ ਗਵਰਨਰ ਜਹਾਜ਼ ਨੂੰ ਬੰਦਰਗਾਹ 'ਤੇ ਪਹੁੰਚਣ 'ਤੇ ਪਾਬੰਦੀ ਲਾ ਦਿੰਦਾ ਹੈ। ਇਸ ਦੌਰਾਨ ਕਾਮਾਗਾਟਾਮਾਰੂ ਜਹਾਜ਼ ਵਾਪਸੀ ਦੀ ਘਟਨਾ ਤੋਂ ਰੋਹ ਵਿੱਚ ਆਏ ਕਨੇਡਾ ਅਤੇ ਅਮਰੀਕਾ ਰਹਿਣ ਵਾਲੇ ਪੰਜਾਬੀ ਅੰਗਰੇਜ਼ ਹਕੂਮਤ ਦੇ ਖ਼ਿਲਾਫ਼ ਗ਼ਦਰ ਸ਼ੁਰੂ ਕਰਨ ਲਈ ਹਿੰਦੋਸਤਾਨ ਨੂੰ ਚਾਲੇ ਪਾ ਦਿੰਦੇ ਹਨ।

ਬਾਬਾ ਸੋਹਣ ਸਿੰਘ ਭਕਨਾ ਅਮਰੀਕਾ ਤੋਂ ਆ ਕੇ ਕਾਮਾਗਾਟਾਮਾਰੂ ਜਹਾਜ਼ ਦੇ ਮੁਸਾਫ਼ਿਰਾਂ ਨੂੰ ਮਿਲਦੇ ਹਨ ਅਤੇ ਇਸ ਰੋਹ ਨੂੰ ਹਥਿਆਰਬੰਦ ਬਗ਼ਾਵਤ ਵਿੱਚ ਬਦਲਣ ਲਈ ਉਹ ਜਹਾਜ਼ ਵਿੱਚ 200 ਪਿਸਤੌਲ ਅਤੇ 2000 ਕਾਰਤੂਸ ਪੁੱਜਦੇ ਕਰ ਦਿੰਦੇ ਹਨ ।

ਜਹਾਜ਼ ਨੂੰ ਕੁਝ ਦਿਨ ਰੋਕਣ ਤੋਂ ਬਾਅਦ ਕਲਕੱਤੇ ਲਈ ਰਵਾਨਾ ਕਰ ਦਿੱਤਾ ਜਾਂਦਾ ਹੈ। ਭਾਰਤ ਦੇ ਪਾਣੀਆਂ ਵਿੱਚ ਪਹੁੰਚਣ ਤੋਂ ਪਹਿਲਾਂ ਜਹਾਜ਼ ਵਿੱਚ ਰੱਖੇ ਗਏ ਹਥਿਆਰਾਂ ਨੂੰ ਸਮੁੰਦਰ ਵਿੱਚ ਸੁੱਟ ਦਿੱਤਾ ਜਾਂਦਾ ਹੈ ਅਤੇ ਹਰ ਮੁਸਾਫ਼ਿਰ ਦੀ ਤਲਾਸ਼ੀ ਲੈ ਕੇ ਤਸੱਲੀ ਕੀਤੀ ਜਾਂਦੀ ਹੈ ਤਾਂ ਕਿ ਕਲਕੱਤੇ ਕੋਈ ਸਮੱਸਿਆ ਨਾ ਖੜ੍ਹੀ ਹੋ ਜਾਵੇ। ਜਹਾਜ਼ ਨੂੰ ਕਲਕੱਤੇ ਪਹੁੰਚਣ ਤੋਂ ਪਹਿਲਾਂ ਹੁਗਲੀ ਰੋਕ ਲਿਆ ਜਾਂਦਾ ਹੈ । ਸੁੱਖਾ ਸਿੰਘ ਡਿਪਟੀ ਸੁਪਰਡੈਂਟ ਦੀ ਅਗਵਾਈ ਵਿੱਚ ਇਥੇ ਪਹੁੰਚੀ ਪੰਜਾਬ ਪੁਲਿਸ ਜਹਾਜ਼ ਦੇ ਮੁਸਾਫ਼ਿਰਾਂ ਦੀ ਤਲਾਸ਼ੀ ਲੈ ਕੇ ਜਹਾਜ਼ ਦੇ ਸਾਰੇ ਕਾਗਜ਼ ਪੱਤਰ ਜ਼ਬਤ ਕਰ ਲੈਂਦੀ ਹੈ। ਬਜਬਜ ਘਾਟ 'ਤੇ ਪਹੁੰਚ ਕੇ ਮੁਸਾਫ਼ਿਰਾਂ ਨੂੰ ਜਹਾਜ਼ ਤੋਂ ਉਤਰਨ ਦਾ ਹੁਕਮ ਦਿੱਤਾ ਜਾਂਦਾ ਹੈ।

ਅੰਗਰੇਜ਼ ਹਕੂਮਤ ਦੀ ਯੋਜਨਾ ਇਹ ਸੀ ਕਿ ਜਹਾਜ਼ ਦੇ ਪ੍ਰਮੁੱਖ ਬੰਦਿਆਂ ਨੂੰ ਹਿਰਾਸਤ ਵਿੱਚ ਲੈ ਕੇ ਬਾਕੀ ਕੈਦੀ ਬਣਾਏ ਗਏ ਸਭ ਮੁਸਾਫ਼ਿਰਾਂ ਨੂੰ ਲੁਧਿਆਣੇ ਵਿੱਚ ਬਣਾਈ ਗਈ ਆਰਜ਼ੀ ਜੇਲ੍ਹ ਵਿਚ ਭੇਜਣ ਲਈ ਰੇਲਗੱਡੀ ਵਿੱਚ ਚੜ੍ਹਾ ਦਿੱਤਾ ਜਾਵੇ। ਹਿਰਾਸਤ ਵਿੱਚ ਲਏ ਗਏ ਮੁਸਾਫ਼ਿਰਾਂ ਦੀ ਯੋਜਨਾ ਪੰਜਾਬ ਜਾਣ ਦੀ ਬਜਾਏ ਕਲਕੱਤੇ ਰਹਿ ਕੇ ਕੰਮ ਕਰਨ ਦੀ ਸੀ। ਇਸ ਸਮੇਂ ਕੈਦੀ ਬਣਾਏ ਗਏ ਮੁਸਾਫ਼ਿਰਾਂ ਨੇ ਰੇਲਗੱਡੀ ਵਿੱਚ ਬੈਠਣ ਦੀ ਬਜਾਏ ਕਲਕੱਤੇ ਪਹੁੰਚ ਕੇ ਜਹਾਜ਼ ਦੇ ਸਫ਼ਰ ਦੌਰਾਨ ਇਕ ਦੂਜੇ ਨਾਲ ਹੋਏ ਲੈਣ-ਦੇਣ ਦਾ ਹਿਸਾਬ ਕਰਨ ਅਤੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਕਲਕੱਤੇ ਕਿਸੇ ਗੁਰਦੁਆਰੇ ਵਿੱਚ ਸੁਰੱਖਿਅਤ ਰੱਖਣ ਦੀ ਮੰਗ ਕੀਤੀ। ਕੁਝ ਮੁਸਾਫ਼ਿਰਾਂ ਨੇ ਪੈਦਲ ਹੀ ਕਲਕੱਤੇ ਵੱਲ ਨੂੰ ਚਾਲੇ ਪਾ ਦਿੱਤੇ। ਜਿਸ ਦੇ ਨਤੀਜੇ ਵਜੋਂ ਮੁਸਾਫ਼ਿਰਾਂ ਅਤੇ ਪੁਲਿਸ ਵਿੱਚ ਤਨਾਅ ਪੈਦਾ ਹੋ ਗਿਆ।

ਸ਼ਾਮ ਹੋਣ ਕਰਕੇ ਪੁਲਿਸ ਨੂੰ ਸ਼ੱਕ ਹੋ ਗਿਆ ਕਿ ਹਨੇਰਾ ਹੁੰਦੇ ਹੀ ਕੈਦੀ ਬਣਾਏ ਗਏ ਮੁਸਾਫ਼ਿਰ ਭੱਜ ਨਾ ਜਾਣ। ਪੁਲਿਸ ਨੇ ਮੁਸਾਫ਼ਿਰਾਂ ਨੂੰ ਦੁਬਾਰਾ ਜਹਾਜ਼ ਵਿੱਚ ਸਵਾਰ ਹੋਣ ਲਈ ਕਿਹਾ ਤਾਂ ਮੁਸਾਫ਼ਿਰਾਂ ਨੇ ਜਹਾਜ਼ ਵਿੱਚ ਸਵਾਰ ਹੋਣ ਦੀ ਬਜਾਏ ਉਥੇ ਹੀ ਰਹਿਰਾਸ ਦਾ ਪਾਠ ਸ਼ੁਰੂ ਕਰ ਦਿੱਤਾ। ਰਹਿਰਾਸ ਦੇ ਪਾਠ ਦੀ ਸਮਾਪਤੀ ਤੋਂ ਬਾਅਦ ਜਦੋਂ ਅਰਦਾਸ ਹੋ ਰਹੀ ਸੀ ਤਾਂ ਇਕ ਯੌਰਪੀਨ ਸਿਪਾਹੀ ਬਾਬਾ ਗੁਰਦਿੱਤ ਸਿੰਘ ਨੂੰ ਬੁਲਾਉਣ ਲਈ ਸੰਗਤ ਵਿੱਚ ਵੜਨ ਲੱਗਿਆ ਤਾਂ ਉਸਨੂੰ ਰੋਕਣ ਦੀ ਕੋਸ਼ਿਸ਼ ਕੀਤੀ ਗਈ ਤਾਂ ਉਸਨੇ ਡਾਂਗ ਉਗਾਸ ਲਈ। ਇੱਕ ਮੁਸਾਫ਼ਿਰ ਨੇ ਉਹ ਡਾਂਗ ਫੜ ਲਈ ਤਾਂ ਉਸ ਸਿਪਾਹੀ ਨੇ ਆਪਣਾ ਪਿਸਤੌਲ ਕੱਢਿਆ ਅਤੇ ਉਸ ਮੁਸਾਫ਼ਿਰ ਨੂੰ ਗੋਲੀ ਮਾਰ ਦਿੱਤੀ। ਗੋਲੀ ਚੱਲਣ ਦੀ ਅਵਾਜ਼ ਸੁਣਦਿਆਂ ਹੀ ਘੇਰਾ ਪਾਈ ਖਲੋਤੀ ਪੁਲਿਸ ਅਤੇ ਫੌਜ ਨੇ ਗੋਲੀ ਚਲਾਉਣੀ ਸ਼ੁਰੂ ਕਰ ਦਿੱਤੀ, ਜਿਸ ਵਿੱਚ 19 ਮੁਸਾਫ਼ਿਰ ਮਾਰੇ ਗਏ। ਇਸ ਗੋਲੀਬਾਰੀ ਵਿੱਚ ਬਾਬਾ ਗੁਰਦਿੱਤ ਸਿੰਘ ਨੂੰ ਜ਼ਖ਼ਮੀ ਹੋ ਜਾਣ ਦੇ ਬਾਵਜੂਦ ਵੀ ਕੁਝ ਮੁਸਾਫ਼ਿਰਾਂ ਨੇ ਘਟਨਾ ਸਥਾਨ ਤੋਂ ਬਾਹਰ ਕੱਢ ਲਿਆ ਅਤੇ ਗੋਲਾਬਾਰੀ ਨਾਲ ਮਚੀ ਹਫ਼ੜਾ-ਦਫ਼ੜੀ ਵਿੱਚ ਭਾਈ ਦਲਜੀਤ ਸਿੰਘ ਵੀ ਹਨੇਰੇ ਦਾ ਲਾਭ ਉਠਾ ਕੇ ਇਕ ਬਾਗ ਵਿੱਚ ਛੁਪ ਗਏ। ਕੁਝ ਮਹੀਨੇ ਬੰਗਾਲ ਰਹਿਣ ਦੇ ਬਾਅਦ ਪੰਜਾਬ ਵਿੱਚ ਆ ਕੇ ਸੱਤ ਸਾਲ ਰਾਏ ਸਿੰਘ ਦੇ ਨਾਮ ਹੇਠ ਅੰਡਰ ਗਰਾਊਂਡ ਰਹਿ ਕੇ ਕੰਮ ਕਰਦੇ ਰਹੇ । ਇਸ ਦੌਰਾਨ ਭਾਈ ਦਲਜੀਤ ਸਿੰਘ ਨੇ ਕਾਮਾਗਾਟਾਮਾਰੂ ਜਹਾਜ਼ ਵਾਲੀ ਘਟਨਾ ਦੀ ਅਸਲੀਅਤ ਤੋਂ ਜਾਣੂ ਕਰਵਾਉਣ ਲਈ ਪੰਥਕ ਅਖ਼ਬਾਰਾਂ ਲਈ ਲੇਖ ਲਿਖੇ ਪਰ ਸਰਕਾਰੀ ਦਹਿਸ਼ਤ ਕਰਕੇ ਕੋਈ ਪੰਥਕ ਅਖ਼ਬਾਰ ਇਹਨਾਂ ਲੇਖਾਂ ਨੂੰ ਛਾਪਣ ਲਈ ਤਿਆਰ ਨਾ ਹੋਇਆ।

ਇਸ ਦੇ ਉਲਟ ਬ੍ਰਿਟਿਸ਼ ਹਕੂਮਤ ਨੇ ਸਿੱਖ ਸੰਸਥਾਵਾਂ 'ਤੇ ਕਾਬਜ਼ ਆਪਣੇ ਲੋਕਾਂ ਤੋਂ ਕਾਮਾਗਾਟਾਮਾਰੂ ਜਹਾਜ਼ ਦੇ ਮੁਸਾਫ਼ਿਰਾਂ ਨੂੰ ਸਿੱਖ ਮੰਨਣ ਤੋਂ ਇਨਕਾਰ ਕਰਦੇ ਹੁਕਮਨਾਮੇ ਜਾਰੀ ਕਰਵਾ ਦਿੱਤੇ । ਇਸ ਘਟਨਾ ਨੇ ਬਾਅਦ ਵਿੱਚ ਪੰਜਾਬ ਦੀ ਸਿੱਖ-ਰਾਜਨੀਤੀ ਵਿੱਚ ਇਕ ਨਵਾਂ ਮੋੜ ਲਿਆਂਦਾ ਅਤੇ ਸਿੱਖ-ਰਾਜਨੀਤੀ ਸਰਕਾਰੀ ਅਤੇ ਈਲੀਟ ਵਰਗ ਦੇ ਹੱਥੋਂ ਨਿਕਲ ਕੇ ਨਵੇਂ ਰਾਹ ਤੁਰ ਪਈ।

ਸਿੱਖ ਇਤਿਹਾਸ ਦਾ ਅਧਿਐਨ ਕਰਨ ਵਾਲੇ ਜਾਣਦੇ ਹਨ ਕਿ ਸਿੱਖ ਇਤਿਹਾਸ ਵਿੱਚ ਗੁਰੂ-ਕਾਲ ਤੋਂ ਹੀ ਦੋ ਧਾਰਾਵਾਂ ਚੱਲਦੀਆਂ ਰਹੀਆਂ ਹਨ ।ਇੱਕ ਧਾਰਾ ਸਿੱਖ-ਫ਼ਲਸਫ਼ੇ ਦੇ ਮੂਲ ਸਿਧਾਂਤਾਂ ਅਨੁਸਾਰ ਸਰਬੱਤ ਦੇ ਭਲੇ ਵਾਲੇ ਫ਼ਲਸਫ਼ੇ ਦੀ ਪ੍ਰਤੀਨਿਧਤਾ ਕਰਨ ਦੇ ਰਾਹ ਤੁਰਦੀ ਰਹੀ ਹੈ ਅਤੇ ਦੂਜੀ ਧਾਰਾ ਸਟੇਟ ਦੇ ਓਟ-ਆਸਰੇ ਵਿੱਚ ਪੰਥ ਦੇ ਨਾਮ ਥੱਲੇ ਆਪਣੇ ਨਿੱਜੀ ਅਤੇ ਸਵਾਰਥੀ ਹਿੱਤਾਂ ਦੀ ਸੁਰੱਖਿਆ ਕਰਦੀ ਰਹੀ ਹੈ। ਕਾਮਾਗਾਟਾਮਾਰੂ ਜਹਾਜ਼ ਦੀ ਘਟਨਾ ਤੋਂ ਬਾਅਦ ਸਿੱਖਾਂ ਦੇ ਪੜ੍ਹੇ ਲਿਖੇ ਵਰਗ ਨੇ ਇੱਕ ਨਵੀਂ ਸੁਤੰਤਰ ਸੋਚ ਵਾਲੀ ਜਥੇਬੰਦੀ "ਸੈਂਟਰਲ ਸਿੱਖ ਲੀਗ" ਬਣਾ ਕੇ ਸਿੱਖ ਰਾਜਨੀਤੀ ਅਤੇ ਧਾਰਮਿਕ ਸੰਸਥਾਵਾਂ ਵਿੱਚ ਸਰਕਾਰੀ ਅਤੇ ਈਲੀਟ ਵਰਗ ਦੀ ਸਰਦਾਰੀ ਸਮਾਪਤ ਕਰਨ ਲਈ ਗੁਰਦੁਆਰਾ ਸੁਧਾਰ ਨੂੰ ਮੁੱਦਾ ਬਣਾਉਣਾ ਸ਼ੁਰੂ ਕਰ ਦਿੱਤਾ। ਬਾਅਦ ਵਿੱਚ ਇਹ ਮੁਹਿੰਮ ਸਿੱਖ-ਜਗਤ ਵਿੱਚ ਵੱਡੀ ਲਹਿਰ ਬਣ ਕੇ ਫੈਲੀ ਅਤੇ ਇਸ ਸੰਘਰਸ਼ 'ਚੋਂ ਸਿੱਖ ਪੰਥ ਦੀ ਨਵੀਂ ਲੀਡਰਸ਼ਿਪ ਉੱਭਰ ਕੇ ਸਾਹਮਣੇ ਆਈ, ਜਿਸ ਨੇ ਬਾਅਦ ਵਿੱਚ ਬ੍ਰਿਟਿਸ਼ ਹਕੂਮਤ ਦੇ ਖ਼ਿਲਾਫ਼ ਚੱਲ ਰਹੇ ਕੌਮੀ ਪੱਧਰ ਦੇ ਸੰਘਰਸ਼ ਨਾਲ ਆਪਣੀ ਸਾਂਝ ਪਾਈ।

ਇਸ ਪੁਸਤਕ ਦੇ ਤੀਜੇ ਅਧਿਆਏ ਵਿੱਚ ਗੁਰਦੁਆਰਾ ਸੁਧਾਰ ਲਹਿਰ ਬਾਰੇ ਜੋ ਚਰਚਾ ਕੀਤੀ ਗਈ ਹੈ, ਉਸ ਤੋਂ ਪਤਾ ਲੱਗਦਾ ਹੈ ਕਿ ਅੰਡਰ ਗਰਾਊਂਡ ਵਿਚਰਦਿਆਂ ਹੋਇਆਂ ਭਾਈ ਦਲਜੀਤ ਸਿੰਘ ਨੇ ਰੈਡੀਕਲ ਸਿੱਖ ਰਾਜਨੀਤੀ ਦੀ ਸਥਾਪਨਾ ਵਿੱਚ ਕਿੰਨਾ ਮਹੱਤਵਪੂਰਣ ਰੋਲ ਨਿਭਾਇਆ। ਸੈਂਟਰਲ ਸਿੱਖ ਲੀਗ ਵਿੱਚ ਸ਼ਾਮਿਲ ਹੋਣ ਤੋਂ ਬਾਅਦ ਭਾਈ ਦਲਜੀਤ ਸਿੰਘ ਨੇ ਇੱਕ ਜਨਤਕ ਜਲਸੇ ਵਿੱਚ ਆਪਣੇ ਸੱਤ ਸਾਲ ਦੇ ਗੁਪਤਵਾਸ ਦੀ ਸਮਾਪਤੀ ਦਾ ਐਲਾਨ ਕਰਦਿਆਂ ਬ੍ਰਿਟਿਸ਼ ਹਕੂਮਤ ਨੂੰ ਚੈਲੈਂਜ ਕੀਤਾ ਕਿ 'ਮੈਂ ਕਾਮਾਗਾਟਾਮਾਰੂ ਜਹਾਜ਼ ਦਾ ਸੈਕਟਰੀ ਦਲਜੀਤ ਸਿੰਘ ਹਾਂ, ਜੇ ਸਰਕਾਰ ਚਾਹੇ ਤਾਂ ਮੈਨੂੰ ਗ੍ਰਿਫ਼ਤਾਰ ਕਰ ਸਕਦੀ ਹੈ'। ਇਸ ਜਨਤਕ ਐਲਾਨ ਤੋਂ ਬਾਅਦ ਸਰਕਾਰ ਨੇ ਭਾਈ ਦਲਜੀਤ ਸਿੰਘ ਨੂੰ ਗ੍ਰਿਫ਼ਤਾਰ ਕਰਨਾ ਉਚਿਤ ਨਹੀਂ ਸਮਝਿਆ। ਇਸ ਤਰ੍ਹਾਂ ਜਨਤਕ ਜੀਵਨ ਵਿੱਚ ਆ ਕੇ ਭਾਈ ਦਲਜੀਤ ਸਿੰਘ ਗੁਰਦੁਆਰਾ ਸੁਧਾਰ ਲਹਿਰ ਵਿੱਚ ਸਰਗਰਮ ਭੂਮਿਕਾ ਨਿਭਾਉਣ ਵਾਲੇ ਨੇਤਾਵਾਂ ਵਿੱਚ ਸ਼ਾਮਿਲ ਹੋ ਜਾਂਦੇ ਹਨ। ਆਪਣੀ ਸਰਗਰਮ ਭੂਮਿਕਾ ਕਾਰਨ ਉਹ ਸ਼੍ਰੋਮਣੀ ਅਕਾਲੀ ਦਲ ਦੇ ਮੀਤ ਪ੍ਰਧਾਨ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਚੁਣੇ ਜਾਂਦੇ ਹਨ।

ਗੁਰਦੁਆਰਾ ਸੁਧਾਰ ਲਹਿਰ ਦੇ ਨਾਲ-ਨਾਲ ਅਕਾਲੀ ਦਲ ਵੱਲੋਂ ਜਦੋਂ ਮਹਾਰਾਜਾ ਨਾਭਾ ਦੀ ਬਰਖ਼ਾਸਤਗੀ ਦੇ ਖ਼ਿਲਾਫ਼ ਜੈਤੋ ਦਾ ਮੋਰਚਾ ਲਾਇਆ ਜਾਂਦਾ ਹੈ ਤਾਂ ਸਿੱਖ ਲੀਡਰਸ਼ਿਪ ਇਸ ਮੋਰਚੇ ਦੀ ਅਗਵਾਈ ਕਰਨ ਲਈ ਭਾਈ ਦਲਜੀਤ ਸਿੰਘ ਨੂੰ ਭੇਜ ਦਿੰਦੀ ਹੈ। ਇਸ ਮੋਰਚੇ ਵਿੱਚ ਨਿਭਾਈ ਸਰਗਰਮ ਭੂਮਿਕਾ ਕਾਰਨ ਅੰਗਰੇਜ਼ ਹਕੂਮਤ ਭਾਈ ਦਲਜੀਤ ਸਿੰਘ ਅਤੇ ਹੋਰ ਅਕਾਲੀ ਨੇਤਾਵਾਂ ਦੇ ਖ਼ਿਲਾਫ਼ ਦੇਸ਼-ਧਰੋਹ ਅਤੇ ਹਕੂਮਤ ਦੇ ਖ਼ਿਲਾਫ਼ ਬਗ਼ਾਵਤ ਵਰਗੀਆਂ ਧਾਰਾਵਾਂ ਅਧੀਨ ਕੇਸ ਦਰਜ ਕਰਕੇ ਉਨ੍ਹਾਂ ਨੂੰ ਜੇਲ੍ਹ ਵਿੱਚ ਸੁੱਟ ਦਿੰਦੀ ਹੈ।

ਗੁਰਲਾਲ ਸਿੰਘ ਬਰਾੜ ਨੇ ਇਸ ਕੇਸ ਵਿੱਚ ਭਾਈ ਦਲਜੀਤ ਸਿੰਘ ਹੋਰਾਂ ਦੇ ਅਦਾਲਤ ਵਿੱਚ ਦਰਜ ਕਰਵਾਏ ਮਹੱਤਵਪੂਰਣ ਇਤਿਹਾਸਕ ਬਿਆਨਾਂ ਨੂੰ ਲੱਭ ਕੇ ਜਿਸ ਤਰ੍ਹਾਂ ਆਪਣੀ ਪੁਸਤਕ ਵਿੱਚ ਅਨੁਵਾਦਿਤ ਰੂਪ ਵਿੱਚ ਪੇਸ਼ ਕੀਤਾ ਹੈ, ਉਹ ਇਸ ਪੁਸਤਕ ਨੂੰ ਜੀਵਨੀ ਦੇ ਨਾਲ-ਨਾਲ ਇੱਕ ਅਜਿਹਾ ਮਹੱਤਵਪੂਰਣ ਡਾਕੂਮੈਂਟ ਬਣਾ ਦਿੰਦਾ ਹੈ , ਜੋ ਵੀਹਵੀਂ ਸਦੀ ਦੇ ਆਰੰਭਿਕ ਚਾਰ ਦਹਾਕਿਆਂ ਦੀ ਸਿੱਖ ਰਾਜਨੀਤੀ ਬਾਰੇ ਖੋਜ ਕਰਨ ਵਾਲੇ ਵਿਦਿਆਰਥੀਆਂ ਦੀ ਨਵੀਂ ਪੀੜ੍ਹੀ ਲਈ ਬਹੁਤ ਲਾਭਦਾਇਕ ਸਿੱਧ ਹੋਵੇਗਾ।

ਚੌਥੇ ਅਧਿਆਇ ਵਿੱਚ ਲੇਖਕ ਨੇ ਭਾਈ ਦਲਜੀਤ ਸਿੰਘ ਦੇ ਅਕਾਲੀ ਦਲ ਦੇ ਮੀਤ ਪ੍ਰਧਾਨ ਬਣਨ ਤੋਂ ਬਾਅਦ ਦੀਆਂ ਰਾਜਨੀਤਕ ਸਰਗਰਮੀਆਂ ਦੇ ਨਾਲ-ਨਾਲ ਸਮਾਜਿਕ ਅਤੇ ਸਭਿਆਚਾਰਕ ਸਰਗਰਮੀਆਂ ਦੇ ਵੇਰਵੇ ਪੇਸ਼ ਕੀਤੇ ਹਨ , ਜਿੰਨ੍ਹਾਂ ਵਿੱਚ ਭਾਈ ਦਲਜੀਤ ਸਿੰਘ ਵੱਲੋਂ "ਕੌਮੀ ਦਰਦ" ਅਤੇ "ਦੇਸ਼ ਦਰਦੀ" ਵਰਗੇ ਪੰਥਕ ਅਖ਼ਬਾਰ ਸ਼ੁਰੂ ਕਰਨ ਦੇ ਨਾਲ-ਨਾਲ ਆਪਣੇ ਪਿੰਡ ਵਿੱਚ ਕੰਨਿਆ ਵਿਦਿਆਲਿਆ ਸ਼ੁਰੂ ਕਰਨਾ ਅਤੇ ਦੇਸ਼ ਲਈ ਸ਼ਹੀਦ ਹੋਏ ਦੇਸ਼-ਭਗਤ ਪਰਿਵਾਰਾਂ ਦੀ ਸਹਾਇਤਾ ਲਈ 'ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ' ਨਾਲ ਜੁੜਨ ਦੇ ਵੇਰਵੇ ਬਿਆਨ ਕੀਤੇ ਹਨ। 8 ਦਸੰਬਰ 1937 ਵਿੱਚ ਭਾਈ ਦਲਜੀਤ ਸਿੰਘ ਦੀ ਨਮੂਨੀਆ ਕਾਰਨ ਮੌਤ ਹੋ ਜਾਂਦੀ ਹੈ। ਗੁਰਲਾਲ ਸਿੰਘ ਬਰਾੜ ਨੇ ਜਿਸ ਸ਼ਿੱਦਤ ਨਾਲ ਸਿੱਖ ਇਤਿਹਾਸ ਵਿੱਚ ਅਣਗੌਲੇ ਭਾਈ ਦਲਜੀਤ ਸਿੰਘ ਵਰਗੇ ਨਾਇਕ ਦੀਆਂ ਸਰਗਰਮੀਆਂ ਨੂੰ ਲਿਖਤੀ ਅਤੇ ਇਤਿਹਾਸਕ ਤੱਥਾਂ ਸਮੇਤ ਪੇਸ਼ ਕੀਤਾ ਹੈ , ਉਸ ਬਹੁਤ ਪ੍ਰਸ਼ੰਸਾ ਯੋਗ ਹੈ । ਵੀਹਵੀਂ ਸਦੀ ਦੀ ਸਿੱਖ ਰਾਜਨੀਤੀ ਵਿੱਚ ਦਿਲਚਸਪੀ ਰੱਖਣ ਵਾਲਿਆਂ ਨੂੰ ਗੁਰਲਾਲ ਸਿੰਘ ਬਰਾੜ ਦੀ ਇਹ ਪੁਸਤਕ ਨੂੰ ਜੀ ਆਇਆਂ ਨੂੰ ਕਹਿੰਦੇ ਹੋਏ ਪੜ੍ਹਨ ਦੀ ਸਿਫ਼ਾਰਸ਼ ਕਰਦਾ ਹਾਂ।

# ਕੌਮਾਂਤਰੀ ਪਰਵਾਸੀ ਕਿਉਂ ਆਪਣਾ ਪਿੱਛਾ ਭੁੱਲ ਗਏ?

ਮਨੁੱਖੀ ਹੋਂਦ ਅਤੇ ਮਨੁੱਖਾਂ ਦਾ ਪਰਵਾਸ ਨਾਲ-ਨਾਲ ਸ਼ੁਰੂ ਹੋ ਗਏ ਸਨ। ਪਹਿਲਾਂ ਪਹਿਲ ਮਨੁੱਖ ਆਪਣੀ ਹੋਂਦ ਕਾਇਮ ਰੱਖਣ ਲਈ ਖਾਧ ਪਦਾਰਥਾਂ ਦੀ ਭਾਲ ਵਿੱਚ ਇੱਕ ਥਾਂ ਤੋਂ ਦੂਜੀ ਥਾਂ ਉੱਤੇ ਪਰਵਾਸ ਕਰਦੇ ਸਨ। ਇਸ ਤੋਂ ਬਾਅਦ ਮਨੁੱਖਾਂ ਨੇ ਆਪਣੀ ਜ਼ਿੰਦਗੀ ਨੂੰ ਸੁਖਾਲਾ ਬਣਾਉਣ ਲਈ ਜਾਨਵਰ ਪਾਲਣ ਅਤੇ ਖੇਤੀ ਸ਼ੁਰੂ ਕੀਤੀ ਜਿਸ ਦੇ ਨਤੀਜੇ ਵਜੋਂ ਹੌਲੀ-ਹੌਲੀ ਪਿੰਡ ਅਤੇ ਸ਼ਹਿਰ ਹੋਂਦ ਵਿੱਚ ਆਉਣ ਲੱਗੇ। ਮਨੁੱਖਾਂ ਨੇ ਆਪਣੀ ਰੋਜ਼ੀ-ਰੋਟੀ ਕਮਾਉਣ ਲਈ ਪਿੰਡਾਂ ਤੋਂ ਪਿੰਡਾਂ ਅਤੇ ਸ਼ਹਿਰਾਂ ਵੱਲ ਪਰਵਾਸ ਕਰਨਾ ਸ਼ੁਰੂ ਕੀਤਾ। ਵੱਖ-ਵੱਖ ਦੇਸ਼ਾਂ ਦੇ ਆਰਥਿਕ ਵਿਕਾਸ ਵਿੱਚ ਵਿਖਰੇਵੇਂ ਅਤੇ ਮਨੁੱਖੀ ਅਬਾਦੀ ਦੇ ਵਧਣ ਕਾਰਨ ਕੌਮਾਂਤਰੀ ਪਰਵਾਸ ਵੀ ਹੋਂਦ ਵਿੱਚ ਆਇਆ। ਕੌਮਾਤਰੀ ਪਰਵਾਸ ਦੇ ਅਨੇਕਾਂ ਕਾਰਨ ਹੋ ਸਕਦੇ ਹਨ ਜਿਵੇਂ ਬਿਹਤਰ ਜ਼ਿੰਦਗੀ ਜਿਉਣ ਦਾ ਸੁਪਨਾ ਸਾਕਾਰ ਕਰਨਾ, ਪਰਿਵਾਰ ਨਾਲ ਇਕੱਠੇ ਰਹਿਣਾ, ਲੜਾਈਆਂ-ਝਗੜਿਆਂ ਜਾਂ ਵਾਤਾਵਰਨ ਵਿੱਚ ਵਿਗਾੜਾਂ ਤੋਂ ਬਚਣਾ ਆਦਿ।

ਪਿਛਲੇ ਕੁਝ ਸਮੇਂ ਦੌਰਾਨ ਕੌਮਾਂਤਰੀ ਪਰਵਾਸੀਆਂ ਦੀ ਗਿਣਤੀ ਅਤੇ ਅਨੁਪਾਤ ਵਿੱਚ ਵਾਧੇ ਦਾ ਰੁਝਾਨ ਦੇਖਿਆ ਜਾ ਰਿਹਾ ਹੈ। ਸਯੁੰਕਤ ਰਾਸ਼ਟਰ ਅਨੁਸਾਰ ਕੌਮਾਂਤਰੀ ਪਰਵਾਸੀਆਂ ਦੀ ਗਿਣਤੀ 1990 ਵਿੱਚ 154 ਮਿਲੀਅਨ ਜੋ 2000 ਵਿੱਚ ਵਧਕੇ 175 ਮਿਲੀਅਨ, 2013 ਵਿੱਚ 232 ਮਿਲੀਅਨ ਅਤੇ 2015 ਵਿੱਚ 244 ਮਿਲੀਅਨ ਹੋਣ ਦਾ ਅਨੁਮਾਨ ਹੈ। 2000 ਤੋਂ 2015 ਤੱਕ ਕੌਮਾਂਤਰੀ ਪਰਵਾਸੀਆਂ ਦੀ ਗਿਣਤੀ ਵਿੱਚ 41 ਫ਼ੀਸਦ ਦਾ ਵਾਧਾ ਹੋਇਆ ਅਤੇ ਇਹ ਵਾਧਾ ਦਰ ਦੁਨੀਆਂ ਦੀ ਆਬਾਦੀ ਦਰ ਦੇ ਵਾਧੇ ਨਾਲੋਂ ਜਿਆਦਾ ਹੈ। ਦੁਨੀਆਂ ਦੀ ਕੁੱਲ ਆਬਾਦੀ ਵਿੱਚ ਕੌਮਾਂਤਰ ਪਰਵਾਸੀਆਂ ਦਾ ਜੋ ਹਿੱਸਾ 2000 ਵਿੱਚ 2.8 ਫ਼ੀਸਦ ਸੀ, 2015 ਵਿੱਚ ਵਧ ਕੇ 3.3 ਫ਼ੀਸਦ ਹੋ ਗਿਆ। ਦੁਨੀਆਂ ਵਿੱਚ ਸਭ ਤੋਂ ਵੱਧ (16 ਮਿਲੀਅਨ) ਕੌਮਾਂਤਰੀ ਪਰਵਾਸੀ ਭਾਰਤ ਦੇ ਹਨ ਅਤੇ ਇਸ ਤੋਂ ਬਾਅਦ ਮੈਕਸੀਕੋ (12 ਮਿਲੀਅਨ) ਆਉਂਦਾ ਹੈ।

ਭਾਰਤ ਵਿੱਚੋਂ ਕੌਮਾਂਤਰੀ ਪਰਵਾਸ ਦੋ ਤਰ੍ਹਾਂ ਦਾ ਹੋ ਰਿਹਾ ਹੈ: ਪਹਿਲੇ, ਉਹ ਕਾਮੇ ਜੋ ਗ਼ੈਰ-ਹੁਨਰਮੰਦ ਅਤੇ ਅਰਧ-ਹੁਨਰਮੰਦ ਸ਼੍ਰੇਣੀਆਂ ਵਿੱਚ ਆਉਂਦੇ ਹਨ ਜੋ ਜ਼ਿਆਦਾਤਰ ਖਾੜੀ ਦੇਸ਼ਾਂ ਵਿੱਚ ਪਰਵਾਸ ਕਰਦੇ ਹਨ ਅਤੇ ਦੂਜੇ ਗ਼ੈਰ-ਹੁਨਰਮੰਦ, ਅਰਧ-ਹੁਨਰਮੰਦ ਅਤੇ ਹੁਨਰਮੰਦ ਅਤੇ ਉੱਨਤ ਸਰਮਾਏਦਾਰ ਦੇਸ਼ਾਂ ਵਿੱਚ ਪਰਵਾਸ ਕਰਦੇ ਹਨ। ਪੰਜਾਬ ਵਿੱਚੋਂ ਵੀ ਭਾਰਤ ਵਾਗ ਦੋਵੇਂ ਤਰ੍ਹਾਂ ਦੇ ਕਾਮਿਆਂ ਦਾ ਦੁਨੀਆਂ ਦੇ ਦੂਜੇ ਦੇਸ਼ਾਂ ਵਿੱਚ ਪਰਵਾਸ ਹੋ ਰਿਹਾ ਹੈ। ਇਸ ਪਰਵਾਸ ਦਾ ਮੁੱਖ ਕਾਰਨ ਦੇਸ਼ ਵਿੱਚ ਰੁਜ਼ਗਾਰ-ਰਹਿਤ ਆਰਥਿਕ ਵਿਕਾਸ ਹੋਣ ਕਾਰਨ ਰੁਜ਼ਗਾਰ ਦੇ ਮੌਕਿਆਂ ਦੀ ਘਾਟ ਅਤੇ ਜਿਹੜਾ ਰੁਜ਼ਗਾਰ ਮਿਲਦਾ ਵੀ ਹੈ ਉਸਦੇ ਮਿਆਰ (ਆਮਦਨ) ਦਾ ਬਹੁਤ ਹੀ ਨੀਵਾਂ ਹੋਣਾ ਹੈ।

ਜਿੱਥੇ ਪੰਜਾਬ ਵਿੱਚੋਂ ਕੌਮਾਂਤਰੀ ਪਰਵਾਸੀਆਂ ਨੇ ਆਪਣੇ ਨਿੱਜ, ਸੂਬੇ ਅਤੇ ਦੇਸ਼ ਲਈ ਕਮਾਇਆ ਹੈ, ਉੱਥੇ ਗੁਆਇਆ ਵੀ ਹੈ। ਪੰਜਾਬ ਵਿੱਚੋਂ ਦੂਜੇ ਦੇਸ਼ਾਂ ਵਿੱਚ ਪਰਵਾਸ ਕਰਨ ਵਾਲੇ ਕਾਮਿਆਂ ਨੇ ਦੇਸ਼ ਦੀ ਆਜ਼ਾਦੀ ਦੇ ਸੰਘਰਸ਼ ਦੌਰਾਨ ਸਿਰਫ਼ ਵਿੱਤੀ ਮਦਦ ਹੀ ਨਹੀਂ ਕੀਤੀ, ਸਗੋਂ ਗਦਰ ਲਹਿਰ ਨੂੰ ਜਨਮ ਦਿੱਤਾ ਅਤੇ ਪ੍ਰਫੁੱਲਤ ਵੀ ਕੀਤਾ। ਇਸ ਤਰ੍ਹਾਂ ਉਹਨਾਂ ਨੇ ਦੇਸ਼ ਦੀ ਆਜ਼ਾਦੀ ਵਿੱਚ ਆਪਣਾ ਕੀਮਤੀ ਯੋਗਦਾਨ ਪਾਇਆ। ਖਾੜੀ ਦੇਸ਼ਾਂ ਵਿੱਚ ਪਰਵਾਸ ਕਰਨ ਵਾਲੇ ਪੰਜਾਬੀ ਕਾਮੇ ਜੋ ਜ਼ਿਆਦਾਤਰ ਗ਼ੈਰ-ਹੁਨਰਮੰਦ ਜਾਂ ਅਰਧ-ਹੁਨਰਮੰਦ ਸ਼੍ਰੇਣੀਆਂ ਵਿੱਚ ਆਉਂਦੇ ਹਨ, ਲਗਾਤਾਰ ਆਪਣੇ ਪਰਿਵਾਰਾਂ ਨੂੰ ਆਪਣੀ ਕਮਾਈ ਭੇਜਦੇ ਰਹੇ ਹਨ। ਇਸੇ ਤਰ੍ਹਾਂ, ਦੁਨੀਆਂ ਦੇ ਉੱਨਤ ਸਰਮਾਏਦਾਰ ਦੇਸ਼ਾਂ ਵਿੱਚੋਂ ਵੀ ਇਹਨਾਂ ਸ਼੍ਰੇਣੀਆਂ ਦੇ ਪਰਵਾਸੀ ਪਹਿਲੀ ਪੀੜ੍ਹੀ ਤੱਕ ਪਿੱਛੇ ਆਪਣੇ ਪਰਿਵਾਰਾਂ ਨੂੰ ਆਪਣੀ ਕਮਾਈ ਦਾ ਕੁਝ ਹਿੱਸਾ ਭੇਜਦੇ ਰਹੇ ਹਨ ਅਤੇ ਇਸੇ ਤਰ੍ਹਾਂ ਦਾ ਰੁਝਾਨ ਹੁਣ ਤੱਕ ਹੁਨਰਮੰਦ ਅਤੇ ਪੇਸ਼ਾਵਰ ਕਾਮਿਆਂ ਵਿੱਚ ਵੀ ਦੇਖਣ ਨੂੰ ਮਿਲਦਾ ਰਿਹਾ ਹੈ।

ਪੰਜਾਬੀ ਪਰਵਾਸੀਆਂ ਦੇ ਬਾਹਰਲੇ ਦੇਸ਼ਾਂ ਵਿੱਚੋਂ ਕਮਾ ਕੇ ਭੇਜੀਆਂ ਗਈਆਂ ਰਕਮਾਂ ਨਾਲ ਜਿੱਥੇ ਇਹਨਾਂ ਪਰਵਾਸੀਆਂ ਦੇ ਆਪਣੇ ਪਰਿਵਾਰ ਤਰੱਕੀ ਦੇ ਰਾਹ ਉਪਰ ਅੱਗੇ ਗਏ, ਉੱਥੇ ਇਹਨਾਂ ਨੇ ਪੰਜਾਬ ਅਤੇ ਭਾਰਤ ਦੀ ਆਰਥਿਕ ਤਰੱਕੀ ਵਿੱਚ ਵੀ ਆਪਣਾ ਯੋਗਦਾਨ ਪਾਇਆ ਜਿਸ ਦਾ ਫ਼ਾਇਦਾ ਸਮਾਜ ਦੇ ਵੱਖ-ਵੱਖ ਵਰਗਾਂ ਨੂੰ ਹੋਇਆ। ਪੰਜਾਬ ਦੇ ਕੌਮਾਂਤਰੀ ਪਰਵਾਸੀਆਂ ਨੇ ਦੁਨੀਆਂ ਦੇ ਉੱਨਤ ਸਰਮਾਏਦਾਰ ਦੇਸ਼ਾਂ ਵਿੱਚ ਹੋਈ ਆਰਥਿਕ ਤਰੱਕੀ, ਉਹਨਾਂ ਦੇਸ਼ਾਂ ਦੇ ਸਭਿਆਚਾਰਾਂ ਅਤੇ ਰਾਜਸੀ ਕਦਰਾਂ-ਕੀਮਤਾਂ ਬਾਰੇ ਜੋ ਗਿਆਨ ਪ੍ਰਾਪਤ ਕੀਤਾ, ਉਸਦਾ ਫ਼ਾਇਦਾ ਵੀ ਪੰਜਾਬ ਅਤੇ ਭਾਰਤ ਨੂੰ ਹੋਇਆ। ਇਹਨਾਂ ਪਰਵਾਸੀਆਂ ਨੇ ਆਪਣੇ ਪਿੰਡਾਂ/ਇਲਾਕਿਆਂ ਵਿੱਚ ਸਕੂਲਾਂ, ਕਾਲਜਾਂ, ਹਸਪਤਾਲਾਂ ਅਤੇ ਹੋਰ ਸਮਾਜਿਕ ਮਹੱਤਵ ਦੇ ਕਾਰਜਾਂ ਵਿੱਚ ਵੀ ਯੋਗਦਾਨ ਪਾਇਆ। ਇਸ ਦੀ ਉਦਾਹਰਣ ਜਲੰਧਰ ਜ਼ਿਲ੍ਹੇ ਵਿੱਚ ਬੀੜ ਪਿੰਡ ਵਿੱਚ ਉੱਥੋਂ ਦੇ ਐਨ.ਆਰ.ਆਈਜ਼ ਵੱਲੋਂ ਪਿੰਡ ਦੇ ਸਰਕਾਰੀ ਸਕੂਲ ਦੀ ਕਾਇਆ ਕਲਪ ਕਰਨ ਦੀ ਹੈ।

ਪੰਜਾਬ ਵਿੱਚੋਂ ਦੂਜੇ ਦੇਸ਼ਾਂ ਵਿੱਚ ਜਾ ਕੇ ਵਸੇ ਹੋਏ ਕੁਝ ਪਰਵਾਸੀ ਪੰਜਾਬ ਅਤੇ ਦੇਸ਼ਾਂ ਵਿੱਚੋਂ ਜਾਂਦੇ ਨਵੇਂ ਪਰਵਾਸੀਆਂ ਦੀ ਹਰ ਪੱਖੋਂ ਮਦਦ ਕਰਦੇ ਹਨ। ਰਾਜਸੀ ਸਰਗਰਮੀਆਂ ਵਿੱਚ ਹਿੱਸਾ ਲੈਂਦੇ ਹੋਏ ਇਹਨਾਂ ਪੰਜਾਬ ਦੇ ਕੌਮਾਂਤਰੀ ਪਰਵਾਸੀਆਂ ਨੇ ਦੂਜੇ ਦੇਸ਼ਾਂ ਵਿੱਚ ਉੱਚੇ ਰਾਜਸੀ ਅਹੁਦੇ (ਖ਼ਾਸ ਕਰਕੇ ਕਨੇਡਾ ਵਿੱਚ) ਅਤੇ ਆਪਣੀ ਲਿਆਕਤ ਅਤੇ ਹੁਨਰ ਨਾਲ ਹੋਰ ਵੱਡੀਆਂ ਪਦਵੀਆਂ ਪ੍ਰਾਪਤ ਕਰਕੇ ਜਿੱਥੇ ਦੂਜੇ ਦੇਸ਼ਾਂ ਵਿੱਚ ਰਹਿਣ ਵਾਲੇ ਪੰਜਾਬੀ ਅਤੇ ਭਾਰਤੀ ਪਰਵਾਸੀਆਂ ਦੇ ਹੱਕਾਂ ਦੀ ਰਾਖੀ ਕੀਤੀ ਹੈ, ਉੱਥੇ ਉਹਨਾਂ ਨੇ ਪੰਜਾਬ ਦਾ ਨਾਮ ਉੱਚਾ ਕੀਤਾ ਹੈ। ਇਸ ਸੰਬੰਧ ਵਿੱਚ ਸ੍ਰੀ ਐਸ.ਪੀ. ਸਿੰਘ ਓਬਰਾਏ ਦਾ ਜ਼ਿਕਰ ਕਰਨਾ ਬਹੁਤ ਜ਼ਰੂਰੀ ਹੈ ਜਿਹਨਾਂ ਦੀ ਹਿੰਮਤ ਅਤੇ ਸਹਾਇਤਾ ਨਾਲ ਕਿੰਨੇ ਹੀ ਪੰਜਾਬੀਆਂ ਦੀ ਜਾਨ ਬਚੀ ਹੈ।

ਪੰਜਾਬ ਵਿੱਚੋਂ ਕੌਮਾਂਤਰੀ ਪਰਵਾਸੀਆਂ ਨੇ ਆਪਣੇ, ਸੂਬੇ ਅਤੇ ਦੇਸ਼ ਲਈ ਜੋ ਕਮਾਇਆ ਹੈ ਉਸ ਨਾਲੋਂ ਜੋ ਗੁਆਇਆ ਹੈ ਉਸ ਦੀ ਸੂਚੀ ਕਾਫ਼ੀ ਲੰਬੀ ਹੈ। ਇਸ ਲੇਖ ਵਿੱਚ ਇਸ ਸੂਚੀ ਵਿੱਚੋਂ ਕੁੱਝ ਮੁੱਖ ਪੱਖਾਂ ਦਾ ਸੰਖੇਪ ਜਿਹਾ ਜ਼ਿਕਰ ਹੈ।

ਪੰਜਾਬ ਵਿੱਚੋਂ ਜਿਹੜੇ ਹੁਨਰਮੰਦ ਅਤੇ ਪੇਸ਼ਾਵਰ ਕਾਮਿਆਂ ਅਤੇ ਵਿਦਿਆਰਥੀਆਂ ਨੇ ਬਾਹਰਲੇ ਪੇਸ਼ਾਵਰ ਕਾਮਿਆਂ ਅਤੇ ਵਿਦਿਆਰਥੀਆਂ ਨੇ ਬਾਹਰਲੇ ਦੇਸ਼ਾਂ ਵਿੱਚ ਪਰਵਾਸ ਕੀਤਾ ਅਤੇ ਜੋ ਬਾਅਦ ਵਿੱਚ ਉਹਨਾਂ ਦੇਸ਼ਾਂ ਵਿਚ ਹੀ ਵਸ ਗਏ, ਉਸ ਨਾਲ ਪੰਜਾਬ ਵਿੱਚੋਂ ਇਹਨਾਂ ਹੁਨਰਮੰਦ ਅਤੇ ਲਿਆਕਤ ਵਾਲੇ ਕਾਮਿਆਂ ਦਾ ਪੱਕਾ ਨਿਕਾਲ ਹੋ ਗਿਆ ਜੋ ਪੰਜਾਬ ਅਤੇ ਭਾਰਤ ਲਈ ਇੱਕ ਵੱਡਾ ਘਾਟਾ ਹੈ ਜਿਸ ਨੂੰ ਬਰੇਨ-ਡਰੇਨ ਵੀ ਕਿਹਾ ਜਾਂਦਾ ਹੈ। ਇਸ ਪਿੱਛੇ ਕੁਝ ਲੋਕ ਇਹ ਤਰਕ ਦਿੰਦੇ ਹਨ ਕਿ ਇਹਨਾਂ ਕੌਮਾਂਤਰੀ ਪਰਵਾਸੀਆਂ ਨੇ ਦੇਸ਼ਾਂ ਵਿੱਚ ਰੁਜ਼ਗਾਰ ਦੇ ਮੌਕਿਆਂ ਦੀ ਘਾਟ ਅਤੇ ਪ੍ਰਾਪਤ ਰੁਜ਼ਗਾਰ ਦੇ ਨੀਵੇਂ ਮਿਆਰ ਕਾਰਨ ਪੰਜਾਬ ਵਿੱਚ ਰੁਲ ਜਾਣਾ ਸੀ ਅਤੇ ਜਿਸ ਨੂੰ ਉਹ ਇਸ ਤਰ੍ਹਾਂ ਵੀ ਕਹਿ ਦਿੰਦੇ ਹਨ ਕਿ ਇਹਨਾਂ ਪਰਵਾਸੀਆਂ ਦੇ ਬਰੇਨ ਨੇ ਡਰੇਨ ਵਿੱਚ ਹੋਣਾ ਸੀ। ਇਸ ਦਲੀਲ ਵਿੱਚ ਕੁਝ ਕੁ ਅੰਸ਼ਿਕ ਸਚਾਈ ਤਾਂ ਹੈ, ਪਰ ਇਸ ਦਾ ਮਹੱਤਵਪੂਰਨ ਵਿਚਾਰਨ ਵਾਲਾ ਅਤੇ ਧਿਆਨ ਮੰਗਦਾ ਪੱਖ ਇਹ ਹੈ ਕਿ ਇਹਨਾਂ ਕੌਮਾਂਤਰੀ ਪਰਵਾਸੀਆਂ ਦੇ ਹੁਨਰ ਅਤੇ ਲਿਆਕਤ ਦੇ ਵਿਕਾਸ ਵਿੱਚ ਸਮਾਜ ਅਤੇ ਸਰਕਾਰ ਵੱਲੋਂ ਪਾਇਆ ਯੋਗਦਾਨ ਕਿੱਥੇ ਗਿਆ? ਇਹਨਾ ਪਰਵਾਸੀਆਂ ਲਈ ਸਮਾਜ ਅਤੇ ਸਰਕਾਰ ਵੱਲੋਂ ਮੁਹੱਈਆ ਕਰਵਾਈ ਗਈ ਸਸਤੀ ਸਿੱਖਿਆ, ਸਿਖਲਾਈ ਆਦਿ ਦਾ ਹਿਸਾਬ ਕੌਣ ਕਰੂਗਾ? ਗੱਲ ਸਿਰਫ਼ ਬਰੇਨ-ਡਰੇਨ ਉਪਰ ਹੀ ਨਹੀਂ ਮੁੱਕਦੀ। ਸੂਚਨਾ ਤਕਨਾਲੋਜੀ ਦੇ ਇਨਕਲਾਬ ਤੋਂ ਬਾਅਦ ਪੰਜਾਬ ਵਿੱਚੋਂ ਹੁਨਰਮੰਦ ਅਤੇ ਪੇਸ਼ਾਵਰ ਕਾਮਿਆਂ ਦੇ ਬਾਹਰਲੇ ਦੇਸ਼ਾਂ ਵਿੱਚ ਜਾਣ ਨਾਲ ਦੇਸ਼ਾਂ ਵਿੱਚੋਂ ਪੂੰਜੀ ਦਾ ਨਿਕਾਲ ਜਿਸਨੂੰ ਕੈਪੀਟਲ ਡਰੇਨ ਵੀ ਕਹਿੰਦੇ ਹਨ ਪਰਵਾਸੀਆਂ ਦੀ ਪਹਿਲੀ ਪੀੜ੍ਹੀ ਦੇ ਜਾਣ ਨਾਲ ਹੀ ਸ਼ੁਰੂ ਹੋ ਗਿਆ ਜੋ ਇਸ ਤੋਂ ਪਹਿਲਾਂ ਦੂਜੀ ਜਾਂ ਤੀਜੀ ਪੀੜ੍ਹੀ ਵਿੱਚ ਸ਼ੁਰੂ ਹੁੰਦਾ ਸੀ। ਇਸ ਤੋਂ ਵੱਧ ਦੁੱਖ ਵਾਲੀ ਗੱਲ ਵਿਦਿਆਰਥੀਆਂ ਦੇ ਸੰਬੰਧ ਵਿੱਚ ਹੈ। ਪੂੰਜੀ ਦਾ ਨਿਕਾਲ ਵਿਦਿਆਰਥੀਆਂ ਦੇ ਦੂਜੇ ਦੇਸ਼ਾਂ ਵਿੱਚ ਜਾਣ ਤੋਂ ਵੀ ਪਹਿਲਾਂ ਸ਼ੁਰੂ ਹੋ ਜਾਂਦਾ ਹੈ। ਇਹ ਪੰਜਾਬ ਸਮੇਤ ਪੂਰੇ ਦੇਸ਼ ਲਈ ਵੱਡਾ ਘਾਟਾ ਹੋਣ ਕਾਰਨ ਇੱਕ ਚਿੰਤਾ ਦਾ ਵਿਸ਼ਾ ਹੈ। ਪੰਜਾਬ ਵਿੱਚੋਂ ਪੂੰਜੀ ਦਾ ਨਿਕਾਲ ਕਰਾਂ ਦੀ ਚੋਰੀ ਅਤੇ ਬਹੁਤ ਵਾਰ ਹਵਾਲੇ ਕਾਰੋਬਾਰੀਆਂ ਰਾਹੀਂ ਹੋਣ ਕਾਰਨ ਵਿਦੇਸ਼ੀ ਪੂੰਜੀ ਦੇ ਨੁਕਸਾਨ ਅਤੇ ਦੇਸ਼ ਦੀ ਸੁਰੱਖਿਆ ਨੂੰ ਖ਼ਤਰੇ ਦੇ ਰੂਪ ਵਿੱਚ ਦੇਖਿਆ ਜਾ ਰਿਹਾ ਹੈ। ਅੱਜਕਲ੍ਹ ਜਿੰਨੇ ਵੱਡੇ ਪੱਧਰ ਉਪਰ ਪੰਜਾਬ ਵਿੱਚੋਂ ਵਿਦਿਆਰਥੀ ਦੂਜੇ ਦੇਸ਼ਾਂ ਵਿੱਚ ਜਾ ਰਹੇ ਹਨ ਉਸਦਾ ਇੱਕ ਮਾੜਾ ਪਹਿਲੂ ਇਹਨਾਂ ਵਿਦਿਆਰਥੀਆਂ ਨੂੰ ਨੀਵੇਂ ਮਿਆਰ ਦੀ ਦਿੱਤੀ ਜਾ ਰਹੀ ਪੜ੍ਹਾਈ ਦਾ ਵੀ ਹੈ।



ਪੰਜਾਬ ਵਿੱਚੋਂ ਪਰਵਾਸ ਕਰਕੇ ਉੱਨਤ ਸਰਮਾਏਦਾਰ ਦੇਸ਼ਾਂ ਵਿੱਚ ਗਏ ਲੋਕਾਂ ਵਿੱਚੋਂ ਕੁਝ ਸੱਜਣ ਜਿਹੜੇ ਆਪਣੇ ਕਾਰੋਬਾਰਾਂ ਵਿੱਚ ਅੱਗੇ ਲੰਘ ਗਏ ਹਨ ਉਹ ਆਪਣੇ ਮੁਨਾਫ਼ਿਆਂ ਨੂੰ ਵਧਾਉਣ ਲਈ ਪੰਜਾਬ ਆਏ ਵਿਦਿਆਰਥੀਆਂ, ਗ਼ੈਰ-ਹੁਨਰਮੰਦ ਅਤੇ ਅਰਧ-ਹੁਨਰਮੰਦ ਵਿਅਕਤੀਆਂ ਦੀ ਹਰ ਤਰ੍ਹਾਂ ਦੀ ਲੁੱਟ ਕਰਦੇ ਦੇਖੇ ਜਾ ਸਕਦੇ ਹਨ। ਇਸ ਤੋਂ ਬਿਨਾਂ ਪੰਜਾਬ ਤੋਂ ਆਪਣੇ ਰਿਸ਼ਤੇਦਾਰਾਂ ਨੂੰ ਕਾਨੂੰਨੀ ਜਾਂ ਗ਼ੈਰ-ਕਾਨੂੰਨੀ ਤਰੀਕਿਆਂ ਨਾਲ ਇਹਨਾਂ ਦੇਸ਼ਾਂ ਵਿੱਚ ਲਿਆ ਕੇ ਬਹੁਤ ਹੀ ਘੱਟ ਤਨਖਾਹਾਂ ਦੇ ਕੇ ਹਫ਼ਤੇ ਵਿਚ 40 ਘੰਟੇ ਦੀ ਜਗ੍ਹਾ 84 ਘੰਟੇ ਕੰਮ ਕਰਵਾ ਰਹੇ ਹਨ। ਕਈ ਕੇਸ ਇਸ ਤਰ੍ਹਾਂ ਦੇ ਵੀ ਸਾਹਮਣੇ ਆ ਰਹੇ ਹਨ ਕਿ ਪੰਜਾਬ ਤੋਂ ਲਿਆਂਦੇ ਆਪਣੇ ਰਿਸ਼ਤੇਦਾਰਾਂ ਤੋਂ ਉਹਨਾਂ ਦੀਆਂ ਬੱਚਤਾਂ ਵਿੱਚੋਂ, ਜਿਹੜੀਆਂ ਉਹਨਾਂ ਨੇ ਆਪਣੇ ਢਿੱਡ ਨੂੰ ਗੰਢਾਂ ਦੇ ਕੇ ਕੀਤੀਆਂ ਹੁੰਦੀਆਂ ਹਨ, ਆਪਣੇ ਕਾਰੋਬਾਰ ਵਿੱਚ ਸਾਂਝ ਪੁਆਉਣ ਦੇ ਨਾਮ ਉਪਰ ਠੱਗੀਆਂ ਲਾਈਆਂ ਹਨ। ਉਹ ਇੱਥੇ ਹੀ ਬੱਸ ਨਹੀਂ ਕਰਦੇ ਸਗੋਂ ਪੰਜਾਬ ਦੇ ਪਿੰਡਾਂ ਵਿੱਚ ਸਾਂਝੀਆਂ ਜਾਇਦਾਦਾਂ ਉਪਰ ਸਮਾਜਿਕ ਕੰਮਾਂ ਦੇ ਨਾਮ ਥੱਲੇ ਬਿਲਡਿੰਗਾਂ ਉਸਾਰ ਕੇ ਇਹਨਾਂ ਜਾਇਦਾਦਾਂ ਉਪਰ ਕਬਜ਼ਾ ਕਰ ਰਹੇ ਹਨ।

ਦੁਨੀਆਂ ਦੇ ਉੱਨਤ ਸਰਮਾਏਦਾਰ ਦੇਸ਼ਾਂ ਵਿਚ ਪੰਜਾਬ ਵਿੱਚੋਂ ਗਏ ਪਰਵਾਸੀਆਂ, ਖ਼ਾਸ ਕਰਕੇ ਕਾਰੋਬਾਰੀਆਂ, ਦੀ ਆਮਦਨ ਪੰਜਾਬ ਦੇ ਮੁਕਾਬਲੇ ਕਈ ਗੁਣਾਂ ਵੱਧ ਹੈ। ਇਹਨਾਂ ਪਰਵਾਸੀਆਂ ਵਿੱਚੋਂ ਬਹੁਤ ਜ਼ਿਆਦਾ ਆਪਣੀ ਵਧੀ ਹੋਈ ਆਮਦਨ ਨੂੰ ਗ਼ੈਰ-ਉਤਪਾਦਕ ਦਿਖਾਵੇ ਦੇ ਕੰਮਾਂ ਉਪਰ ਖ਼ਰਚ ਰਹੇ ਹਨ ਜਿਸ ਵਿੱਚ ਦੂਜੇ ਦੇਸ਼ਾਂ ਵਿੱਚ ਵੱਡੇ ਅਤੇ ਮਹਿੰਗੇ ਘਰ ਅਤੇ ਹੋਰ ਵਿਲਾਸਤਾ ਦੀਆਂ ਵਸਤੂਆਂ, ਪੰਜਾਬ ਵਿਚ ਮਹਿਲਨੁਮਾ ਘਰ, ਪਰਵਾਸ ਵਾਲੇ ਦੇਸ਼ਾਂ ਅਤੇ ਪੰਜਾਬ ਵਿੱਚ ਵਿਆਹਾਂ ਅਤੇ ਹੋਰ ਸਮਾਜਿਕ-ਧਾਰਮਿਕ ਸਮਾਗਮਾਂ ਉਪਰ ਬੇਲੋੜ੍ਹਾ ਖ਼ਰਚ, ਇਨ੍ਹਾਂ ਪਰਵਾਸੀਆਂ ਵਿੱਚੋਂ ਔਰਤਾਂ ਵੱਲੋਂ ਬਹੁਤ ਮਹਿੰਗੇ ਗਹਿਣੇ, ਅਤੇ ਬਹੁਤ ਮਹਿੰਗੇ ਸੂਟ (ਜੋ ਰਾਜਿਆਂ ਦੀ ਤਰ੍ਹਾਂ ਸਿਰਫ਼ ਇੱਕ ਵਾਰ ਹੀ ਪਹਿਨੇ ਜਾਂਦੇ ਹਨ) ਆਦਿ ਸ਼ਾਮਲ ਹਨ। ਪੰਜਾਬ ਅਤੇ ਦੇਸ਼ ਹੋਰ ਭਾਗਾਂ ਵਿੱਚ ਇਹਨਾਂ ਪਰਵਾਸੀਆਂ ਵੱਲੋਂ ਬਣਾਏ ਹੋਏ ਮਹਿਲਨੁਮਾ ਮਹਿੰਗੇ ਅਤੇ ਵੱਡੇ ਘਰ ਕਈ ਵਾਰ ਜੁਰਮਾਂ ਦੇ ਅੱਡੇ ਵੀ ਬਣ ਜਾਂਦੇ ਹਨ।

ਪੰਜਾਬ ਅਤੇ ਖ਼ਾਸ ਕਰਕੇ ਇਸ ਦੇ ਪੇਂਡੂ ਇਲਾਕਿਆਂ ਵਿੱਚੋਂ ਕੌਮਾਂਤਰੀ ਪਰਵਾਸ ਖਾਂਦੇ-ਪੀਂਦੇ ਖ਼ੁਸ਼ਹਾਲ ਲੋਕਾਂ ਵਿੱਚੋਂ ਜ਼ਿਆਦਾ ਹੋਇਆ ਹੈ। ਇਸ ਦੇ ਨਤੀਜੇ ਵਜੋਂ ਇਹਨਾਂ ਲੋਕਾਂ ਦੀ ਸਮਾਜਿਕ ਸਰੋਕਾਰਾਂ ਵਿੱਚ ਭਾਗੀਦਾਰੀ ਅਤੇ ਬਣਦਾ ਜਾਇਜ਼ ਵਿਰੋਧ ਬਹੁਤ ਜ਼ਿਆਦਾ ਘਟਿਆ ਹੈ ਜਿਸ ਦੇ ਨਤੀਜੇ ਵਜੋਂ ਪੰਜਾਬ ਦੇ ਪੇਂਡੂ ਇਲਾਕਿਆਂ ਵਿੱਚ ਵਿੱਦਿਆ, ਸਿਹਤ-ਸੰਭਾਲ ਅਤੇ ਹੋਰ ਸਾਂਝੇ ਕੰਮਾਂ ਦੇ ਸੰਬੰਧ ਵਿੱਚ ਉਹ ਤਰੱਕੀ ਨਹੀਂ ਹੋ ਸਕੀ ਜੋ ਇਹਨਾਂ ਦੀ ਭਾਗੀਦਾਰੀ ਅਤੇ ਬਣਦੇ ਜਾਇਜ਼ ਵਿਰੋਧ ਦੁਆਰਾ ਹੋਣੀ ਸੀ।

ਕੌਮਾਂਤਰੀ ਪੰਜਾਬੀ ਪਰਵਾਸੀਆਂ ਨੇ ਪਰਵਾਸ ਵਾਲੇ ਦੇਸ਼ਾਂ ਵਿੱਚ ਸਮਾਜਿਕ ਸਰੋਕਾਰਾਂ ਵਾਲੇ ਕੰਮਾਂ ਦੀ ਬਜਾਇ ਧਾਰਮਿਕ ਸਥਾਨਾਂ ਉਪਰ ਜ਼ਿਆਦਾ ਖ਼ਰਚ ਕੀਤਾ ਹੈ। ਬਹੁਤ ਦੇਸ਼ਾਂ ਵਿੱਚ ਧਾਰਮਿਕ ਸਥਾਨ ਸਰਵ-ਸਾਂਝੇ ਨਾ ਹੋ ਕੇ ਟਰਸਟਾਂ ਜਾਂ ਮੈਂਬਰਾਂ ਦੀ ਜਾਇਦਾਦ ਹਨ ਜੋ ਇਹਨਾਂ ਨੂੰ ਆਪਣੇ ਹਿੱਤਾਂ ਦੀ ਪੂਰਤੀ ਲਈ ਵਰਤਦੇ ਹਨ। ਇਹਨਾਂ ਥਾਵਾਂ ਉਪਰ ਅਕਸਰ ਲੜਾਈ-ਝਗੜੇ ਹੁੰਦੇ ਹਨ ਜੋ ਕਦੇ-ਕਦਾਈਂ ਮਨੁੱਖਾਂ ਦੀ ਮੌਤ ਦਾ ਕਾਰਨ ਵੀ ਬਣਦੇ ਹਨ।

ਇਹਨਾਂ ਧਾਰਮਿਕ ਥਾਵਾਂ ਉਪਰ ਕਰਵਾਏ ਗਏ ਲੰਗਰ ਨਿੱਜੀ ਸ਼ੁਹਰਤ ਨੂੰ ਵਧਾਉਣ ਲਈ ਮਹਿੰਗੇ ਵਿਆਹਾਂ ਵਰਗਾਂ ਨਜ਼ਾਰਾਂ ਪੇਸ਼ ਕਰਦੇ ਹਨ। ਕੁਝ ਕੌਮਾਂਤਰੀ ਪੰਜਾਬੀ ਪਰਵਾਸੀ ਸਮਾਜਿਕ-ਧਾਰਮਿਕ ਰੀਤੀ ਰਿਵਾਜਾਂ ਦੀ ਪੂਰਤੀ ਲਈ ਜਿਹੜੀਆਂ ਥਾਵਾਂ ਨੂੰ ਕਿਰਾਏ ਉਪਰ ਲੈਂਦੇ ਹਨ, ਉਹਨਾਂ ਥਾਂਵਾਂ ਉਪਰ ਲੈਂਦੇ ਹਨ, ਉਹਨਾਂ ਥਾਵਾਂ ਉਪਰ ਅਜਿਹੀਆਂ ਹਰਕਤਾਂ ਕਰਦੇ ਹਨ ਜੋ ਭਾਈਚਾਰੇ ਲਈ ਸ਼ਰਮ ਦਾ ਕਾਰਨ ਬਣਦੀਆਂ ਹਨ।

ਦੁਨੀਆਂ ਦੇ ਉੱਨਤ ਸਰਮਾਏਦਾਰ ਦੇਸ਼ਾਂ ਵਿੱਚ ਪਦਾਰਥਵਾਦੀ ਝੁਕਾਅ ਤੋਂ ਜ਼ਿਆਦਾ ਪ੍ਰਭਾਵਤ ਹੁੰਦੇ ਹੋਏ ਇਹਨਾਂ ਪੰਜਾਬੀ ਪਰਵਾਸੀਆਂ ਵਿੱਚੋਂ ਕੁੱਝ ਲੋਕ ਆਪਣੀ ਆਮਦਨ ਨੂੰ ਵਧਾਉਣ ਲਈ ਗ਼ੈਰ-ਕਾਨੂੰਨੀ ਤਰੀਕਿਆਂ ਦਾ ਸਹਾਰਾ ਲੈਂਦੇ ਹੋਏ ਦੇਖੇ ਜਾਂਦੇ ਹਨ ਜਿਸ ਵਿੱਚ ਨਸ਼ੇ ਵੇਚਣ ਦਾ ਜ਼ਿਕਰ ਕਰਨਾ ਬਣਦਾ ਹੈ, ਅਜਿਹੇ ਲੋਕ ਭਾਈਚਾਰੇ ਨੂੰ ਵੀ ਬਦਨਾਮ ਕਰਦੇ ਹਨ।

ਕੌਮਾਂਤਰੀ ਪੰਜਾਬੀ ਪਰਵਾਸੀਆਂ ਵਿੱਚੋਂ ਕੁੱਝ ਲੋਕ ਆਪਣੇ ਬਜ਼ੁਰਗਾਂ ਨੂੰ ਆਪਣੇ ਕੋਲ ਲੈ ਜਾਂਦੇ ਹਨ। ਜਿਹੜੇ ਬਜ਼ੁਰਗਾਂ ਨੇ ਦਿਨ-ਰਾਤ ਇੱਕ ਕਰਕੇ ਅਤੇ ਆਪਣੀਆਂ ਨਿੱਜੀ ਖ਼ੁਸ਼ੀਆਂ ਦੇ ਗਲ ਘੁੱਟਕੇ ਬੱਚਿਆਂ ਨੂੰ ਬਹੁਤ ਜ਼ਿਆਦਾ ਖ਼ਰਚ ਕਰਕੇ ਉੱਨਤ ਸਰਮਾਏਦਾਰ ਦੇਸ਼ਾਂ ਵਿੱਚ ਭੇਜਿਆ ਹੁੰਦਾ ਹੈ, ਉਹੀ ਬੱਚੇ ਆਪਣੇ ਬਜ਼ੁਰਗਾਂ ਨੂੰ ਹਰ ਸਮੇਂ ਨਸੀਹਤਾਂ ਦਿੰਦੇ ਦਿਖਾਈ ਦਿੰਦੇ ਹਨ ਅਤੇ ਉਹਨਾਂ ਦੀ ਰਿਟਾਇਰਮੈਂਟ ਦੀ ਉਮਰ ਵਿੱਚ ਆਪਣੇ ਬੱਚੇ ਪਾਲਣ ਅਤੇ ਹੋਰ ਲੋਕਾਂ ਕੋਲ ਕੰਮ ਕਰਨ ਲਈ ਮਜਬੂਰ ਕਰ ਦਿੰਦੇ ਹਨ। ਜਿਹੜੇ ਪੋਤੇ-ਪੋਤੀਆਂ ਜਾਂ ਦੋਹਤੇ-ਦੋਹਤੀਆਂ ਨੂੰ ਪਾਲਣ ਲਈ ਉਹਨਾਂ ਤੋਂ ਨੌਕਰਾਂ ਵਰਗਾਂ ਕੰਮ ਲਿਆ ਜਾਂਦਾ ਹੈ ਉਹੀ ਬੱਚੇ ਵੱਡੇ ਹੋ ਕੇ ਉਹਨਾਂ ਬਜ਼ੁਰਗਾਂ ਦੀ ਨਿਰਾਦਰੀ ਕਰਦੇ ਦੇਖੇ ਜਾਂਦੇ ਹਨ।

ਕੌਮਾਂਤਰੀ ਪੰਜਾਬੀ ਪਰਆਸੀਆਂ ਵਿੱਚੋਂ ਕੁਝ ਲੋਕ ਅਤੇ ਇਹਨਾਂ ਦੇ ਜ਼ਿਆਦਾਤਰ ਬੱਚੇ ਆਪਣੀ ਮਾਂ-ਬੋਲੀ ਨੂੰ ਵਿਸਾਰਦੇ ਜਾ ਰਹੇ ਹਨ ਜੋ ਬਹੁਤ ਜ਼ਿਆਦਾ ਘਾਤਕ ਸਾਬਤ ਹੋ ਰਿਹਾ ਹੈ। ਇਹਨਾ ਪਰਵਾਸੀਆਂ ਵਿੱਚੋਂ ਕੁਝ ਲੋਕ ਪੰਜਾਬ ਵਾਂਗ ਹੀ ਸਮਾਜਿਕ ਕੁਰੀਤੀਆਂ ਦਾ ਸ਼ਿਕਾਰ ਹਨ ਜਿਵੇਂ ਧਾਗੇ-ਤਵੀਜ਼ਾਂ ਨਾਲ ਇਲਾਜ ਜਾਂ ਮਨ-ਚਾਹੀਆਂ ਇੱਛਾਵਾਂ ਦੀ ਪੂਰਤੀ ਕਰਨ ਦੇ ਭੁਲੇਖੇ/ਭਰਮ ਪਾਲਣਾ। ਇਸ ਸੰਬੰਧ ਵਿੱਚ ਪਾਖੰਡੀ ਬਾਬਿਆਂ/ਤਾਂਤਰਿਕਾਂ ਦੁਆਰਾ ਅਖ਼ਬਾਰਾਂ/ਟੈਲੀਵਿਜ਼ਨ ਚੈਨਲਾਂ ਉਪਰ ਪੰਜਾਬ ਨਾਲੋਂ ਕਿਤੇ ਵੱਧ ਇਸ਼ਤਿਹਾਰਬਾਜ਼ੀ ਕੀਤੀ ਜਾਂਦੀ ਹੈ।



ਡਾ. ਗਿਆਨ ਸਿੰਘ
001-609-721-0950

ਪੰਜਾਬ ਤੋਂ ਦੁਨੀਆਂ ਦੇ ਉੱਨਤ ਸਰਮਾਏਦਾਰ ਦੇਸ਼ਾਂ ਵਿੱਚ ਪਰਵਾਸ ਕਰਨ ਦੇ ਬਾਵਜੂਦ ਬਹੁਤ ਪਰਵਾਸੀ ਜਾਤਾਂ/ਇਲਾਕਿਆਂ ਦੀ ਵੰਡ ਦਾ ਸ਼ਿਕਾਰ ਪੰਜਾਬ ਨਾਲੋਂ ਵੀ ਵੱਧ ਹੋ ਜਾਂਦੇ ਹਨ। ਜਦੋਂ ਪੰਜਾਬੀ ਪਰਵਾਸੀਆਂ ਦਾ ਕੋਈ ਮੁੰਡਾ ਕਿਸ ਗੋਰੀ ਕੁੜੀ ਨਾਲ ਵਿਆਹ ਕਰਦਾ ਹੈ ਤਾਂ ਉਸਦੀ ਖ਼ੁਸ਼ੀ ਮਨਾਉਂਦੇ ਹੋਏ ਗਿੱਧਾ-ਭੰਗੜਾ ਇਸ ਤਰ੍ਹਾਂ ਪਾਇਆ ਅਤੇ ਗੀਤ ਸੰਗੀਤ ਇੰਨੀ ਉੱਚੀ ਅਵਾਜ਼ ਵਿਚ ਚਲਾਇਆ ਜਾਂਦਾ ਹੈ ਕਿ ਕਈ ਮੀਲਾਂ ਤੱਕ ਲੋਕਾਂ ਦੀ ਸ਼ਾਂਤੀ ਭੰਗ ਕਰ ਦਿੱਤੀ ਜਾਂਦੀ ਹੈ। ਪਰ ਜਦੋਂ ਇਹਨਾਂ ਦੀ ਕੋਈ ਕੁੜੀ ਕਿਸੇ ਗੋਰੇ ਅਤੇ ਖ਼ਾਸ ਕਰਕੇ ਕਾਲੇ ਮੁੰਡੇ ਨਾਲ ਵਿਆਹ ਕਰਵਾ ਲੈਂਦੀ ਹੈ ਤਾਂ ਉਸਦੇ ਪਰਵਾਰ ਵਿੱਚ ਮਾਤਮ ਛਾ ਜਾਂਦਾ ਅਤੇ ਭਾਈਚਾਰਾ ਵੀ ਮਾਤਮ ਮਨਾਉਂਦਾ ਹੈ।

ਕੌਮਾਂਤਰੀ ਪੰਜਾਬੀ ਪਰਵਾਸੀ ਪੰਜਾਬ ਦੇ ਰਾਜਸੀ ਆਗੂਆਂ ਨਾਲ ਆਪਣਾ ਮੇਲਜੋਲ ਵਧਾਉਣ ਅਤੇ ਆਪਣੀਆਂ ਰਾਜਸੀ ਇੱਛਾਵਾਂ ਦੀ ਪੂਰਤੀ ਲਈ ਆਪਣੀ ਕਮਾਈ ਦਾ ਕੁਝ ਹਿੱਸਾ ਆ ਕੇ ਪੰਜਾਬ ਵਿੱਚ ਗੇੜੇ ਲਾਉਂਦੇ ਦੇਖੇ ਜਾ ਸਕਦੇ ਹਨ। ਇਹ ਨਜ਼ਾਰਾ ਚੋਣਾਂ ਮੌਕੇ ਅਕਸਰ ਹੀ ਦੇਖਿਆ ਜਾਂਦਾ ਹੈ। ਜਦੋਂ ਪੰਜਾਬੀ ਪੰਜ ਸਤਾਰਾ ਹੋਟਲਾਂ ਜਾਂ ਹੋਰ ਜ਼ਿਆਦਾ ਸਹੂਲਤਾਂ ਵਾਲੀਆਂ ਥਾਵਾਂ ਉਪਰ ਸੈਮੀਨਾਰ ਆਦਿ ਕਰਨ ਦੇ ਆਹਰ ਵਿੱਚ ਲੱਗੇ ਹੁੰਦੇ ਹਨ। ਆਪਣੇ ਮਨੋਰਥ ਦੀ ਪੂਰਤੀ ਲਈ ਇਹ 'ਵਿਦਵਾਨਾਂ' ਨੂੰ ਭਾੜੇ ਉੱਤੇ ਵੀ ਰੱਖ ਲੈਂਦੇ ਹਨ।

ਸਮਾਜ ਵਿੱਚ ਆਪਣੇ ਆਪ ਨੂੰ ਵੱਡਾ ਦਿਖਾਉਣ ਲਈ ਇਹ ਪਰਵਾਸੀ ਆਪਣੇ ਬਜ਼ੁਰਗਾਂ ਦੀ ਮੌਤ ਤੋਂ ਬਾਅਦ ਉਹਨਾਂ ਦੇ ਭੋਗ ਅਤੇ ਹੋਰ ਰੀਤੀ-ਰਿਵਾਜ਼ਾਂ ਉਪਰ ਬੇਲੋੜਾ ਜ਼ਿਆਦਾ ਖ਼ਰਚ ਕਰਦੇ ਹਨ। ਰਾਜਸੀ ਲੋਕਾਂ ਤੋਂ ਆਪਣੇ ਸੋਹਲੇ ਗੁਆਉਣ ਲਈ ਇਹ ਪਰਵਾਸੀਉਹਨਾਂ ਦੇ ਤਰਲੇਕਰਦੇ ਦੇਖੇ ਜਾਂਦੇ ਹਨ।

ਇਹ ਸੰਬੰਧ ਵਿੱਚ ਕਈ ਵਾਰ ਤਾਂ ਆਪਣੇ ਰੁਤਬੇ ਨੂੰ ਵੱਡਾ ਦਿਖਾਉਣ ਲਈ ਆਪਣੇ ਬਜ਼ੁਰਗਾਂ ਦੇ ਭੋਗ ਸਮੇਂ ਪੰਜਾਬ ਵਿੱਚ ਰਹਿ ਰਹੇ ਭੈਣ-ਭਰਾਵਾਂ ਨੂੰ ਬਰਾਬਰ ਦਾ ਖ਼ਰਚਾ ਕਰਨ ਦੀਆਂ ਨਸੀਹਤਾਂ ਦਿੰਦੇ ਹੋਏ ਦਿਖਾਈ ਦਿੰਦੇ ਹਨ ਜੋ ਲੜਾਈਆਂ-ਝਗੜਿਆਂ ਵਿੱਚ ਤਬਦੀਲ ਹੋ ਜਾਂਦਾ ਹੈ ਅਤੇ ਵਰਿਆਮ ਸੰਧੂ ਦੀ ਕਹਾਣੀ 'ਆਪਣਾ ਆਪਣਾ ਹਿੱਸਾ' ਦੀ ਯਾਦ ਤਾਜ਼ੀ ਕਰਵਾ ਦਿੰਦਾ ਹੈ। ਇਹਨਾਂ ਪਰਵਾਸੀਆਂ ਵਿੱਚੋਂ ਕੁਝ ਆਪਣੇ ਪਿੱਛੇ ਰਹਿ ਗਈਆਂ ਭੈਣਾਂ-ਭਾਈਆਂ ਦੀ ਜਾਇਦਾਦ ਉਪਰ ਕਾਨੂੰਨੀ ਅਤੇ ਸਮਾਜਿਕ ਤਰੀਕਿਆਂ ਨਾਲ ਕਾਬਜ਼ ਹੋ ਜਾਂਦੇ ਹਨ।

ਕੌਮਾਂਤਰੀ ਪਰਵਾਸ ਨਾ ਤਾਂ ਰੋਕਿਆ ਜਾ ਸਕਦਾ ਹੈ ਅਤੇ ਨਾ ਹੀ ਰੋਕਿਆ ਜਾਣਾ ਬਣਦਾ ਹੈ, ਪਰ ਇਸ ਨੂੰ ਨਿਯੰਤਰਣ ਕਰਨ ਦੀ ਸਖ਼ਤ ਲੋੜ ਹੈ। ਪੰਜਾਬ ਵਿੱਚੋਂ ਕੌਮਾਂਤਰੀ ਪਰਵਾਸ ਦੇ ਸੰਬੰਧ ਵਿੱਚ ਕੁਝ ਗੱਲਾਂ ਖ਼ਾਸ ਧਿਆਨ ਮੰਗਦੀਆਂ ਹਨ। ਅੱਜਕੱਲ੍ਹ ਜਿਹੜੇ ਹੁਨਰਮੰਦ ਜਾਂ ਪੇਸ਼ਾਵਰ ਲੋਕਾਂ ਅਤੇ ਵਿਦਿਆਰਥੀਆਂ ਦਾ ਪੰਜਾਬ ਤੋਂ ਬਾਹਰਲੇ ਦੇਸ਼ਾਂ ਵਿੱਚ ਪਰਵਾਸ ਹੋ ਰਿਹਾ ਹੈ ਉਹਨਾਂ ਦੇ ਦੇਸ਼ ਤੋਂ ਬਾਹਰ ਜਾਣ ਤੋਂ ਪਹਿਲਾਂ ਉਹਨਾਂ ਦੀ ਪੜ੍ਹਾਈ/ ਸਿਖਲਾਈ ਸਮਾਜ ਅਤੇ ਸਰਕਾਰ ਵਲੋਂ ਕੀਤਾ ਗਿਆ ਖ਼ਰਚ ਵਾਪਸ ਕਰਨ ਅਤੇ ਜੇਕਰ ਉੱਚ-ਵਿੱਦਿਆ ਲੈਣ ਲਈ ਜਾਂਦੇ ਹਨ ਤਾਂ ਉਹਨਾਂ ਤੋਂ ਹਲਫ਼ਨਾਮਾ ਲਿਆ ਜਾਵੇ ਕਿ ਉਹਨਾਂ ਦੇ ਦੇਸ਼ ਨਾ ਮੁੜਨ ਦੀ ਹਾਲਤ ਵਿੱਚ ਉਹਨਾਂ ਦੇ ਮਾਪੇ ਉਹ ਖ਼ਰਚ ਵਾਪਸ ਕਰਨ ਲਈ ਪਾਬੰਦ ਹੋਣਗੇ।

ਭਾਰਤ ਅਤੇ ਸੂਬਾਂ ਸਰਕਾਰਾਂ ਨੂੰ ਸਰਮਾਏਦਾਰ/ਕਾਰਪੋਰੇਟ ਜਗਤ-ਪੱਖੀ ਆਰਥਿਕ ਵਿਕਾਸ ਮਾਡਲ ਦਾ ਮੋਹ ਤਿਆਗਦੇ ਹੋਏ ਲੋਕ ਅਤੇ ਦੇਸ-ਪੱਖੀ ਆਰਥਿਕ ਵਿਕਾਸ ਮਾਡਲ ਅਪਣਾਉਣਾ ਬਣਦਾ ਹੈ ਤਾਂ ਕਿ ਦੇਸ਼ ਵਿੱਚ ਹੀ ਲੋਕਾਂ ਦੀਆਂ ਲੋੜਾਂ ਅਨੁਸਾਰ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਜਾ ਸਕਣ ਅਤੇ ਰੁਜ਼ਗਾਰ ਦੇ ਮਿਆਰ ਨੂੰ ਵੀ ਇਤਨਾ ਉੱਚਾ ਚੁੱਕਿਆ ਜਾਵੇ ਤਾਂ ਸਾਰੇ ਨਾਗਰਿਕ ਆਪਣੀ ਆਮਦਨ ਨਾਲ ਆਪਣੀਆਂ ਮੁਢਲੀਆਂ ਲੋੜਾਂ ਸਤਿਕਾਰਤ ਢੰਗ ਨਾਲ ਪੂਰੀਆਂ ਕਰ ਸਕਣ। ਜਿਹੜੇ ਸੱਜਣ ਪਰਵਾਸ ਕਰਕੇ ਪੱਕੇ ਤੌਰ ਉੱਤੇ ਬਾਹਰਲੇ ਦੇਸ਼ਾਂ ਵਿੱਚ ਵਸ ਜਾਂਦੇ ਹਨ ਉਹਨਾਂ ਦਾ ਆਪਣੇ ਦੇਸ਼/ਸੂਬੇ ਨੂੰ ਭੁੱਲਣਾ ਅਤੇ ਦੁਰਕਾਰਨਾ ਨਹੀਂ ਬਣਦਾ।

ਦਰੱਖ਼ਤ ਦਾ ਟਾਹਣੀਆਂ ਅਤੇ ਪੱਤਿਆਂ ਵਾਲਾ ਹਿੱਸਾ ਦਰਖ਼ਤ ਦੀਆਂ ਜੜ੍ਹਾਂ ਨਾਲੋਂ ਕਿਤੇ ਜ਼ਿਆਦਾ ਖ਼ੂਬਸੂਰਤ ਹੁੰਦਾ ਹੈ, ਪਰ ਉਸਦੀ ਹੋਂਦ ਤਾਂ ਦਰਖ਼ਤ ਦੀਆਂ ਜੜ੍ਹਾਂ ਨਾਲ ਹੀ ਹੁੰਦੀ ਹੈ। ਜਿਹੜੇ ਲੋਕ ਆਪਣੇ ਪਿੱਛੇ ਨੂੰ ਭੁੱਲ ਜਾਂਦੇ ਹਨ, ਉਹਨਾਂ ਦਾ ਅੱਗਾ ਵੀ ਨਹੀਂ ਹੁੰਦਾ। ਇਸ ਸੰਬੰਧ ਵਿੱਚ ਯਹੂਦੀਆਂ ਤੋਂ ਸਬਕ ਸਿੱਖਣ ਦੀ ਸਖ਼ਤ ਲੋੜ ਹੈ।

# ਸਾਹਿਤਕ ਪੈੜਾਂ- ਇਸ ਹਫਤੇ ਦੇ ਪੰਜਾਬ ਤੋਂ ਸ਼ਾਇਰ-


ਡਾ. ਕਰਮਜੀਤ ਸਿੰਘ

ਇਹ ਸੱਚ ਹੈ ਕਿ ਬਹੁਤੇ ਗੀਤ ਔਰਤਾਂ ਦੀ ਸਿਰਜਣਾ ਹਨ। ਇਹ ਵੀ ਸੱਚ ਹੈ ਕਿ ਇਨ੍ਹਾਂ ਗੀਤਾਂ ਵਿਚ ਔਰਤ ਆਪਣੀ ਸਮਾਜ ਪ੍ਰਤੀ ਦ੍ਰਿਸ਼ਟੀ ਅਤੇ ਆਪਣੀ ਸਮੁੱਚੀ ਸ਼ਖ਼ਸੀਅਤ ਨੂੰ ਸਹਿਜ ਅਤੇ ਭਾਵੁਕ ਆਵੇਗ ਵਿਚ ਪੇਸ਼ ਕਰਦੀ ਹੈ। ਸਮਾਜ ਦੇ ਪਾਤਰਾਂ ਬਾਰੇ ਉਸਦੇ ਵਿਚਾਰ ਉਸਦੇ ਨਿੱਜੀ ਅਨੁਭਵ ਉੱਪਰ ਆਧਾਰਿਤ ਹਨ। ਉਹ ਮਾਪਿਆਂ ਪ੍ਰਤਿ ਉਦਾਰ ਵੀ ਹੈ ਅਤੇ ਉਨ੍ਹਾਂ ਪ੍ਰਤਿ ਉਦਰੇਵਾਂ ਝੱਲਦੀ ਹੈ ਜੋ ਉਸਦੇ ਗੀਤਾਂ ਵਿਚ ਬੜੇ ਸੰਘਣੇ ਰੂਪ ਵਿਚ ਉਜਾਗਰ ਹੁੰਦਾ ਹੈ। ਮਾਂ, ਪਿਉ, ਭਰਾ ਉਦਰੇਵੇਂ ਦਾ ਮੁੱਖ ਕਾਰਣ ਹਨ। ਭੈਣ ਬਾਰੇ ਉਹ ਘੱਟ ਬੋਲੀ ਹੈ ਜੇ ਕਿਤੇ ਬੋਲੀ ਹੈ ਤਾਂ ਬਰਾਬਰ ਦੇ ਦਾਜ ਸਮੇਂ ਜਾਂ ਫਿਰ ਈਰਖਾ ਕਰਨ ਸਮੇਂ। ਇਸੇ ਸੰਦਰਭ ਵਿਚ ਭਰਜਾਈਆਂ, ਚਾਚੀਆਂ, ਤਾਈਆਂ ਦਾਦੀ, ਨਾਨੀ ਆਦਿ ਦਾ ਜ਼ਿਕਰ ਹੈ। ਇੱਥੇ ਅਸੀਂ ਧਰਮੀ ਮਾਪਿਆਂ ਸੰਬੰਧੀ ਕੁਝ ਗੀਤ ਸਾਂਝੇ ਕਰ ਰਹੇ ਹਾਂ।

**-ਡਾ. ਕਰਮਜੀਤ ਸਿੰਘ**

## ਹੋਰ ਧੀਆਂ ਦਿੱਤੀਆਂ ਦੇਸ ਦੁਆਬੜੇ

ਚਿੱਟੀਏ ਚਾਦਰੇ ਨੀ ਮੱਛੀ ਕੰਡੇ ਸੀਤੀਏ,
ਤੇਰੇ ਤੇ ਕਿਨ ਡੋਲਿਆ ਅਤਰ ਫੁਰੇਲ ਵੇ।
ਬਾਬਲ ਚਾਦਰ ਸੀਤੀਏ, ਨੀ ਮਾਈ ਚਾਦਰ ਸੀਤੀਏ,
ਬੀਰੇ ਨੇ ਡੋਲਿਆ ਨੀ ਅਤਰ ਫਰੇਲ1 ਵੇ।
ਅੱਗੇ ਅੱਗੇ ਜਾਂਵਦੀ ਵੇ ਪਿੱਛੇ ਮੁੜ ਦੇਖਦੀ,
ਨਜਰੀ ਨਾ ਆਂਵਦਾ ਵੇ, ਬਾਬਲ ਤੇਰਾ ਦੇਸ ਵੇ !
ਹੋਰ ਧੀਆਂ ਦਿੱਤੀਆਂ ਨੀ ਦੇਸ ਦੁਆਬੜੇ,
ਮੈਂ ਕਿਉਂ ਦਿੱਤੜੀ ਵੇ ਚੰਦਰੇ ਪਹਾੜ ਵੇ।
ਹੋਰ ਧੀਆਂ ਖਾਂਦੀਆਂ ਵੇ, ਕੁੱਟ ਕੁੱਟ ਚੂਰੀਆਂ,
ਮੈਂ ਕਿਉਂ ਖਾਂਵਦੀ ਵੇ, ਬਾਥੂਏ ਦਾ ਸਾਗ ਵੇ !
ਹੱਥ ਮੇਰੀ ਰਾਂਬੜੀ ਵੇ, ਮੋਢੇ ਮੇਰੇ ਤਾਂਗੜੀ,
ਘਾਉ ਖੁਤੇਂਦੜੀ ਵੇ, ਟਿਬਿਆਂ ਦੇ ਹੇਠ ਵੇ।
ਅੱਗੇ ਅੱਗੇ ਜਾਂਵਦੀ ਵੇ, ਪਿੱਛੇ ਮੁੜ ਦੇਖਦੀ,
ਨਜਰੀਂ ਨਾਂ ਆਂਵਦਾ ਵੇ ਬਾਬਲ ਤੇਰਾ ਦੇਸ ਵੇ।
ਉੂਚੇ ਚੜ੍ਹ ਦੇਖਦੀ ਵੇ, ਨੀਵੇਂ ਬ੍ਹੈ ਕੇ ਰੋਂਵਦੀ,
ਨਜਰੀਂ ਨਾ ਆਂਵਦਾ ਵੇ, ਬਾਬਲ ਤੇਰਾ ਦੇਸ ਵੇ।
ਰੋਟੀਆਂ ਪਕਾਂਵਦੀ ਵੇ, ਹੱਥ ਜ਼ਲ ਜਾਂਵਦੇ,
ਹੁਣ ਚੇਤਾ ਆਂਵਦਾ ਨੀ ਮਾਏ ਤੇਰਾ ਰਾਜ ਵੇ।

## ਮਾਵਾਂ ਧੀਆਂ ਦਾ ਬੜਾ ਈ ਵਿਛੋੜਾ

ਉੂਚੀ ਟ੍ਹਾਲੀ ਤੇ ਘੁਗੀਆਂ ਦਾ ਜੋੜ,
ਮਾਵਾਂ ਧੀਆਂ ਦਾ ਬੜਾ ਈ ਵਿਛੋੜਾ।
ਰੱਬਾ ਕਿਤੇ ਮਿ਼ਲੀਏ।
ਕਿਤੇ ਮਿ਼ਲੀਏ ਤਾਂ ਮਿ਼ਲ ਮੇਰੀਏ ਮਾਏ,
ਹੁਣ ਤਾਂ ਪੈ ਗਈਆਂ ਵੱਸ ਪਰਾਏ, ਰੱਬਾ ਕਿਤੇ ਮਿ਼ਲੀਏ।
ਕਿਤੇ ਮਿ਼ਲੀਏ ਤਾਂ ਮਿ਼ਲ ਪਈਏ ਜੰਡ,
ਗੱਲਾਂ ਕਰੀਏ ਤਾਂ ਪੈ ਜਾਏ ਠੰਡ, ਰੱਬਾ ਕਿਤੇ ਮਿ਼ਲੀਏ।
ਕਿਤੇ ਮਿ਼ਲੀਏ ਤਾਂ ਮਿ਼ਲ ਪਈਏ ਖੂਹ ਤੇ,
ਗੱਲਾਂ ਕਰ ਲਈਏ ਮਾਵਾਂ ਧੀਆਂ ਮੂੰਅ ਤੇ, ਰੱਬਾ ਕਿਤੇ ਮਿ਼ਲੀਏ।
ਚਿੱਟੀ ਚਾਦਰ ਤਾਂ ਪੱਲੇ ਪਜੀਰੀ,
ਮਾਵਾਂ ਬਾਝੋਂ ਬੜੀ ਦਲਗੀਰੀ, ਰੱਬਾ ਕਿਤੇ ਮਿ਼ਲੀਏ।
ਚਿੱਟੀ ਚਾਦਰ ਤਾਂ ਪੱਲੇ ਪਤਾਸਾ,
ਮਾਵਾ ਦਿੰਦੀਆਂ ਨੇ ਬੜਾ ਈ ਦਿਲਾਸਾ, ਰੱਬਾ ਕਿਤੇ ਮਿ਼ਲੀਏ।
ਚਿੱਟੀ ਚਾਦਰ ਤਾਂ ਪੱਲੇ ਰਾਈ,
ਮਾਂ ਬਣਦੀ ਨਾ ਸਕੀ ਚਾਚੇ ਤਾਈ, ਰੱਬਾ ਕਿਤੇ ਮਿ਼ਲੀਏ !
ਡੱਠਾ ਪਲੰਘ ਤੇ ਵਿਛਿਆ ਵਛੌਣਾ,
ਜਿਥੇ ਮਾਵਾਂ ਧੀਆਂ ਨੇ ਹੈ ਸੌਣਾ, ਰੱਬਾ ਕਿਤੇ ਮਿ਼ਲੀਏ।
ਉੂਚੀ ਟ੍ਹਾਲੀ ਤੇ ਘੁਗੀਆਂ ਦਾ ਜੋੜਾ,
ਮਾਵਾਂ ਧੀਆਂ ਦਾ ਬੜਾ ਈ ਵਿਛੋੜਾ, ਰੱਬਾ ਕਿਤੇ ਮਿ਼ਲੀਏ।

## ਲੱਗ ਰਹੀਆਂ ਕੰਧਾਂ ਦੇ ਨਾਲ

ਸੁਣ ਮੇਰੀਏ ਮਾਏ, ਰਈਆਂ ਕੰਧਾਂ ਦੇ ਨਾ਼ਲ।

ਇਕ ਜੁ ਮੁੱਖੀ ਉਡ ਗਈ ਨੀ ਮਾਏ ਸਾਰੀਆਂ ਉਡ ਗਈਆਂ ਨਾ਼ਲ।

ਨੀ ਸੁਣ ਮੇਰੀਏ ਮਾਏ, ਲਗ ਰਈਆਂ ਕੰਧਾਂ ਦੇ ਨਾ਼ਲ।

ਦੂਰੋਂ ਤਾਂ ਚਲ ਕੇ ਆਈ ਨੀ ਮਾਏ, ਕਿਨੇ ਨਾ ਦਿੱਤਾ ਪਿਆਰ।

ਨੀ ਸੁਣ ਮੇਰੀਏ ਲਾਡਲੀਏ ਮਾਏ, ਕਿਨੇ ਨਾ ਕਿਹਾ ਤੂੰ ਬੈਠ।

ਤਾਇਆ ਤਾਂ ਚਾਚਿਆਂ ਬ੍ਹੇੜਾ ਜਾ ਭਰਿਆ ਕਿਨੇ ਨਾ ਦਿੱਤਾ ਪਿਆਰ।

ਨੀ ਸੁਣ ਰਾਣੀਏ ਮਾਏ, ਕਿਹਨੇ ਨਾ ਦਿੱਤਾ ਪਿਆਰ।

ਬੀਰੇ ਤੇ ਭਾਬੀਆਂ ਬ੍ਹੇੜਾ ਜੁ ਭਰਿਆ, ਬੀਰੇ ਨੇ ਦਿੱਤਾ ਪਿਆਰ।

ਮੇਰੇ ਲਾਡਲਿਆ ਬੀਰਾ, ਬੀਰੇ ਨੇ ਦਿੱਤਾ ਪਿਆਰ।

ਭਾਬੋ ਨੇ ਦਿੱਤਾ ਰੱਤਾ ਪਲੰਘ ਨੀ ਮਾਏ ਭਾਬੀਆਂ ਨੇ ਦਿੱਤਾ ਪਿਆਰ।

ਨੀ ਸੁਣ ਰਾਣੀਏ ਮਾਏ, ਭਾਬੀਆਂ ਨੇ ਦਿੱਤਾ ਪਿਆਰ।

## ਬਾਬਲ ਸੁਧਰਮੀ ਦਾ ਦੇਸ

ਕਣਕ ਤਾਂ ਛੋਲਿਆਂ ਦਾ ਖੇਤ, ਹੌ਼ਲੀ, ਹੌ਼ਲੀ ਨਿਸਰ ਗਿਆ।

ਬਾਬਲ ਸਧਰਮੀ ਦਾ ਦੇਸ, ਹੌ਼ਲੀ ਹੌ਼ਲੀ ਵਿਸਰ ਗਿਆ।

ਮਾਤਾ ਐਡੇ ਬੋਲ ਨ ਬੋਲ, ਅਸੀਂ ਤੇਰੇ ਨਾ ਆਵਾਂਗੇ।

ਬਾਬਲ ਸਧਰਮੀ ਦੇ ਦੇਸ, ਕਦੀ ਫੇਰਾ ਪਾ ਜਾਵਾਂਗੇ।

ਕਣਕ ਤਾਂ ਛੋਲਿਆਂ ਦਾ ਦੇਸ, ਹੌ਼ਲੀ ਹੌ਼ਲੀ ਨਿਸਰ ਗਿਆ।

ਚਾਚੇ ਸਧਰਮੀ ਦਾ ਦੇਸ, ਹੌ਼ਲੀ ਹੌ਼ਲੀ ਵਿਸਰ ਗਿਆ।

ਚਾਚੀ ਐਡੇ ਬੋਲ ਨਾ ਬੋਲ, ਅਸੀਂ ਤੇਰੇ ਨਾ ਆਵਾਂਗੇ।

ਚਾਚੇ ਸਧਰਮੀ ਦੇ ਦੇਸ, ਕਦੀ ਫੇਰਾ ਪਾ ਜਾਵਾਂਗੇ।

ਕਣਕ ਤਾਂ ਛੋਲਿਆਂ ਦਾ ਦੇਸ, ਹੌ਼ਲੀ ਹੌ਼ਲੀ ਨਿਸਰ ਗਿਆ।

ਵੀਰੇ ਸਧਰਮੀ ਦੇ ਦੇਸ, ਹੌ਼ਲੀ, ਹੌ਼ਲੀ ਵਿਸਰ ਗਿਆ।

ਭਾਬੋ ਐਡੇ ਬੋਲ ਨਾ ਬੋਲ, ਅਸੀਂ ਤੇਰੇ ਨਾ ਆਵਾਂਗੇ।

ਵੀਰੇ ਸਧਰਮੀ ਦੇ ਦੇਸ, ਕਦੀ ਫੇਰਾ ਪਾ ਜਾਵਾਂਗੇ।

## ਮੇਰੇ ਵਿਹੜੇ ਦਿਆ ਤਰਖਾਣਾ

ਮੇਰੇ ਵ੍ਹਿੜੇ ਦਿਆ ਤਰਖਾਣਾ, ਮੇਰਾ ਚਰਖਾ ਖੂਬ ਬਣਾਣਾ।

ਮੇਰਾ ਚਰਖਾ ਬਣਾਈਂ ਦਿਲ ਦੇਕੇ, ਹੁਣ ਅਸਾਂ ਨਈਉਂ ਰ੍ਹੈਣਾ ਪੇਕੇ।

ਮੇਰਾ ਚਰਖਾ ਬਣਾਈਂ ਦਿਲ ਲਾ ਕੇ ਹੁਣ ਅਸਾਂ ਨਈਉਂ ਰ੍ਹੈਣਾ ਮਾਪੇ।

ਨੀ ਸ੍ਹੈਂ ਚੱਲੀ ਸਹੇਲੀਓ ਚੱਲੀ, ਮੇਰੀ ਮਾਈ ਰਹੇਗੀ ਕੱਲੀ।

ਮੇਰੇ ਵਿਹੜੇ ਦਿਆ ਤਰਖਾਣਾ, ਮੇਰਾ ਚਰਖਾ ਖੂਬ ਬਣਾਣਾ।

## ਉਡੀਂ ਉਡੀਂ ਨੀ ਬਨੇਰੇ ਦੀਏ ਚਿੜੀਏ

ਉਡੀਂ ਉਡੀਂ ਨੀ ਬਨੇਰੇ ਦੀਏ ਚਿੜੀਏ, ਬਨੇਰਾ ਸਾਡਾ ਕਿਉਂ ਮਲਿਆ।
ਸਾਨੂੰ ਲਿਖ ਲਿਖ ਚਿੱਠਿਆਂ ਆਈਆਂ, ਆਈਆਂ ਨੀ ਸ੍ਹੌਰੇ ਜਾਣ ਦੀਆਂ।
ਸਾਡੀ ਰੋ ਰੋ ਕੇ ਪੁੱਛਦੀ ਏ ਮਾਈ, ਧੀਏ ਨੀਂ ਕਦੋਂ ਆਵੇਂਗੀ।
ਸਾਡੀ ਜੋਗੀਆਂ ਵਾਲੜੀ ਫੇਰੀ, ਮਾਏ ਨੀ ਫੇਰਾ ਪਾਵਾਂਗੀ।
ਉਡੀਂ ਉਡੀਂ ਨੀ ਬਨੇਰੇ ਦੀਏ ਚਿੜੀਏ, ਬਨੇਰਾ ਸਾਡਾ ਕਿਉਂ ਨਿਮਿਆ।
ਸਾਨੂੰ ਲਿਖ ਲਿਖ ਚਿੱਠਿਆਂ ਆਈਆਂ, ਆਈਆਂ ਨੀ ਸ੍ਹੌਰੇ ਜਾਣ ਦੀਆਂ।
ਸਾਡੀ ਰੋ ਰੋ ਕੇ ਪੁੱਛਦੀ ਏ ਚਾਚੀ ਭਤੀਜੀ ਨੀ ਕਦੋਂ ਆਵੇਂਗੀ।
ਸਾਡੀ ਜੋਗੀਆਂ ਵਾਲੜੀ ਫੇਰੀ, ਚਾਚੀ ਨੀ ਫੇਰਾ ਪਾਵਾਂਗੀ।

## ਧਰਮੀ ਸੀ ਮਾਪੇ ਧੀਆਂ ਨੂੰ ਪਾਲਦੇ

ਠੂਠੀ ਕਰਾਈ ਵੇ ਵਿਚ ਲਹੌਰ ਦੇ, ਫੁੱਲਾਂ ਦਾ ਨਾਮਾ ਵੇ ਸਾਨੂੰ ਮੋੜ ਦੇ ।

ਧਰਮੀ ਸੀ ਮਾਪੇ ਧੀਆਂ ਨੂੰ ਪਾਲਦੇ, ਵੈਰੀ ਸੀ ਸ੍ਹੌਰੇ ਰਾਹਾਂ ਦੇ ਵਿਚ ਰੌਲਦੇ।

ਬੀਬੀ ਨਣਾਏ ਵੀਰੇ ਨੂੰ ਮੋੜ ਦੇ, ਜੇ ਸਾਡੀ ਲੋੜ ਤਾਂ ਪਈਏ ਤੋਰ ਦੇ ।

ਕਾਂਟੇ ਕਰਾਏ ਵੇ ਵਿਚ ਲਹੌਰ ਦੇ, ਬਾ਼ਲੀਆਂ ਦਾ ਨਾਮਾ ਵੇ ਸਾਨੂੰ ਮੋੜ ਦੇ।

ਗਜਰੇ ਕਰਾਏ ਵੇ ਵਿਚ ਲਹੌਰ ਦੇ, ਵੰਗਾਂ ਦਾ ਨਾਮਾ ਵੇ ਸਾਨੂੰ ਮੋੜ ਦੇ।

ਧਰਮੀ ਸੀ ਮਾਪੇ ਧੀਆਂ ਨੂੰ ਪਾ਼ਲਦੇ, ਵੈਰੀ ਸੀ ਸ੍ਹੌਰੇ ਰਾਹਾਂ ਦੇ ਵਿਚ ਰੋ਼ਲਦੇ।

ਹਾਰ ਕਰਾਇਆ ਵੇ ਵਿਚ ਲਹੌਰ ਦੇ, ਪੈਂਡਲ ਦਾ ਨਾਮਾ ਵੇ ਸਾਨੂੰ ਮੋੜਦੇ ।

ਧਰਮੀ ਸੀ ਮਾਪੇ ਧੀਆਂ ਨੂੰ ਪਾ਼ਲਦੇ, ਵੈਰੀ ਸੀ ਸ੍ਹੌਰੇ ਰਾਹਾਂ ਦੇ ਵਿਚ ਰੋ਼ਲਦੇ।

ਬੀਬੀ ਨਣਾਨੇ ਵੀਰੇ ਨੂੰ ਮੋੜਦੇ, ਜੇ ਸਾਡੀ ਲੋੜ ਤਾਂ ਪਈਏ ਤੋਰ ਦੇ।

## ਸ਼ੱਕਰ ਦੀ ਭਰੀ ਵੇ ਪਰਾਤ

ਸ਼ੱਕਰ ਦੀ ਭਰੀ ਏ ਪਰਾਤ, ਮਿਸਰੀ ਦੀ ਇਕ ਵੇ ਡੋ਼ਲੀ।
ਬਾਬਲ ਦੀਆਂ ਸੁਣ ਲੈਂਦੀ ਚਾਰ ਮਾਈ ਦੀ ਇਕ ਨਾ ਜਰੀ।
ਸ਼ੱਕਰ ਦੀ ਭਰੀ ਵੇ ਪਰਾਤ, ਮਿਸਰੀ ਦੀ ਇਕ ਵੇ ਡ਼ਲੀ।
ਵੀਰੇ ਦੀਆਂ ਸੁਣ ਲੈਂਦੀ ਚਾਰ, ਭਾਬੋ ਦੀ ਇਕ ਨਾ ਜਰੀ।
ਸ਼ੱਕਰ ਦੀ ਭਰੀ ਵੇ ਪਰਾਤ, ਮਿਸਰੀ ਦੀ ਇਕ ਵੇ ਡ਼ਲੀ।
ਤਾਏ ਦੀਆਂ ਸੁਣ ਲੈਂਦੀ ਚਾਰ, ਤਾਈ ਦੀ ਇਕ ਵੇ ਡ਼ਲੀ।
ਸ਼ੱਕਰ ਦੀ ਭਰੀ ਵੇ ਪਰਾਤ, ਮਿਸਰੀ ਦੀ ਇਕ ਵੇ ਡ਼ਲੀ।
ਚਾਚੇ ਦੀਆਂ ਸੁਣ ਲੈਂਦੀ ਚਾਰ, ਚਾਚੀ ਦੀ ਇਕ ਨਾ ਜਰੀ।
ਸ਼ੱਕਰ ਦੀ ਭਰੀ ਵੇ ਪਰਾਤ, ਮਿਸਰੀ ਦੀ ਇਕ ਵੇ ਡ਼ਲੀ।
ਮਾਮੇ ਦੀਆਂ ਸੁਣ ਲੈਂਦੀ ਚਾਰ, ਮਾਮੀ ਦੀ ਇਕ ਨਾ ਜਰੀ।

## ਬਾਲ ਕਵਿਤਾ/ ਚੰਗੀਆਂ ਆਦਤਾਂ

ਬੱਚਿਓ।। ਸਮੇਂ ਦੀ ਸੁਣੋ ਪੁਕਾਰ,
ਚੰਗੀਆਂ ਆਦਤਾਂ ਲਓ ਧਾਰ।
ਫਾਸਟ ਫੂਡ ਛੱਡ ਦਿਓ ਖਾਣਾ,
ਸਦਾ ਪਹਿਨੋ ਸਾਦਾ ਬਾਣਾ।
ਹਰੀਆਂ ਸ਼ਬਜੀਆਂ ਨੂੰ ਖਾਣ ਦਾ,
ਕਰ ਲਓ ਤੁਸੀ ਵਿਚਾਰ।
ਬੱਚਿਓ ।। ਸਮੇਂ ਦੀ

ਸੱਚ ਹਮੇਸ਼ਾ ਡੱਟ ਕੇ ਬੋਲੋ,
ਘਰ ਦਾ ਭੇਦ ਬਾਹਰ ਨਾ ਖੋਲੋ।
ਮਿਹਨਤ ਦੇ ਲਈ ਰਹੋ ਤਿਆਰ,
ਸਫ਼ਲਤਾ ਦੇ ਜ਼ੋ ਖੋਲੇ ਦੁਆਰ।
ਬੱਚਿਓ ।। ਸਮੇਂ ਦੀ

ਵਾਤਾਵਰਨ ਨੂੰ ਸੁ ਬਣਾਉਂਣਾ,
ਗੰਦੀਆਂ ਗੈਸਾਂ ਤੋਂ ਬਚਾਉਂਣਾ।
ਸਾਰੇ ਸਾਥੀ ਇਕੱਠੇ ਹੋ ਕੇ,
ਰੁੱਖ ਲਗਾ ਦਿਓ ਕਈ ਹਜ਼ਾਰ।
ਬੱਚਿਓ।। ਸਮੇਂ ਦੀ

ਸਵੇਰੇ ਨਿੱਤ ਸ਼ੈਰ ਨੂੰ ਜਾਣਾ,
ਖੇਡਾਂ ਦੇ ਨਾਲ ਪ੍ਰੇਮ ਪਾਉਂਣਾ।
ਕਿਤਾਬਾਂ ਨੂੰ ਆਪਣਾ ਹਾਣੀ ਬਣਾਕੇ,
ਕਰ ਲਓ ਜੀਵਨ ਵਿੱਚ ਸੁਧਾਰ।
ਬੱਚਿਓ।। ਸਮੇਂ ਦੀ

ਕਿਸੇ ਦੀਆਂ ਗੱਲਾਂ ਵਿੱਚ ਨਾ ਆਓ,
ਆਪਣਾ ਵੀ ਜਰਾ ਦਿਮਾਗ ਲਗਾਓ।
ਚੰਗੇ, ਮਾੜੇ ਦੀ ਪਹਿਚਾਨ ਸਿੱਖ ਕੇ,
ਧੋਖੇਬਾਜ਼ਾਂ ਨੂੰ ਸਬਕ ਪੜ੍ਹਾਓ ਯਾਰ।
ਬੱਚਿਓ।।ਸਮੇਂ ਦੀ ਸੁਣੋ ਪੁਕਾਰ,
ਚੰਗੀਆਂ ਆਦਤਾਂ ਲਓ ਧਾਰ।

**– ਚਮਨਦੀਪ ਸ਼ਰਮਾ**
95010 33005

# ਵਿਸ਼ਵ ਪ੍ਰਸਿੱਧ ਪੰਜਾਬੀ ਕਾਲਮ ਨਵੀਸ ਸੰਸਥਾ ਦੀ ਹੋਈ ਚੋਣ

## ਗੁਰਮੀਤ ਪਲਾਹੀ ਪ੍ਰਧਾਨ ਅਤੇ ਗੁਰਚਰਨ ਨੂਰਪੁਰ ਜਨਰਲ ਸਕੱਤਰ ਚੁਣੇ ਗਏ

**ਫਗਵਾੜਾ–** ਵਿਸ਼ਵ ਭਰ ਦੇ ਪੰਜਾਬੀ ਕਾਲਮ ਨਵੀਸ ਪੱਤਰਕਾਰਾਂ ਦੀ ਸਿਰਮੌਰ ਸੰਸਥਾ ਪੰਜਾਬੀ ਕਾਲਮ ਨਵੀਸ ਪੱਤਰਕਾਰ (ਮੰਚ) ਦੀ ਫਗਵਾੜਾ ਵਿਖੇ ਹੋਈ ਜਨਰਲ ਇਕੱਤਰਤਾ ਵਿਚ ਪ੍ਰਸਿੱਧ ਕਾਲਮ ਨਵੀਸ ਗੁਰਮੀਤ ਪਲਾਹੀ ਨੂੰ ਸਰਬ ਸੰਮਤੀ ਨਾਲ ਪ੍ਰਧਾਨ ਚੁਦਿਆ ਗਿਆ ਅਤੇ ਉਹਨਾਂ ਨੂੰ ਮੰਚ ਦੇ ਹੋਰ ਅਹੁਦੇਦਾਰ ਚੁਣਨ ਦੇ ਅਧਿਕਾਰ ਸੌਂਪੇ ਗਏ। ਗੁਰਮੀਤ ਪਲਾਹੀ ਨੇ ਪ੍ਰਸਿੱਧ ਕਾਲਮ ਨਵੀਸ ਗਿਆਨ ਸਿੰਘ ਸਾਬਕਾ ਡੀ. ਪੀ. ਆਰ. ਓ., ਡਾ. ਸ਼ਿਆਮ ਸੁੰਦਰ ਦੀਪਤੀ ਅਤੇ ਸੁਲੱਖਣ ਸਰਹੱਦੀ ਨੂੰ ਮੀਤ ਪ੍ਰਧਾਨ ਅਤੇ ਗੁਰਚਰਨ ਨੂਰਪੁਰ ਨੂੰ ਜਨਰਲ ਸਕੱਤਰ, ਜੀ. ਐਸ. ਗੁਰਦਿੱਤ ਨੂੰ ਸਕੱਤਰ ਅਤੇ ਦੀਦਾਰ ਸ਼ੇਤਰਾ ਨੂੰ ਵਿੱਤ ਸਕੱਤਰ ਨਿਯੁਕਤ ਕੀਤਾ। ਕਾਰਜਕਾਰਨੀ ਦੇ ਮੈਂਬਰ ਬਾਅਦ ਵਿਚ ਨਿਯੁਕਤ ਕੀਤੇ ਜਾਣਗੇ। ਪ੍ਰੋ. ਪਿਆਰਾ ਸਿੰਘ ਭੋਗਲ, ਸਵਰਾਜ ਸਿੰਘ, ਡਾ. ਐਸ. ਐਸ. ਛੀਨਾ ਨੂੰ ਮੰਚ ਦੇ ਸਰਪ੍ਰਸਤ ਬਣਾਇਆ ਗਿਆ। ਇਸ ਮੌਕੇ ਡਾ. ਸਵਰਾਜ ਸਿੰਘ, ਗਿਆਨ ਸਿੰਘ, ਪਰਵਿੰਦਰ ਜੀਤ ਸਿੰਘ, ਸੁਖਵਿੰਦਰ ਸਿੰਘ, ਜੀ. ਐਸ. ਗੁਰਦਿੱਤ, ਐਸ. ਐਸ. ਛੀਨਾ, ਪ੍ਰੋ. ਜਸਵੰਤ ਸਿੰਘ ਗੰਡਮ, ਸੁਲੱਖਣ ਸਰਹੱਦੀ, ਗੁਰਵਿੰਦਰ ਮਾਣਕ, ਇੰਦਰਜੀਤ ਸਿੰਘ, ਐਸ. ਐਲ. ਵਿਰਦੀ, ਰਵਿੰਦਰ ਚੋਟ, ਦਰਸ਼ਨ ਰਿਆੜ, ਗੁਰਚਰਨ ਸਿੰਘ ਨੂਰਪੁਰ, ਦੀਦਾਰ ਸ਼ੇਤਰਾ, ਗੁਰਮੀਤ ਪਲਾਹੀ, ਗੁਰਵਿੰਦਰ ਮਾਣਕ ਨੇ ਆਪਣੇ ਵਿਚਾਰ ਪੇਸ਼ ਕੀਤੇ। ਇਸ ਜਨਰਲ ਇਕੱਤਰਤਾ ਵਿਚ ਦੇਸ਼ ਵਿਦੇਸ਼ ਵਿਚ ਛਪਦੀਆਂ ਪੰਜਾਬੀ ਦੀਆਂ ਅਖਬਾਰਾਂ ਦੇ ਲੱਗਭੱਗ 30 ਕਾਲਮ ਨਵੀਸ ਸ਼ਾਮਲ ਹੋਏ।



ਅੱਜ ਦੀ ਜਨਰਲ ਇਕੱਤਰਤਾ ਵਿਚ ਪੰਜਾਬ ਨੂੰ ਪੇਸ਼ ਸਮੱਸਿਆਵਾਂ ਦੀ ਘੋਖਵੀ ਪੜਚੋਲ ਕੀਤੀ ਗਈ ਅਤੇ ਫੈਸਲਾ ਹੋਇਆ ਕਿ ਪੰਜਾਬ ਬਾਰੇ ਕਾਲਮ ਨਵੀਸ ਖੁੱਲ੍ਹ ਕੇ ਆਪਣੇ ਵਿਚਾਰ ਪੇਸ਼ ਕਰਨਗੇ। ਮੀਟਿੰਗ ਨੇ ਸੁਲੱਖਣ ਸਰਹੱਦ ਨੂੰ ਸਮਾਜ ਵਿਰੋਧੀ ਅਨਸਰਾਂ ਵੱਲੋਂ ਦਿੱਤੀਆਂ ਜਾ ਰਹੀਆਂ ਧਮਕੀਆਂ ਦਾ ਵਿਸ਼ੇਸ਼ ਨੋਟਿਸ ਲਿਆ ਅਤੇ ਕੇਂਦਰ ਸਰਕਾਰ ਦੀ ਇਸ ਅਮਲ ਲਈ ਘੋਰ ਨਿੰਦਾ ਕੀਤੀ ਗਈ ਕਿ ਪੰਜਾਬ ਵਿਚ ਰਾਸ਼ਟਰੀ ਸੜਕਾਂ 'ਤੇ ਪੰਜਾਬ ਵਿਚ ਨਾਂ ਤੀਸਰੇ ਨੰਬਰ ਤੇ ਲਿਖਿਆ ਗਿਆ ਹੈ। ਮੰਚ ਨੇ ਫੈਸਲਾ ਕੀਤਾ ਕਿ ਅੱਗੋਂ ਤੋਂ ਪੰਜਾਬੀ ਦੇ ਅਖਬਾਰਾਂ ਦੇ ਸੰਪਾਦਕਾਂ ਨੂੰ ਵੀ ਮੀਟਿੰਗਾਂ ਵਿਚ ਸੱਦਿਆ ਜਾਇਆ ਕਰੇਗਾ।

# ਡਾ: ਅੰਬੇਡਕਰ ਦੀ ਪੀ ਐਚ ਡੀ ਦੀ ਸ਼ਤਾਬਦੀ



ਹਰਬੰਸ ਵਿਰਦੀ, ਲੰਡਨ

ਵਿਸ਼ਵ ਰਤਨ ਬਾਬਾ ਸਾਹਿਬ ਡਾ: ਅੰਬੇਡਕਰ ਨੂੰ ਕੋਲੰਬੀਆ ਯੂਨੀਵਰਸਿਟੀ, ਨਿਊ ਯੌਰਕ ਵਲੋਂ 16 ਸਤੰਬਰ 1917 ਨੂੰ ਪੀ ਐਚ ਡੀ (ਡਾਕਟਰ ਔਫ ਫਲੌਸਫੀ) ਦੀ ਡਿਗਰੀ ਮਿਲੀ ਸੀ, ਜਿਸ ਦੀ ਸੌ ਸਾਲਾ ਵਰਸੀ ਬਾਮਸੇਫ ਵਲੋਂ ਮਨਾਈ ਗਈ, ਜਿਸ ਵਿੱਚ ਇੱਕ ਸੌ ਤੋਂ ਵੀ ਜ਼ਿਆਦਾ ਲੋਕ ਭਾਰਤ ਤੋਂ ਹਿੱਸਾ ਲੈਣ ਲਈ ਆਏ ਸਨ।ਇਸ ਸਮਾਗਮ ਵਿੱਚ ਸ਼ਾਮਲ ਹੋਣ ਲਈ ਮੈਂ ਵੀ 14 ਸਤੰਬਰ 2017 ਨੂੰ ਲੰਡਨ ਤੋਂ ਰਵਾਨਾ ਹੋਇਆ। ਦੁਰਗਾ ਦਾਸ ਕਲੇਰ ਸਾਹਿਬ ਮੈਨੂੰ ਜੇ ਐਫ ਕੇ ਹਵਾਈ ਅੱਡੇ ਤੋਂ ਲੈਣ ਅੰਗਰੇਜ਼ ਜਿਨ੍ਹਾਂ ਨੇ ਹਿੰਦੀ ਵਿੱਚ ਏਸ਼ੀਆ ਵਿੱਚ ਜਾਤ-ਪਾਤ ਦੀ ਨਫ਼ਰਤ ਵਾਰੇ ਇਸ ਹਿੰਦੂਆਂ ਦੇ ਕੋੜ੍ਹ ਤੇ ਆਪਣੇ ਵਿਚਾਰ ਦਿੱਤੇ।ਗੁਰਦੇਵ ਸਿੰਘ ਕੰਗ, ਸੁਖਵਿੰਦਰ ਸਿੰਘ ਹੰਸਰਾ, ਥਾਨਮੋਜ਼ੀ ਸੌਂਡਾਰਾਜਨ, ਪਾਸਟਰ ਗਿਦੈਨ ਜ਼ੈਬਾਮਨੀ, ਪਰਦੀਪ ਕਾਂਬਲੇ, ਪ੍ਰੋਫੈਸਰ ਗਾਲੀਵਿਨੋਦ ਕੁਮਾਰ, ਸੰਜੇ ਬਲਿਡ ਅਸ਼ੋਕ ਮਾਹੀ ਅਤੇ ਪਰਵੀਨ ਗਾਇਕਵਾੜ ਨੇ ਵੀ ਜਾਤ-ਪਾਤ ਵੰਡ ਜੋ ਕਿ ਕੰਮਾਂ ਦੀ ਵੰਡ ਨਹੀਂ ਕਾਮਿਆਂ ਦੀ ਵੰਡ ਸੀ। ਇਸ ਉੱਤੇ ਆਪਣੇ ਵਿਚਾਰ ਪੇਸ਼ ਕੀਤੇ। ਆਖੀਰ ਵਿੱਚ ਨੈਸ਼ਨਲ ਪ੍ਰੈਜ਼ੀਡੈਂਟ ਨੇ ਕਨਕਲੂਡ ਸਾਰੇ ਮਹਿਮਾਨਾਂ ਲਈ ਭੋਜਨ ਦਾ ਪ੍ਰਬੰਧ ਸੀ ਜਿਸ ਨੂੰ ਸਾਰਿਆਂ ਨੇ ਇੱਕ ਦੂਜੇ ਨਾਲ ਗੱਲ ਬਾਤ ਕਰਦਿਆਂ ਗ੍ਰਹਿਣ ਕੀਤਾ। ਦੂਸਰੇ ਦਿਨ ਭਾਰਤ ਤੋਂ ਆਏ ਹੋਏ ਤਕਰੀਬਨ ਇੱਕ ਸੌ ਤੋਂ ਜ਼ਿਆਦਾ ਲੋਕ, ਅਮਰੀਕਾ ਦੇ ਗੁਰੂ ਰਵਿਦਾਸ ਸਮਾਜ ਦੇ ਲੋਕ ਅਤੇ ਸਿੱਖ ਭਾਈਚਾਰੇ ਨੇ ਹੁਮ ਹਮਾਕੇ ਗੁਰੂ ਰਵਿਦਾਸ ਟੈਂਪਲ, ਨਿਊ ਯੌਰਕ ਵਿੱਚ ਆਏ। ਕਿਉਂਕਿ ਮੈਂ ਪਿਛਲੇ ਬਹੁਤ ਲੰਬੇ ਸਮੇਂ ਤੋਂ

ਵਾਮਨ ਮੇਸ਼ਰਾਮ ਅਤੇ ਉਨ੍ਹਾਂ ਦੀ ਸੰਸਥਾ ਬਾਮਸੇਫ ਨਾਲ ਸੰਬੰਧਤ ਹਾਂ ਇਸ ਲਈ ਗੁਰੂ ਰਵਿਦਾਸ ਸਭਾ ਦੇ ਜੋਇੰਟ ਕੀਤਾ ਜਾ ਰਿਹਾ ਹੈ, ਇਸ ਵਿਸ਼ੇ ਤੇ ਚਾਨਣਾ ਪਾਇਆ। ਪ੍ਰੋਗਰਾਮ ਤਿੰਨ ਘੰਟੇ ਤੋਂ ਵੀ ਵੱਧ ਸਮਾਂ ਚੱਲਦਾ ਰਿਹਾ।ਗੁਰੂ ਘਰ ਦੀ ਕਮੇਟੀ ਨੇ ਲੰਗਰ ਦਾ ਪ੍ਰਬੰਧ ਕੀਤਾ ਹੋਇਆ ਸੀ ਜਿਸਨੂੰ ਭਾਰਤ ਦੇ ਵੱਖ








ਆਏ। ਰਿਸ਼ਤੇਦਾਰ ਹਨ ਇਸ ਲਈ ਮੈਂ ਉਨ੍ਹਾਂ ਕੋਲ ਇੱਕ ਹੀ ਰਾਤ ਠਹਰਿਆ ਅਤੇ ਬਾਕੀ ਸਾਰਾ ਸਮਾਂ ਗੁਰੂ ਰਵਿਦਾਸ ਸਭਾ ਨਿਊ ਯੌਰਕ ਵਲੋਂ ਤਿਆਰ ਕੀਤੇ ਗੁਰੂ ਘਰ ਵਿੱਚ ਰਿਹਾ, ਜਿੱਥੇ ਕਿ ਮੈਂ ਆਪਣੇ ਸਮਾਜ ਦੇ ਲੋਕਾਂ ਨਾਲ ਗੱਲ ਬਾਤ ਕਰ ਸਕਾਂ।

16 ਸਤੰਬਰ ਨੂੰ ਗੁਰੂ ਘਰ ਦੀ ਕਮੇਟੀ ਦੇ ਕੁਝ ਮੈਂਬਰਾਂ ਨਾਲ ਮੈਂ ਕੋਲੰਬੀਆ ਯੂਨੀਵਰਸਿਟੀ ਦੇ ਬਰਨਾਰਡ ਕੌਲਿਜ ਵਿੱਚ ਪਹੁੰਚੇ, ਜਿੱਥੇ ਬਾਮਸੇਫ ਦੇ ਨੈਸ਼ਨਲ ਪ੍ਰੈਜ਼ੀਡੈਂਟ ਵਾਮਨ ਮੇਸ਼ਰਾਮ ਸਾਹਿਬ ਸਮਾਗਮ ਦੀ ਪ੍ਰਧਾਨਗੀ ਕਰ ਰਹੇ ਸਨ। ਇਸ ਪਹਿਲੇ ਸੈਸ਼ਨ ਵਿੱਚ ਪ੍ਰੋਫੈਸਰ ਜੋਇਲ ਲੀ ਇੱਕ ਕੀਤਾ। ਦੂਸਰੇ ਸੈਸ਼ਨ ਵਿੱਚ ਸੰਕਰਰਾਓ ਲਿੰਗੇ, ਬੂਟਾ ਸਿੰਘ, ਸਵਾਤੀ ਸਾਵੰਤ, ਡੀ ਬੀ ਸਾਗਰ, ਮਹਿੰਦਰ ਕੁਮਾਰ, ਨਿਸ਼ਾ ਮੇਸ਼ਰਾਮ, ਦਲੀਪ ਮਹੱਕੇ, ਡਾ:ਸਾਮੀਰ ਕੁਮਾਰ ਰਾਏ, ਲੇਖਿਕ, ਡਾ: ਮੌਰਗਨ ਸੰਸਾਰੇ, ਰਾਜ ਸ਼ੇਰੂਕੋਂਡਾ, ਸ਼ੁਖਵਿੰਦਰ ਸਿੰਘ ਇਨ੍ਹਾਂ ਸਾਰਿਆਂ ਨੇ ਵੱਖ ਵੱਖ ਪਹਿਲੂਆਂ ਤੋਂ ਹਿੰਦੂ ਧਰਮ ਵਲੋਂ ਦਿੱਤੀ ਹੋਈ ਕੈਂਸਰ ਜਾਤ-ਪਾਤ ਤੇ ਆਪਣੇ ਵਿਚਾਰ ਪੇਸ਼ ਕੀਤੇ।ਇਸ ਸੈਸ਼ਨ ਦਾ ਵੀ ਨੈਸ਼ਨਲ ਪ੍ਰੈਜ਼ੀਡੈਂਟ ਵਾਮਨ ਮੇਸ਼ਰਾਮ ਨੇ ਕਨਕਲੂਡ ਕੀਤਾ।

ਪੂਰੇ ਦਿਨ ਦੇ ਇਸ ਪ੍ਰੋਗਰਾਮ ਤੋਂ ਬਾਦ ਆਏ ਹੋਏ ਸੈਕਟਰੀ ਖੁਸ਼ੀਆ ਸਿੰਘ ਨੇ ਮੈਨੂੰ ਸਟਜ ਸੈਕਟਰੀ ਦੀ ਜਿੰਮੇਵਾਰੀ ਨਿਭਾਉਣ ਨੂੰ ਕਿਹਾ। ਸਰਬਜੀਤ ਸਿੰਘ, ਸੰਮਪਤ ਸੁਨਾਨੇ, ਐਮ ਕੇ ਪਰਮਾਰ, ਪਿੰਦਰ ਪਾਲ, ਸੁਖਵੀਰ ਸਿੰਘ ਊਧੇਕੇ ਆਦਿ ਵਿਦਵਾਨਾਂ ਨੇ ਭਾਰਤ ਵਿੱਚ ਮੂਲਨਿਵਾਸੀਆਂ ਨੂੰ 6743 ਜਾਤਾਂ ਵਿੱਚ ਵੰਡਕੇ ਯੂਰੇਸ਼ੀਅਨ ਬ੍ਰਾਮਣ ਨੇ ਜੋ ਕਿ ਪੂਰੇ ਭਾਰਤ ਵਿੱਚ ਕੇਵਲ 3ਗ਼ ਹਨ ਕਿਵੇਂ ਰਾਜ ਕਰ ਹਰੇ ਹਨ ਇਸ ਵਾਰੇ ਗਹਿਰਾਈ ਨਾਲ ਚਾਨਣਾ ਪਾਇਆ।

ਘੱਟ ਗਿਣਤੀ ਮੁਸਲਮਾਨਾਂ, ਈਸਾਈਆਂ, ਬੋਧੀਆਂ, ਸਿੱਖਾਂ ਆਦਿ ਦਾ ਪਿਛਲੇ 70 ਸਾਲ ਤੋਂ ਕਿਵੇਂ ਕਤਲੇ-ਆਮ ਵੱਖ ਸੂਬਿਆਂ ਤੋਂ ਆਏ ਹੋਏ ਮੂਲਨਿਵਾਸੀਆਂ ਨੇ ਆਦਰ ਸਾਹਿਤ ਗ੍ਰਹਿਣ ਕੀਤਾ।

ਦੂਸਰੇ ਦਿਨ ਭਾਰਤ ਤੋਂ ਆਏ ਹੋਏ ਸਾਰੇ ਲੋਕ ਵਸ਼ਿੰਗਟਨ ਡੀ ਸੀ, ਨਾਇਗਰਾ ਫੌਲ ਆਦਿ ਲਈ ਟੂਰ ਤੇ ਚਲੇ ਗਏ। ਮੈਂ ਬਾਕੀ ਦਾ ਸਮਾਂ ਗੁਰੂ ਘਰ ਵਿੱਚ ਰਿਹਾ, ਜਿੱਥੇ ਹਰ ਰੋਜ਼ ਸ਼ਾਮ ਨੂੰ ਸਾਥੀਆਂ ਨਾਲ ਭਾਰਤ ਵਿੱਚ ਆਪਣੇ ਸਮਾਜ ਦੇ ਵਰਤਮਾਨ ਅਤੇ ਭਵਿੱਖ ਵਾਰੇ ਵਿਚਾਰ ਵਿਮਰਸ਼ ਕਰਦੇ ਸੀ। ਮੈਂ 24 ਸਤੰਬਰ ਸ਼ਾਮ ਨੂੰ ਨਿਊ ਯੌਰਕ ਤੋਂ ਰਵਾਨਾ ਹੋਕੇ 25 ਸਤੰਬਰ ਸਵੇਰੇ ਲੰਡਨ ਪਹੁੰਚਿਆ।

# ਅਕਾਲੀ ਕਿਹੜੇ ਮੂੰਹ ਨਾਲ ਪੰਜਾਬੀ ਸੂਬਾ ਦਿਵਸ ਮਨਾਉਂਦੇ ਹਨ?



ਫਰੈਡੀ ਜੋਜ਼ਫ

ਇਹ ਇਕ ਇਤਿਹਾਸਕ ਸਚਾਈ ਹੈ ਕਿ ਅਕਾਲੀ ਦਲ ਨੇ ਜਿਨੇ ਮੋਰਚੇ ਵੀ ਲਾਏ, ਉਨ੍ਹਾਂ ਦੇ ਉਦੇਸ਼ ਪ੍ਰਤੀ ਉਹ ਕਦੀ ਵੀ ਈਮਾਨਦਾਰ ਨਹੀਂ ਰਹੇ। (1) ਅਕਾਲੀ ਦਲ ਨੇ ਪੰਜਾਬੀ ਸੂਬੇ ਦੀ ਮੰਗ ਨੂੰ ਲੈ ਕੇ ਅੰਦੋਲਨ ਸ਼ੁਰੂ ਕੀਤਾ। ਇਸ ਅੰਦੋਲਨ ਵਿਚ ਹਜ਼ਾਰਾਂ ਸਿੱਖਾਂ ਨੇ ਮਹਾਨ ਕੁਰਬਾਨੀਆਂ ਕੀਤੀਆਂ। ਹਜ਼ਾਰਾਂ ਨੇ ਜੇਲਾਂ ਕੱਟੀਆਂ, ਸੈਂਕੜੇ ਲਾਠੀਚਾਰਜਾਂ ਵਿਚ ਇੰਨੀ ਬੁਰੀ ਤਰ੍ਹਾਂ ਫਟੜ ਹੋ ਗਏ ਕਿ ਉਨ੍ਹਾਂ ਦੇ ਸਰੀਰ ਸਾਰੀ ਜ਼ਿੰਦਗੀ ਲਈ ਨਕਾਰਾ ਹੋ ਗਏ। ਕਈ ਫਾਇਰਿੰਗ ਵਿਚ ਮਾਰੇ ਗਏ। ਪੰਜਾਬੀ ਸੂਬੇ ਦੀ ਮੰਗ ਦੇ ਵਿਰੁਧ ਜਨਸੰਘ (ਜੋ ਅੱਜ ਭਾਜਪਾ ਦੇ ਨਾਂ ਨਾਲ ਜਾਣਿਆ ਜਾਂਦਾ ਹੈ) ਨੇ ਪੰਜਾਬੀ ਸੂਬੇ ਦੀ ਮੰਗ ਵਿਰੁਧ ਮਹਾਂ ਪੰਜਾਬ ਦੀ ਮੰਗ ਨੂੰ ਲੈ ਕੇ ਅੰਦੋਲਨ ਚਲਾਇਆ। ਉਸ ਅੰਦੋਲਨ ਦਰਮਿਆਨ ਬਹੁਤ ਸਾਰੇ ਹਿੰਦੂਆਂ ਨੂੰ ਜੇਲ ਦੀ ਹਵਾ ਖਾਣੀ ਪਈ ਤੇ ਕਈ ਪੁਲਿਸ ਫਾਇਰਿੰਗ ਵਿਚ ਮਾਰੇ ਗਏ। ਪਰ ਜਦ ਪੰਜਾਬ ਅਸੈਂਬਲੀ ਦੀਆਂ ਚੋਣਾਂ ਹੋਈਆਂ ਤਾਂ ਕਾਂਗਰਸ, ਅਕਾਲੀ ਦਲ, ਜਨਸੰਘ ਗਲ ਕੀ ਕਿਸੇ ਵੀ ਸਿਆਸੀ ਪਾਰਟੀ ਨੂੰ ਪੰਜਾਬ ਵਿਚ ਸਰਕਾਰ ਬਣਾਉਣ ਲਈ ਲੋੜੀਂਦਾ ਬਹੁਮਤ ਪ੍ਰਾਪਤ ਨਹੀਂ ਹੋਇਆ। ਸਤਾ ਪ੍ਰਾਪਤੀ ਦਾ ਸਰੂਰ ਲੈਣ ਲਈ ਅਕਾਲੀਆਂ ਨੇ ਪੰਜਾਬੀ ਸੂਬੇ ਦੇ ਮੁੱਦੇ ਨਾਲ ਗਦਾਰੀ ਕਰਕੇ ਹਿੰਦੂ-ਸਿੱਖ ਏਕਤਾ ਦਾ ਢਕਵੰਜ ਖੜਾ ਕਰਕੇ ਪੰਜਾਬ ਵਿਚ ਅਕਾਲੀ-ਜਨਸੰਘ ਗਠਜੋੜ ਸਰਕਾਰ ਬਣਾ ਲਈ। ਪਰ ਜਦ ਕੁਝ ਅਕਾਲੀ ਨੇਤਾਵਾਂ ਨੇ ਇਸ ਗੱਲ ਦਾ ਅਹਿਸਾਸ ਕੀਤਾ ਕਿ ਜਿਸ ਮੁਦੇ ਲਈ ਸਿੱਖਾਂ ਨੇ ਇੰਨੀਆਂ ਕੁਰਬਾਨੀਆਂ ਦਿੱਤੀਆਂ ਹਨ, ਉਸ ਨਾਲ ਅਕਾਲੀ ਹਾਈਕਮਾਨ ਗਦਾਰੀ ਕਰ ਗਈ ਹੈ ਤਾਂ ਉਹਨਾਂ ਨੇ ਬਗਾਵਤ ਕਰਕੇ ਕਾਂਗਰਸ ਨਾਲ ਹੱਥ ਮਿਲਾ ਕੇ ਲਛਮਣ ਸਿੰਘ ਗਿੱਲ ਦੀ ਅਗਵਾਈ ਵਿਚ ਸਰਕਾਰ ਬਣਾ ਲਈ ਜਿਸਨੂੰ ਕਾਂਗਰਸ ਦਾ ਬਾਹਰੋਂ ਸਮਰਥਨ ਪ੍ਰਾਪਤ ਸੀ। ਪੰਜਾਬ ਕਾਂਗਰਸ ਨੇ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਤੋਂ ਪੰਜਾਬੀ ਸੂਬੇ ਦੀ ਮੰਗ ਦੀ ਪ੍ਰਵਾਨਗੀ ਦਾ ਐਲਾਨ ਕਰਵਾ ਦਿਤਾ ਤੇ ਇਸ ਤਰ੍ਹਾਂ ਪੰਜਾਬੀ ਸੂਬਾ ਹੋਂਦ ਵਿਚ ਆ ਗਿਆ। ਪਰ ਅਕਾਲੀ ਹਾਈ ਕਮਾਨ ਨੇ ਸ਼ਰਮ ਮਹਿਸੂਸ ਕਰਨ ਦੀ ਬਜਾਏ ਸੰਤ ਫਤਹਿ ਸਿੰਘ ਦੀ ਅਗਵਾਈ ਵਿਚ ਲਛਮਣ ਸਿੰਘ ਗਿੱਲ ਵਿਰੁਧ ਅੰਦੋਲਨ ਸ਼ੁਰੂ ਕਰ ਦਿੱਤਾ। ਪੰਜਾਬ ਵਿਚ ਇਹ ਧੂੰਆਧਾਰ ਪ੍ਰਚਾਰ ਕੀਤਾ ਗਿਆ ਕਿ ਲਛਮਣ ਸਿੰਘ ਗਿੱਲ ਨੇ ਪੰਥ ਨਾਲ ਗਦਾਰੀ ਕੀਤੀ ਹੈ। ਉਸ ਸਮੇਂ ਅਕਾਲੀ ਦਲ ਦੇ ਪ੍ਰਧਾਨ ਸੰਤ ਫਤਹਿ ਸਿੰਘ ਸਿੱਖਾਂ ਦੀ ਸਭ ਤੋਂ ਵੱਡੀ ਸਖਸ਼ੀਅਤ ਸਮਝੇ ਜਾਂਦੇ ਸਨ। ਉਨ੍ਹਾਂ ਦੀ ਅਗਵਾਈ ਵਿਚ ਇਹ ਅੰਦੋਲਨ ਇੰਨਾਂ ਭਖਿਆ ਕਿ ਲਛਮਣ ਸਿੰਘ ਗਿੱਲ ਉਸ ਅੱਗੇ ਟਿਕ ਨਹੀਂ ਸਕੇ ਅਤੇ ਉਨ੍ਹਾਂ ਨੂੰ ਦਿਲ ਦਾ ਦੌਰਾ ਪੈ ਗਿਆ ਤੇ ਉਹ ਖੁਦਾ ਨੂੰ ਪਿਆਰੇ ਹੋ ਗਏ।

ਸੋ ਪੰਜਾਬੀ ਸੂਬਾ ਸਿੰਘ ਲਛਮਣ ਸਿੰਘ ਗਿੱਲ ਅਤੇ ਅਨੇਕਾਂ ਸਿੱਖਾਂ ਦੀਆਂ ਕੁਰਬਾਨੀਆਂ ਦਾ ਫਲ ਹੈ ਜਿੰਨ੍ਹਾਂ ਵਿਰੁਧ ਅਕਾਲੀ ਦਲ ਨੇ ਧੂੰਆਧਾਰ ਜ਼ਹਿਰੀਲਾ ਪ੍ਰਚਾਰ ਕੀਤਾ। ਸੋ ਸਾਨੂੰ ਸਮਝ ਨਹੀਂ ਆਉਂਦੀ। ਲੋਕ ਅੱਜ ਅਕਾਲੀ ਕਿਹੜੇ ਮੂੰਹ ਨਾਲ ਹਰ ਸਾਲ ਪਹਿਲੀ ਨਵੰਬਰ ਨੂੰ ਪੰਜਾਬੀ ਸੂਬਾ ਦਿਵਸ ਮਨਾਉਂਦੇ ਹਨ?

(2) ਅਕਾਲੀਆਂ ਨੇ ਧਾਰਾ 25 ਵਿਰੁਧ ਅੰਦੋਲਨ ਕੀਤਾ ਜਿਸਦਾ ਮੰਤਵ ਇਹ ਸਾਬਿਤ ਕਰਨਾ ਸੀ ਕਿ ਸਿੱਖ ਹਿੰਦੂ ਨਹੀਂ, ਇਕ ਵਖਰੀ ਕੌਮ ਹਨ। ਇਸ ਮੰਗ ਨਾਲ ਵੀ ਅਕਾਲੀ ਗਦਾਰੀ ਕਰ ਗਏ। ਅੱਜ ਵੀ ਸਿੱਖ ਧਾਰਾ 25 ਨਾਲ ਨੂੜੇ ਹੋਏ ਹਨ। (3) ਸ਼੍ਰੀ ਹਰਿਮੰਦਰ ਸਾਹਿਬ ਵਿੱਚ ਫੌਜ ਭੇਜਣੀ ਉਸ ਸਮੇਂ ਦੀ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਦੀ ਗਲਤੀ ਸੀ। ਪਰ ਵਰਣਨਯੋਗ ਹੈ ਕਿ ਸ਼੍ਰੀ ਹਰਿਮੰਦਰ ਸਾਹਿਬ ਵਿੱਚ ਫੌਜ ਦੀ ਕਾਰਵਾਈ ਲਈ ਭਾਜਪਾ ਦੇ ਵਰਿਸ਼ਠ ਨੇਤਾ ਸ਼੍ਰੀ ਅਟਲ ਬਿਹਾਰੀ ਵਾਜਪਾਈ ਅਤੇ ਸ਼੍ਰੀ ਲਾਲ ਕਿਸ਼ਨ ਅਡਵਾਨੀ ਬਰਾਬਰ ਦੇ ਦੋਸ਼ੀ ਹਨ। ਉਹ ਹੀ ਰੋਜ਼ ਇਸ ਮੰਗ ਨੂੰ ਲੈ ਕੇ ਸ਼੍ਰੀਮਤੀ ਇੰਦਰਾ ਗਾਂਧੀ ਦੀ ਕੋਠੀ ਤੇ ਧਰਨੇ ਦਿੰਦੇ ਸਨ ਕਿ ਸ਼੍ਰੀ ਦਰਬਾਰ ਸਾਹਿਬ ਵਿੱਚ ਫੌਜ ਭੇਜੀ ਜਾਵੇ। ਪਰ ਅਕਾਲੀ ਦਲ ਦੀ ਇਹਨਾਂ ਨਾਲ ਹਾਲੇ ਤੱਕ ਵੀ ਦੋਸਤੀ ਬਣੀ ਹੋਈ ਹੈ ਅਤੇ ਉਸ ਵਲੋਂ ਸ਼੍ਰੀ ਹਰਿਮੰਦਰ ਸਾਹਿਬ ਵਿੱਚ ਫੌਜ ਭੇਜਣ ਲਈ ਅੱਜ ਤੱਕ ਵੀ ਸ਼੍ਰੀਮਤੀ ਇੰਦਰਾ ਗਾਂਧੀ ਨੂੰ ਹੀ ਦੋਸ਼ੀ ਕਰਾਰ ਦਿੱਤਾ ਹੈ।

ਅਕਾਲੀਆਂ ਦੇ ਇਸ ਰਵਈਏ ਨੂੰ ਕੀ ਨਾਂ ਜਾਏ?

ਊਠ ਬੁੱਢਾ ਹੋ ਜਾਂਦਾ ਪਰ ਉਸਨੂੰ ਮੂਤਣਾ ਨਹੀਂ ਆਉਂਦਾ
ਊਠ ਬੁੱਢਾ ਹੋ ਜਾਂਦਾ ਹੈ ਪਰ ਉਸਨੂੰ ਮੂਤਣਾ ਨਹੀਂ ਆਉਂਦਾ।
ਉਹ ਸਾਰਾ ਜੀਵਨ ਆਪਣੀਆਂ ਲੱਤਾਂ ਲਬੇੜਦਾ ਰਹਿੰਦਾ ਹੈ।

ਗੁਰਦਾਸਪੁਰ ਜ਼ਿਮਨੀ ਚੋਣ ਇੱਕ ਬਹੁਤ ਵਧੀਆ ਮੌਕਾ ਸੀ - ਈਸਾਈਆਂ ਨਾਲ ਹੁਣ ਤੱਕ ਹੋਏ ਸਿਆਸੀ ਧੋਖੇ ਨੂੰ ਸਿਆਸੀ ਪਾਰਟੀਆਂ ਨੂੰ ਚੀਤਾਵਨ ਦਾ ਪਰ ਸਾਡੇ ਨੇਤਾਵਾਂ ਨੇ ਇਹ ਸੁਨਹਿਰੀ ਮੌਕਾ ਵੀ ਆਪਣੇ ਹੱਥੋਂ ਗੁਆ ਲਿਆ ਹੈ। ਮੁਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਭ ਨੂੰ ਚੋਗਾ ਸੁਟਿਆ ਹੋਇਆ ਸੀ - ਇਸ ਜ਼ਿਮਨੀ ਚੋਣ ਵਿੱਚ ਨੇਤਾਵਾਂ ਵਲੋਂ ਵਿਖਾਈ ਗਈ ਕਾਰਗੁਜ਼ਾਰੀ ਅਤੇ ਵਫਾਦਾਰੀ ਦੇ ਅਧਾਰ ਤੇ ਹੀ ਨੇਤਾਵਾਂ ਨੂੰ ਕੁਰਸੀਆਂ ਦੀ ਬੱਖਸ਼ਿਸ਼ ਕੀਤੀ ਜਾਵੇਗੀ। ਇਸੇ ਕਰਕੇ ਸਾਡੇ ਬਹੁਤ ਸਾਰੇ ਨੇਤਾਵਾਂ ਨੇ ਪਿਛਲੇ 71 ਤੋਂ ਸਾਲ ਤੋਂ ਈਸਾਈਆਂ ਵਲੋਂ ਝੱਲੇ ਜਾ ਰਹੇ ਦੁਖੜਿਆਂ ਦਾ ਇਸ ਚੋਣ ਦੌਰਾਨ ਮਾੜਾ ਮੋਟਾ ਵੀ ਜ਼ਿਕਰ ਨਹੀਂ ਕੀਤਾ। ਅੱਖਾਂ ਕੇਵਲ ਅਜੇਹੀਆਂ ਕੁਰਸੀਆਂ ਤੇ ਟਿਕਾਈਆਂ ਰੱਖੀਆਂ ਜਿਨ੍ਹਾਂ ਦਾ ਕੌਮ ਨੂੰ ਤਾਂ ਕੀ ਲਾਭ ਹੋਣਾ ਇਨ੍ਹਾਂ ਨੇਤਾਵਾਂ ਨੂੰ ਵੀ ਕੋਈ ਲਾਭ ਨਹੀਂ ਹੋਣ ਵਾਲਾ। ਪਿਛਲੇ 71 ਸਾਲ ਵਿੱਚ ਜੋ ਕੁਰਸੀਆਂ ਅਕਾਲੀ ਜਾਂ ਕਾਂਗਰਸੀ ਸਰਕਾਰਾਂ ਵਿੱਚ ਮਿਲੀਆਂ ਹਨ ਉਸਦਾ ਲੇਖਾ ਜੋਖਾ ਇਸ ਪ੍ਰਕਾਰ ਹੈ (3) ਪਿਛਲੇ 71 ਸਾਲ ਵਿੱਚ ਈਸਾਈਆਂ ਨੂੰ ਕੇਵਲ 351 ਸਰਕਾਰੀ ਨੌਕਰੀਆਂ ਹੀ ਮਿਲੀਆਂ ਉਹ ਵੀ ਫੋਰਥ ਕਲਾਸ ਤੇ ਥਰਡ ਕਲਾਸ ਦੀਆਂ ਹੀ ਜਦਕਿ ਪੰਜਾਬ ਵਿੱਚ ਈਸਾਈ ਅਬਾਦੀ ਦੀ ਪ੍ਰਤੀਸ਼ਤ ਅਨੁਸਾਰ ਉਨ੍ਹਾਂ ਦਾ ਹਰ ਪੰਜਵੇ ਸਾਲ ਵਿੱਚ ਹਿੱਸਾ 5000 ਸਰਕਾਰੀ ਨੌਕਰੀਆਂ ਦਾ ਬਣਦਾ ਹੈ। (4) ਪੰਜਾਬ ਵਿੱਚ ਕਿੰਨੇ ਕਾਰੋਬਾਰੀ ਈਸਾਈ ਹਨ, ਜਿਨ੍ਹਾਂ ਨੂੰ ਸਰਕਾਰ ਨੇ ਲੋਨ, ਪਰਮਿਟ, ਲਾਇਸੈਂਸ, ਗਰਾਂਟਾਂ ਆਦਿ ਦੇ ਕੇ ਉਨ੍ਹਾਂ ਦੀ ਆਰਥਿਕ ਹਾਲਤ ਮਜਬੂਤੀ ਕੀਤੀ। ਸਾਡੇ ਨਜ਼ਰ ਵਿੱਚ ਈਸਾਈ ਅਜਿਹੇ ਕਾਰੋਬਾਰੀ ਨਹੀਂ ਹੈ ਜਿਸ ਕੋਲ 50 ਜਾਂ ਇਸ ਤੋਂ ਵੱਧ ਮੁਲਾਜਮ ਕੰਮ ਕਰਦੇ ਹੋਣ। (5) ਬੇਘਰੇ ਈਸਾਈਆਂ ਦੀ ਗਿਣਤੀ ਪੰਜਾਬ ਵਿੱਚ 50,000 ਦੇ ਕਰੀਬ ਹੈ - ਪਿਛਲੇ 71 ਸਾਲ ਵਿੱਚ ਕੇਵਲ 1200 ਬੇਘਰੇ ਈਸਾਈਆਂ ਨੂੰ ਹੀ ਪਲਾਟ ਮਿਲੇ ਹਨ। (6) ਈਸਾਈਆਂ ਨੂੰ ਆਪਣੇ ਮੁਰਦੇ ਦਫਨਾਉਣ ਲਈ ਕਬਰਸਤਾਨਾਂ ਲਈ ਥਾਂ ਦੇਣ ਦਾ ਕਨੂੰਨ ਮੌਜੂਦ ਹੈ ਪਰ ਕਿੰਨੇ ਈਸਾਈਆਂ ਨੂੰ ਕਬਰਿਸਤਾਨ ਮਿਲੇ? ਹੁਣ ਤਾਂ ਈਸਾਈਆਂ ਦੀ ਸੋਚ ਹੀ ਦਾਲ ਆਟਾ, 200 ਯੁਨਿਟ ਬਿਜਲੀ ਮਾਫੀ ਤੇ ਸ਼ਗਨ ਸਕੀਮ ਤੱਕ ਸੁੰਘੜ ਗਈ ਹੈ - ਉਹ ਭੁੱਲ ਹੀ ਗਏ ਹਨ ਕਿ ਸਨਮਾਨਜਨਕ ਮੰਗਾਂ ਕੀ ਹੁੰਦੀਆਂ ਹਨ।

ਸਾਡੇ ਜਿਨ੍ਹਾਂ ਨੇਤਾਵਾਂ ਨੇ ਕਾਂਗਰਸ ਦੇ ਉਮੀਦਵਾਰ ਨੂੰ ਜਿਤਾਉਣ ਲਈ ਖੂਨ ਪਸੀਨਾ ਇੱਕ ਕੀਤਾ ਹੈ ਉਨ੍ਹਾਂ ਵਿੱਚ 2 ਵੱਡੀਆਂ ਬਾਈਬਲਾਂ ਕੱਛ ਵਿੱਚ ਮਾਰ ਕੇ ਤੁਰਨ ਵਾਲੇ ਲੋਕ ਹਨ ਜਿਨ੍ਹਾਂ ਨੇ ਖੁਦਾ ਦੀ ਹਜ਼ੂਰੀ ਵਿੱਚ ਖੜੇ ਰਹਿਣ ਦੀ ਬਜਾਏ ਕੈਪਟਨ ਅਮਰਿੰਦਰ ਸਿੰਘ ਦੇ ਹਜ਼ੂਰ ਵਿੱਚ ਖੜੇ ਰਹਿਣ ਨੂੰ ਤਰਜੀਹ ਦਿੱਤੀ।

### ਜ਼ਬਰਦਸਤੀ ਧਰਮ ਪਰਿਵਰਤ ਦੀ ਹਕੀਕਤ

8 ਅਕਤੂਬਰ 2017 ਸ਼ਾਮ 7 ਵਜੇ ਦੀਆਂ ਖਬਰਾਂ ਵਿੱਚ ਟੀ.ਵੀ. ਚੈਨਲ 'ਆਜ ਤੱਕ' ਨੇ ਇਹ ਖਬਰ ਦਿੱਤੀ ਹੈ ਕਿ ਬੰਬਈ ਵਿੱਚ ਈਸਾਈ ਅਬਾਦੀ ਵਿੱਚ ਰਹਿ ਰਹੇ ਇੱਕ ਹਿੰਦੂ ਪਰਿਵਾਰ ਦਾ ਧਰਮ ਜ਼ਬਰਦਸਤੀ ਬਦਲ ਕੇ ਉਸਨੂੰ ਈਸਾਈ ਬਣਾਇਆ ਜਾ ਰਿਹਾ ਹੈ। ਇਸ ਹਿੰਦੂ ਪਰਿਵਰਾਰ ਦਾ ਧਰਮ ਬਦਲਣ ਲਈ ਉਸ ਉੱਤੇ ਕਈ ਕਿਸਮ ਦਾ ਤਸ਼ਦਦ ਕੀਤਾ ਜਾ ਰਿਹਾ ਹੈ। ਉਸ ਨੂੰ ਕੁੱਟ ਮਾਰ ਕੀਤੀ ਜਾ ਰਹੀ ਹੈ। ਉਸਦੇ ਘਰ ਉੱਤੇ ਹਮਲੇ ਕੀਤੇ ਜਾ ਰਹੇ ਹਨ। ਉਸਦੇ ਘਰ ਦੀ ਬਿਜਲੀ ਬੰਦ ਕਰ ਦਿੱਤੀ ਗਈ ਹੈ।

ਮਸੀਹੀ ਸੰਸਾਰ ਵਲੋਂ ਪ੍ਰਾਪਤ ਕੀਤੀ ਗਈ ਜਾਣਕਾਰੀ ਅਨੁਸਾਰ ਇਸ ਹਿੰਦੂ ਪਰਿਵਾਰ ਤੇ ਜ਼ੁਲਮ ਤਸ਼ਦਦ ਕਰਕੇ ਉਸਨੂੰ ਈਸਾਈ ਧਰਮ ਅਪਨਾਉਣ ਲਈ ਮਜਬੂਰ ਕਰਨਾ ਨਿਰਾ ਝੂਠ ਹੈ। ਜਦੋਂਕਿ ਹਕੀਕਤ ਇਹ ਹੈ ਕਿ ਇਹ ਆਂਢ ਗੁਆਂਢ ਵਿੱਚ ਹੋਣ ਵਾਲੀਆਂ ਮਮੂਲੀ ਲੜਾਈਆਂ ਵਿਚੋਂ ਇੱਕ ਹੈ ਅਤੇ ਇਸ ਦਾ ਧਰਮ ਪਰਿਵਰਤਨ ਨਾਲ ਕੋਈ ਵਾਸਤਾ ਨਹੀਂ ਹੈ। ਨਾ ਹੀ ਅੱਜ ਦੇ ਯੁੱਗ ਵਿੱਚ ਜ਼ਬਰਦਸਤੀ ਧਰਮ ਪਰਿਵਰਤਨ ਕਰਨਾ ਕਿਸੇ ਵੀ ਢੰਗ ਨਾਲ ਸੰਭਵ ਹੈ ਅਤੇ ਨਾ ਹੀ ਅਜਿਹੇ ਧਰਮ ਪਰਿਵਰਤਨ ਦਾ ਕੋਈ ਉਦੇਸ਼ ਹੈ। ਕਿਉਂਕਿ ਅੱਜ ਦੇਸ਼ ਵਿੱਚ ਕੋਈ ਧਰਮ ਅਧਾਰਿਤ ਸਰਕਾਰ ਨਹੀਂ ਹੈ। ਜ਼ਬਰਦਸਤੀ ਧਰਮ ਨਾ ਕੇਵਲ ਕਨੂੰਨੀ ਜੁਰਮ ਹੀ ਹੈ ਬਲਕਿ ਈਸਾਈਅਤ ਦੀ ਰੂਹ ਨਾਲ ਵੇਖਿਆ ਜਾਵੇ ਤਾਂ ਜ਼ਬਰਦਸਤੀ ਧਰਮ ਪਰਿਵਰਤਨ ਇੱਕ ਘੋਰ ਪਾਪ ਵੀ ਹੈ।

ਜ਼ਬਰਦਸਤੀ ਧਰਮ ਪਰਿਵਰਤਨ ਉਸ ਸਮੇਂ ਦੀ ਗੱਲ ਹੈ ਜਦ ਧਰਮ ਅਧਾਰਿਤ ਦੇਸ਼ ਹੁੰਦੇ ਸਨ ਅਤੇ ਧਰਮ ਹੀ ਸਰਕਾਰ ਦਾ ਮੁਖ ਮੁੱਦਾ ਹੁੰਦਾ ਸੀ। ਰਾਜੇ ਦਾ ਧਰਮ ਹੀ ਸਾਰੇ ਦੇਸ਼ ਦਾ ਧਰਮ ਮੰਨਿਆ ਜਾਂਦਾ ਸੀ। ਜੋ ਰਾਜੇ ਦੇ ਧਰਮ ਨੂੰ ਨਹੀਂ ਸੀ ਮੰਨਦਾ ਉਸਨੂੰ ਜ਼ਬਰਦਸਤੀ ਤਸ਼ਦਦ ਨਾਲ ਧਰਮ ਪਰਿਵਰਤਨ ਕਰਨ ਲਈ ਮਜਬੂਰ ਕੀਤਾ ਜਾਂਦਾ ਸੀ। ਕੌਮ ਦਾ ਅਰਥ ਵੀ ਇਹੀ ਸੀ ਕਿ ਇੱਕ ਧਰਮ ਦੇ ਲੋਕ।

ਇਥੇ ਇਹ ਵਰਣਨਯੋਗ ਹੈ ਕਿ ਅੰਗਰੇਜ਼ ਦੇ ਸਮੇਂ ਵਿੱਚ ਵੱਖ ਵੱਖ ਦੇਸ਼ਾਂ ਤੋਂ ਈਸਾਈ ਮਿਸ਼ਨਰੀ ਭਾਰਤ ਵਿੱਚ ਆਉਣੇ ਸ਼ੁਰੂ ਹੋਏ ਜਿੰਨ੍ਹਾਂ ਨੇ ਪ੍ਰਭੂ ਯਿਸੂ ਦਾ ਪ੍ਰੇਮ ਸੰਦੇਸ਼ ਇਸ ਦੇਸ਼ ਦੇ ਲੋਕਾਂ ਨੂੰ ਦੇਣਾ ਸ਼ੁਰੂ ਕੀਤਾ। ਪਰ ਇਹ ਵੀ ਇੱਕ ਇਤਿਹਾਸਕ ਹਕੀਕਤ ਹੈ ਕਿ ਈਸਟ ਇੰਡੀਆ ਕੰਪਨੀ ਨਹੀਂ ਚਾਹੁੰਦੀ ਸੀ ਕਿ ਭਾਰਤ ਵਿੱਚ ਈਸਾਈ ਧਰਮ ਦਾ ਪ੍ਰਚਾਰ ਕੀਤਾ ਜਾਵੇ। ਉਸਦਾ ਕਹਿਣਾ ਸੀ ਕਿ ਜੇਕਰ ਭਾਰਤ ਵਿੱਚ ਈਸਾਈ ਧਰਮ ਦਾ ਪ੍ਰਚਾਰ ਕੀਤਾ ਗਿਆ ਤਾਂ ਇਥੋਂ ਦੇ ਹਿੰਦੂਆਂ ਨੂੰ ਈਸਟ ਇੰਡੀਆ ਕੰਪਨੀ ਵਿਰੁਧ ਇੱਕ ਬਹੁਤ ਸ਼ਕਤੀਸ਼ਾਲੀ ਮੁੱਦਾ ਮਿਲ ਜਾਵੇਗਾ ਕਿ ਅੰਗਰੇਜ਼ ਹਿੰਦੂਆਂ ਦਾ ਧਰਮ ਪਰਿਵਰਤਨ ਕਰਨਾ ਚਾਹੁੰਦਾ ਹੈ। ਇਸ ਕਰਕੇ ਈਸਟ ਇੰਡੀਆ ਕੰਪਨੀ ਭਾਰਤ ਵਿੱਚ ਈਸਾਈ ਮਿਸ਼ਨਰੀਆਂ ਦੇ ਦਾਖਲੇ ਨੂੰ ਨਿਰਉਤਸਾਹਿਤ ਕਰਦੀ ਰਹਿੰਦੀ ਸੀ। ਈਸਟ ਇੰਡੀਆ ਕੰਪਨੀ ਹਿੰਦੂਆਂ ਨੂੰ ਖੁਸ਼ ਰੱਖਣਾ ਚਾਹੁੰਦੀ ਸੀ। ਹਿੰਦੂ ਮੰਦਰਾਂ ਨੂੰ ਗਰਾਂਟਾਂ ਦਿੱਤੀਆਂ ਜਾਂਦੀਆਂ ਸਨ (2) ਜਗੀਰਾਂ ਦਿੰਦੀ ਸੀ ਪਰ ਈਸਟ ਇੰਡੀਆ ਕੰਪਨੀ ਨੇ (1) ਕਦੇ ਕਿਸੇ ਚਰਚ ਨੂੰ ਕੋਈ ਗਰਾਂਟ ਨਹੀਂ ਸੀ ਦਿੱਤੀ। ਕੁਝ ਫੌਜ ਦੇ ਚਰਚਾਂ ਤੋਂ ਇਲਾਵਾ ਹੋਰ ਕਿਸੇ ਚਰਚ ਨੂੰ ਉਸਨੇ ਕੋਈ ਗਰਾਂਟ ਜਾਂ ਜਗੀਰ ਨਹੀਂ ਸੀ ਦਿੱਤੀ (3) ਬਲਕਿ ਵਿਦੇਸ਼ੀ ਈਸਾਈ ਮਿਸ਼ਨਰੀਆਂ ਤੇ ਪਾਬੰਦੀ ਸੀ ਕਿ ਉਹ ਭਾਰਤ ਵਿੱਚ ਕਿਤੇ ਵੀ ਆਪਣੇ ਨਾਂ ਤੇ ਚਰਚ ਲਈ ਜਾਂ ਚਰਚ ਸਰਗਰਮੀਆਂ ਲਈ ਕੋਈ ਜ਼ਮੀਨ ਮੁੱਲ ਨਹੀਂ ਲੈ ਸਕਦੇ ਸਨ। ਇਹੋ ਜਹੀਆਂ ਕਈ ਪਾਬੰਦੀਆਂ 15 ਅਗਸਤ 1947 ਤੱਕ ਵਿਦੇਸ਼ੀ ਈਸਾਈ ਮਿਸ਼ਨਰੀਆਂ ਤੇ ਲੱਗੀਆਂ ਰਹੀਆਂ।

(2) 1857 ਦੇ ਗਦਰ ਤੋਂ ਪਹਿਲਾਂ ਅੰਗਰੇਜ਼ ਫੌਜ ਵਿੱਚ ਕੇਵਲ ਬ੍ਰਾਹਮਣਾਂ ਅਤੇ ਖਤਰੀਆਂ ਨੂੰ ਅੰਗਰੇਜ਼ ਫੌਜ ਵਿੱਚ ਭਰਤੀ ਕੀਤਾ ਜਾਂਦਾ ਸੀ। ਫਿਰ ਮੁਸਲਮਾਨਾਂ ਨੂੰ। ਈਸਾਈ ਚਾਹੇ ਹਿੰਦੂਆਂ ਮੁਸਲਮਾਨਾਂ ਤੋਂ ਬਣਿਆ ਹੋਵੇ ਉਸਨੂੰ ਫੌਜ ਵਿੱਚ ਨਹੀਂ ਲਿਆ ਜਾਂਦਾ ਸੀ।

# ਸੌਦਾ ਸਾਧ ਖ਼ਿਲਾਫ਼ ਡਟਣ ਵਾਲੇ ਭਾਈ ਗੁਰਦਾਸ ਸਿੰਘ ਤੂਰ ਨਾਲ ਵਿਸ਼ੇਸ਼ ਮੁਲਾਕਾਤ...!

ਡੇਰਾ ਸੱਚਾ ਸੌਦਾ ਵਿਖੇ ਲੰਮਾ ਸਮਾਂ ਬਤੌਰ ਸਾਧ ਜੀਵਨ ਬਤੀਤ ਕਰਨ ਵਾਲੇ ਭਾਈ ਗੁਰਦਾਸ ਸਿੰਘ ਤੂਰ ਜਿਨ੍ਹਾਂ ਡੇਰੇ ਵਿੱਚ ਰਹਿੰਦਿਆਂ ਓਥੇ ਹੋ ਰਹੇ ਕੁਕਰਮਾਂ ਤੋਂ ਪੜਦਾ ਚੱਕਣ ਲਈ ਆਪਣੀ ਜਾਨ ਤੇ ਖੇਡਕੇ ਲੰਮੀ ਕਨੂੰਨੀ ਲੜਾਈ ਲੜੀ ਤੇ ਨਿੱਧੜਕ ਹੋਕੇ ਨੰਗੇ ਧੜ ਸਿਰਸਾ ਸਾਧ ਰਾਮ ਰਹੀਮ ਦਾ ਕਾਲ੍ਹਾ ਚਿੱਠਾ ਪੱਤਰਕਾਰਾਂ ਅੱਗੇ ਖੋਲਿਆ। ਅੱਜ-ਕੱਲ੍ਹ ਉਹ ਆਪਣੀ ਅਮਰੀਕਾ ਫੇਰੀ ਤੇ ਹਨ ਤੇ ਫਰਿਜ਼ਨੋ ਦੇ ਗੁਰਦਵਾਰਾ ਨਾਨਕਸਰ ਕਰਨਿਲੀਆ ਰੋਡ ਵਿਖੇ ਠਹਿਰੇ ਹੋਏ ਹਨ। ਇਸ ਸਮੇਂ ਸਾਡੇ ਪੱਤਰਕਾਰ ਨੀਟਾ ਮਾਛੀਕੇ ਵੱਲੋਂ ਉਹਨਾਂ ਨਾਲ ਵਿਸ਼ੇਸ਼ ਗੱਲ-ਬਾਤ ਕੀਤੀ ਗਈ। ਪੇਸ਼ ਹੈ ਓਸ ਮੁਲਾਕਾਤ ਦਾ ਸਾਰ-ਅੰਸ਼....

ਸਵਾਲ- ਗੁਰਦਾਸ ਸਿੰਘ ਤੂਰ ਜੀ ਸਭ ਤੋਂ ਪਹਿਲਾਂ ਤਾਂ ਤੁਹਾਡਾ ਅਦਾਰਾ ਦੇਸ਼ ਦੁਆਬਾ ਵੱਲੋਂ ਫਰਿਜ਼ਨੋ ਵਿਖੇ ਨਿੱਘਾ ਸੁਆਗਤ ਹੈ, ਪਹਿਲਾਂ ਤਾਂ ਅਮਰੀਕਾ ਦੇ ਅੱਚਨਚੇਤ ਟੂਰ ਬਾਰੇ ਦੱਸੋ ..?

ਜਵਾਬ- ਨੀਟਾ ਜੀ ਤੁਹਾਡਾ ਤੇ ਅਦਾਰਾ ਦੇਸ਼ ਦੁਆਬਾ ਦਾ ਮੈਂ ਰਿੱਣੀ ਹਾਂ ਕਿ ਦਾਸ ਨੂੰ ਤੁਸੀ ਆਪਣੀ ਗੱਲ ਰੱਖਣ ਦਾ ਮੌਕਾ ਦਿੱਤਾ, ਅਮਰੀਕਾ ਦਾ ਟੂਰ ਜੀ ਕੁਝ ਕੁ ਪਰਿਵਾਰ ਦੀਆਂ ਮਜਬੂਰੀਆਂ ਤੇ ਓਥੋਂ ਦਾ ਮੀਡੀਆਂ ਸਹੀ ਤਰੀਕੇ ਨਾਲ ਕੰਮ ਕਾਰ ਕਰਨ ਨਹੀ ਸੀ ਦੇ ਰਿਹਾ। ਪੂਰੇ ਕੇਸ ਨੂੰ ਸਿਰਫ ਹਨੀਪ੍ਰੀਤ ਤੱਕ ਸੀਮਤ ਕਰਕੇ ਰੱਖ ਦਿੱਤਾ ਗਿਆ ਹੈ ਤੇ ਸਿਰਸੇ ਵਾਲੇ ਸਾਧ ਦੇ ਜੋ ਪਾਜ਼ ਉਘੇੜਨੇ ਚਾਹੀਦੇ ਸਨ ਉਹ ਉਘੇੜੇ ਨਹੀ ਜਾ ਰਹੇ ਤੇ ਓਸੇ ਚੀਜ਼ ਤੇ ਧਿਆਨ ਕੇਂਦਰਤ ਕਰਨ ਲਈ ਇੱਕਾਂਤ ਲਈ ਅਮਰੀਕਾ ਆਉਣਾਂ ਪਿਆ।



ਸਵਾਲ- ਹੁਣ ਜਿਵੇਂ ਰਾਮ ਰਹੀਮ ਨੂੰ ਸੀ ਬੀ ਆਈ ਕੋਰਟ ਵੱਲੋਂ 20 ਸਾਲ ਦੀ ਸਜ਼ਾ ਸੁਣਾਈ ਗਈ ਹੈ। ਤੁਸੀ ਪੂਰੀ ਪ੍ਰਕਿਰਿਆ ਤੋਂ ਕਿੰਨੇ ਕੁ ਸੰਤੁਸ਼ਟ ਹੋਂ..? ਮੀਡੀਏ ਦੀ ਭੂਮਿਕਾ ਬਾਰੇ ਕੀ ਕਹੋਂਗੇ..?

ਜਵਾਬ- ਮੀਡੀਏ ਨੂੰ ਜਿਹੜੀਆਂ ਚੀਜ਼ਾਂ ਲੋਕਾਂ ਸਾਹਮਣੇ ਲੈਕੇ ਆਉਣੀਆਂ ਚਾਹੀਦੀਆਂ ਸੀ ਮੀਡੀਆ ਲੋਕਾਂ ਨੂੰ ਹਨੀਪ੍ਰੀਤ ਦੇ ਗੋਰਖ ਧੰਦੇ ਵਿੱਚ ਉਲਝਾਕੇ ਅਸਲੀ ਮੁੱਦੇ ਤੋਂ ਲੋਕਾਂ ਦਾ ਧਿਆਨ ਹਟਾਉਣ ਵੱਲ ਲੱਗਿਆ ਹੋਇਆ ਹੈ। ਬਹੁਤ ਸਾਰੇ ਮੁੱਦੇ ਨੇ ਲੋਕ ਕਚਹਿਰੀ ਵਿੱਚ ਲਿਆਉਣ ਵਾਲੇ ਜਿਵੇਂ ਨਿਪੁੰਨਸਕ ਬਣਾਏ ਸਾਧੂਆਂ ਦਾ ਮੁੱਦਾ, ਲੋਕਾਂ ਤੋਂ ਧੱਕੇ ਨਾਲ ਖੋਹੀਆਂ ਜ਼ਮੀਨਾਂ ਦਾ ਮੱਦਾ, ਹੋਰ ਨਿੱਕੀਆਂ ਬੱਚੀਆਂ ਨਾਲ ਹੋਏ ਬਲਾਤਕਾਰ ਦਾ ਮੁੱਦਾ ਇਹਨਾਂ ਸਾਰੇ ਮਸਲਿਆਂ ਤੋਂ ਪਾਜ਼ ਉ-ਘੇੜਨ ਦੀ ਥਾਂ ਇਸ ਸਮੇਂ ਮੀਡੀਏ ਵੱਲੋਂ ਹਨੀਪ੍ਰੀਤ ਦੇ ਮੁੱਦੇ ਨੂੰ ਉਛਾਲਿਆ ਜਾ ਰਿਹਾ ਹੈ। ਬਾਕੀ ਲੰਮੀ ਪ੍ਰਕਿਰਿਆ ਬਾਅਦ ਜੋ 20 ਸਾਲ ਦੀ ਸਜ਼ਾ ਸਾਧ ਨੂੰ ਹੋਈ ਹੈ ਜੇ ਤਾਂ ਸਾਧ ਦੇ ਕੁਕਰਮਾਂ ਵੱਲ ਵੇਖੀਏ ਫੇਰ ਤਾਂ ਇਹ ਸਜ਼ਾ ਬਹੁਤ ਥੋੜੀ ਹੈ ਲੇਕਿਨ ਫਿਰ ਵੀ ਸੀਬੀਆਈ ਦੇ ਅਫੀਸਰ, ਦੋਵੇਂ ਸਾਧਵੀਆਂ, ਜੱਜ ਤੇ ਵਕੀਲ ਸਾਹਿਬਾਨ ਸਾਰੀ ਟੀਮ ਜਿਨ੍ਹਾਂ ਨੇ ਇਸ ਕਨੂੰਨੀ ਪ੍ਰਕਿਰਿਆ ਨੂੰ ਸਿਰੇ ਚਾੜਕੇ ਸਾਧ ਨੂੰ ਸਲਾਖ਼ਾਂ ਪਿੱਛੇ ਧੱਕਿਆ ਵਧਾਈ ਦੀ ਪਾਤਰ ਹੈ।

ਸਵਾਲ- ਰਾਮ ਰਹੀਮ ਨੇ ਹੁਣ ਹਾਈ ਕੋਰਟ ਦਾ ਦਰਵਾਜ਼ਾ ਜਾ ਖੜਕਇਆ ਹੈ। ਇਸੇ ਕੇਸ ਦੇ ਮਗਰ ਮਗਰ ਛੱਤਰਪਤੀ ਤੇ ਰਣਜੀਤ ਕਤਲ ਕਾਂਡ ਅਤੇ ਸਾਧੂਆਂ ਨੂੰ ਨਿਪੁੰ-ਨਸਿਕ ਬਣਾਉਣ ਵਾਲਾ ਕੇਸ ਵੀ ਆ ਰਿਹਾ ਤੁਹਾਨੂੰ ਕੀ ਲਗਦਾ ਕਿ ਹਾਈ ਕੋਰਟ ਤੋਂ ਇਹਨੂੰ ਕੁਝ ਰਾਹਤ ਮਿਲ ਸਕੇਗੀ ਜਾਂ ਸ਼ਕੰਜਾ ਹੋਰ ਕਸਿਆ ਜਾਵੇਗਾ..?

ਜਵਾਬ- ਵੇਖੋ ਇਹਦੇ ਬਾਰੇ ਤਾਂ ਹਾਈ ਕੋਰਟ ਦੇ ਜੱਜ ਹੀ ਜਾਣਦੇ ਹਨ ਲੇਕਿਨ ਮੈਂ ਐਨਾਂ ਜ਼ਰੂਰ ਕਹਿਣਾ ਚਾਹੂੰਗਾ ਕਿ ਪਹਿਲਾਂ ਹੀ ਸਿਰਸੇ ਵਾਲੇ ਨੂੰ ਜੇਲ੍ਹ ਪਹੁੰਚਾਉਣ ਲਈ 42 ਲੋਕਾਂ ਦੀਆਂ ਜਾਨਾਂ ਗਈਆ ਹਨ, ਪੰਚਕੂਲੇ ਜੋ ਕੁਝ ਹੋਇਆ ਰਾਮ ਰਹੀਮ ਦੀ ਸਹਿ ਤੇ ਹੋਇਆ ਇਹਨਾਂ ਸਾਰੀਆਂ ਕੜੀਆਂ ਨੂੰ ਜੋੜਕੇ ਹਾਈ ਕੋਰਟ ਨੂੰ ਇਹਨੂੰ ਸਖ਼ਤ ਤੋਂ ਸਖ਼ਤ ਸਜ਼ਾ ਦੇਣੀ ਚਾਹੀਦੀ ਹੈ ਤਾਂ ਕਿ ਅਗਾਂਹ ਤੋਂ ਹੋਰਾਂ ਨੂੰ ਸਬਕ ਮਿਲ ਸਕੇ।

ਸਵਾਲ - ਤੁਸੀ ਕਿੰਨਾ ਚਿਰ ਡੇਰਾ ਸਿਰਸਾ ਰਹੇ ਤੇ ਡੇਰੇ ਨਾਲ ਜੁੜਨ ਦਾ ਮੁੱਖ ਕਾਰਨ ਕੀ ਰਿਹਾ..?

ਜਵਾਬ- ਮੇਰੇ ਮਾਤਾ ਪਿਤਾ ਡੇਰੇ ਦੇ ਸ਼ਰਧਾਲੂ ਸਨ ਬਚਪਨ ਵਿੱਚ ਉਹਨਾਂ ਦੀ ਉਂਗਲ ਫੜਕੇ ਡੇਰੇ ਜਾਂਦਾ ਰਿਹਾ ਬਾਅਦ ਵਿੱਚ 1996 ਤੋਂ 2002 ਤੱਕ ਡੇਰੇ 'ਚ ਸਾਧੂ ਦੇ ਤੌਰ ਤੇ ਵਿਚਰਿਆਂ ਜੀ।

ਸਵਾਲ- ਸਭ ਤੋਂ ਪਹਿਲਾਂ ਤੁਹਾਨੂੰ ਕਿਹੜੀ ਚੀਜ਼ ਉੱਥੇ ਸ਼ੱਕੀ ਲੱਗੀ ਕਿ ਤੁਸੀ ਬਾਗ਼ੀ ਹੋਕੇ ਡੇਰਾ ਛੱਡ ਦਿੱਤਾ..?

ਜਵਾਬ- ਸ਼ੱਕੀ ਤਾਂ ਬਹੁਤ ਸਾਰੀਆਂ ਚੀਜ਼ਾਂ ਨਜ਼ਰੀ ਪਈਆਂ ਪਰ ਅੰਧਵਿਸ਼ਵਾਸ ਦੀ ਪੱਟੀ ਬੰਨੀ ਮਨ ਕੁਝ ਵੀ ਮੰਨਣ ਨੂੰ ਤਿਆਰ ਨਹੀ ਸੀ। ਉੱਥੇ ਵਿਕਦੀਆਂ ਕਿਤਾਬਾਂ ਦੇ ਰੇਟ ਤਿੰਨ ਤਿੰਨ ਗੁਣਾ ਵਧਾ ਚੜਾਕੇ ਪ੍ਰੇਮੀਆਂ ਨੂੰ ਵੇਚੇ ਜਾਂਦੇ ਸੀ। ਕਿੱਲੋ ਕਿੱਲੋ ਸਬਜ਼ੀ ਹਜ਼ਾਰਾਂ ਦੇ ਦਾਮ ਤੇ ਵੇਚੀ ਜਾਂਦੀ ਰਹੀ। ਫੇਰ ਜਦੋਂ ਪੱਤਰਕਾਰ ਛੱਤਰਪਤੀ ਨੂੰ ਮਾਰਨ ਲਈ ਬੰਦਿਆਂ ਨੂੰ ਡੇਰੇ ਅੰਦਰ ਰਿਵਾਲਵਰ ਦੀ ਟਰੇਨਿੰਗ ਦਿੱਤੀ ਗਈ ਉਹ ਮੈਂ ਅੱਖੀਂ ਵੇਖੀ ਫੇਰ ਕਤਲ ਤੋਂ ਮਗਰੋਂ ਓਹੀ ਬੰਦੇ ਪਕੜੇ ਗਏ ਫੇਰ ਮਨ ਨੂੰ ਯਕੀਨ ਹੋਇਆ ਕਿ ਇੱਥੇ ਰੱਬ ਨਹੀ ਯੱਭ ਹੈ। ਉਸਤੋਂ ਬਾਅਦ ਅਸੀ ਡੇਰੇ ਤੋਂ ਪਿੱਛੇ ਹਟੇ ਹਾਂ ਜੀ।

ਸਵਾਲ- ਬਹੁਤ ਸਾਰੇ ਤੁਹਾਡੇ ਵਰਗੇ ਸੱਜਣ ਰਾਮ ਰਹੀਮ ਦੇ ਪਾਜ਼ ਉਘੇੜਨ ਵਾਸਤੇ ਅੱਗੇ ਵੀ ਆਏ ਲੇਕਿਨ ਓਹਦੇ ਅੰਨੇ ਭਗਤ ਹਾਲੇ ਵੀ ਮੰਨਣ ਨੂੰ ਤਿਆਰ ਨਹੀ..?

ਜਵਾਬ- ਜਿਨ੍ਹਾਂ ਵੀ ਸੱਜਣਾਂ ਨੇ ਹੁਣ ਤੱਕ ਤੱਥਾਂ ਦੇ ਅਧਾਰਤ ਸਿਰਸੇ ਸਾਧ ਦੇ ਰਾਜ ਲੋਕਾਂ ਸਾਹਮਣੇ ਲਿਆਂਦੇ ਸਭਨਾਂ ਨੂੰ ਸਿਜਦਾ। ਹਾਲੇ ਵੀ ਲੋੜ ਹੈ ਉਹਨਾਂ ਬੱਚੀਆ ਨੂੰ ਅੱਗੇ ਆਉਣ ਦੀ ਜਿਨ੍ਹਾਂ ਦਾ ਇਹਨੇ ਸ਼ਰੀਰਕ ਸ਼ੋਸ਼ਣ ਕੀਤਾ ਜਾਂ ਜਿਹੜੇ ਲੋਕਾਂ ਦੀਆਂ ਜ਼ਮੀਨਾਂ ਤੇ ਇਹਨੇ ਧੱਕੇ ਨਾਲ ਕਬਜ਼ਾ ਕੀਤਾ ਤਾਂ ਜੋ ਇਹਦੇ ਝਾਂਸੇ ਵਿੱਚ ਫਸੇ ਪ੍ਰੇਮੀਆਂ ਦੀਆਂ ਅੱਖਾਂ ਤੋਂ ਪੱਟੀ ਖੁੱਲ੍ਹ ਸਕੇ।

ਸਵਾਲ- ਕੋਈ ਸ਼ਰੀਰਕ ਸ਼ੋਸ਼ਣ ਦੀ ਘਟਨਾ ਜੋ ਤੁਸੀ ਡੇਰੇ ਅੰਦਰ ਅੱਖੀ ਵੇਖੀ ਹੋਵੇ..?



ਭਾਈ ਗੁਰਦਾਸ ਸਿੰਘ ਤੂਰ ਨਾਲ ਮੁਲਾਕਾਤ ਸਮੇਂ ਪੱਤਰਕਾਰ ਗੁਰਿੰਦਰਜੀਤ ਸਿੰਘ "ਨੀਟਾ ਮਾਛੀਕ"

ਜਵਾਬ- ਨਹੀ ਰਾਮ ਰਹੀਮ ਨੂੰ ਮੈਂ ਗਲਤ ਕੰਮ ਕਰਦਿਆਂ ਅੱਖੀਂ ਨਹੀ ਵੇਖਿਆ ਪਰ ਕੰਨੀ ਸੁਣਿਆ ਕਾਫ਼ੀ ਕੁਛ ਹੈ। ਰਾਤ ਨੂੰ ਗੁੱਫਾ ਅੱਗੇ ਮੇਰਾ ਪਹਿਰਾ ਹੁੰਦਾ ਸੀ ਰਾਤ ਨੂੰ ਇੱਕ ਡੇਢ ਵਜੇ ਕੁੜੀ ਦੀ ਪਤਲੀ ਜਿਹੀ ਚੀਕਣ ਦੀ ਅਵਾਜ਼ ਕੰਨੀ ਪੈਣੀ ਸੋਚਣਾ ਸ਼ਾਇਦ ਨੇੜੇ ਦੇ ਬੇਗੂ ਪਿੰਡ ਜਾ ਨੇਜਿਆ ਪਿੰਡ ਤੋਂ ਕੋਈ ਅਵਾਜ਼ ਕੰਨੀ ਪੈ ਰਹੀ ਹੈ। ਕਦੇ ਸੋਚਿਆ ਹੀ ਨਹੀ ਸੀ ਕਿ ਰੱਬ ਦੇ ਨਾਮ ਤੇ ਚੱਲ ਰਹੇ ਡੇਰੇ ਅੰਦਰ ਇਹ ਕੁਝ ਹੁੰਦਾ ਹੋਵੇਗਾ..! ਫੇਰ ਇੱਕ ਦਿਨ ਰਾਤ ਨੂੰ ਗੁੱਫਾ ਅੰਦਰੋਂ ਅੱਧੀ ਰਾਤੀ ਇੱਕ ਕੁੜੀ ਨੂੰ ਬਾਹਰ ਆਉਦਿਆਂ ਵੇਖਿਆ ਤੇ ਮਗਰੇ ਰਾਮ ਰਹੀਮ ਆ ਗਿਆ ਸਾਡੇ ਬਿਨਾਂ ਪੁੱਛਣ ਤੋਂ ਬੋਲਿਆ ਚਿੱਠੀਆਂ ਪੜ੍ਹ ਰਹੇ ਸਾਂ। ਫੇਰ ਡੇਰੇ ਤੋਂ ਬਾਹਰ ਆਕੇ ਜਦੋਂ ਘੋਖ ਕੀਤੀ ਉਹਨਾਂ ਸਾਧਵੀਆਂ ਦੇ ਪਰਿਵਾਰਾਂ ਨੂੰ ਮਿਲੇ ਉਹਨਾਂ ਰੋ ਰੋ ਸਾਰੀ ਵਿੱਥਿਆ ਸੁਣਾਈ ਤਾਂ ਮਾਜਰਾ ਸਮਝ ਵਿੱਚ ਆਇਆ ਕਿ ਅਸੀ ਬਲਾਤਕਾਰੀ ਦਾ ਪਹਿਰਾ ਦਿੰਦੇ ਰਹੇ..! ਬਾਕੀ ਰਹਿੰਦੀ ਖੂੰਹਦੀ ਕਸਰ ਪੁਲਿਸ ਸਰਚ ਅਪ੍ਰੇਸ਼ਨ ਦੌਰਾਂਨ ਗੁੱਫਾ ਤੋਂ ਕੁੜੀਆਂ ਦੇ ਹੋਸਟਲਾਂ ਨੂੰ ਜਾਂਦੇ ਚੋਰ ਦਰਵਾਜ਼ਿਆਂ ਨੇ ਕੱਢ ਦਿੱਤੀ। ਬਾਕੀ ਰਾਮ ਰਹੀਮ ਤੇ ਇਲਜ਼ਾਮ ਕਿਸੇ ਬਾਹਰਲੇ ਨੇ ਨਹੀ ਸਗੋਂ ਆਪਣਿਆ ਨੇ ਲਾਏ ਹਨ। ਸਾਧ ਜਾਂ ਸਾਧਵੀ ਉਹਨੂੰ ਬਣਾਇਆਂ ਜਾਂਦਾ ਸੀ ਜਿਹੜੇ ਸਾਧ ਦੇ ਪੂਰੇ ਭਰੋਸੇ ਵਿੱਚ ਆ ਜਾਂਦੇ ਸੀ।

ਸਵਾਲ- ਪਤਾ ਲੱਗਿਆ ਕਿ ਅਗਰ ਕੋਈ ਸਾਧਵੀ ਕੁਕਰਮ ਕਰਨ ਤੋਂ ਜਵਾਬ ਦੇ ਦਿੰਦੀ ਸੀ ਉਸਦੀ ਕੁੱਟ-ਮਾਰ ਕੀਤੀ ਜਾਂਦੀ ਸੀ..?

ਜਵਾਬ- ਸਾਧਵੀਆਂ ਹੀ ਵਿੱਚੋਂ ਗੰਢੀਆ ਹੋਈਆ ਸੀ ਜਿਹੜੀ ਜਵਾਬ ਦੇ ਦਿੰਦੀ ਸੀ ਓਹਦੀ ਤਾਂ ਕੁੱਟ-ਮਾਰ ਹੁੰਦੀ ਹੀ ਸੀ..! ਜਿਹੜੀ ਬਾਹਰ ਆਕੇ ਮੂੰਹ ਖੋਲ੍ਹਦੀ ਸੀ ਉਸਦੀ ਵੀ ਹਨੀਪ੍ਰੀਤ ਵਰਗੀਆਂ ਦੇ ਕਹਿਣ ਤੇ ਖ਼ੂਬ ਤੌਣੀ ਲਗਦੀ ਸੀ, ਇੱਥੋਂ ਤੱਕ ਕਿ ਇੱਕ ਸਾਧਵੀ ਦੀ ਰੀੜ ਦੀ ਹੱਡੀ ਨੁਕਸਾਨੀ ਜਾਣ ਕਰਕੇ ਉਹ ਉਮਰ ਭਰ ਲਈ ਮੰਜੇ ਤੇ ਪਾ ਦਿੱਤੀ ਗਈ।

ਸਵਾਲ- ਸਾਧੂਆਂ ਨੂੰ ਕੀ ਕਹਿਕੇ ਨਿਪੁੰਨਸਕ ਬਣਾਇਆਂ ਜਾਂਦਾ ਸੀ..?

ਜਵਾਬ- ਇਹ ਇੱਕ ਛੋਟਾ ਜਿਹਾ ਅਪ੍ਰੇਸ਼ਨ ਹੈ। ਤੇਰਾ ਮਨ ਤੈਨੂੰ ਕਾਮ-ਵਾਸਨਾ ਕਰਕੇ ਤੰਗ ਨਹੀ ਕਰੇਗਾ ਤੇ ਤੇਰੀ ਮਾਲਕ ਨਾਲ ਓੜਕ ਨਿੱਭ ਜਾਵੇਗੀ, ਜਦੋਂ ਤੇਰਾ ਜੀਅ ਕਰੇ ਤੂੰ ਦੁਬਾਰ ਤੋਂ ਸਧਾਰਨ ਰੂਪ ਵਿੱਚ ਆ ਸਕੇਗਾ। ਇਹ ਤਾਂ ਬਾਅਦ ਵਿੱਚ ਪਤਾ ਲੱਗਾ ਕਿ ਪਤਾਲੂ ਹੀ ਕੱਢ ਸੁੱਟੇ ਨੇ 'ਤੇ ਬੰਦੇ ਦੇ ਸਰੀਰ ਵਿੱਚ ਜ਼ਨਾਨਾ ਗੁਣ ਆਉਣੇ ਸ਼ੁਰੂ ਹੋਣ ਲੱਗਦੇ ਸਨ। ਇਹ ਸਾਰਾ ਕੁਝ ਇਸ ਕਰਕੇ ਕੀਤਾ ਜਾਂਦਾ ਸੀ ਕਿ ਸਾਧੂ ਡੇਰਾ ਛੱਡਕੇ ਕਦੇ ਵੀ ਘਰ ਵਾਪਸੀ ਨਾਂ ਕਰ ਸਕਣ 'ਤੇ ਡੇਰੇ ਦੇ ਰਹਿਮੋ ਕਰਮ ਤੇ ਜੀਵਨ ਬਸਰ ਕਰਨ ਲਈ ਮਜਬੂਰ ਹੋ ਜਾਣ।

ਸਵਾਲ- ਗੋਰੇ ਨਾਮ ਦੇ ਸਖਸ਼ ਨੂੰ ਗੋਲੀ ਮਾਰਕੇ ਡੇਰੇ ਵਿੱਚ ਖਪਾਉਣ ਦਾ ਮੁੱਦਾ ਵੀ ਭਖਿਆ ਰਿਹਾ, ਕੀ ਹੈ ਇਹ ਪੂਰਾ ਮਾਮਲਾ..?

ਜਵਾਬ- ਜਤਿੰਦਰ ਉਰਫ ਗੋਰਾ..! ਮੈਂ, ਗੋਰਾ ਤੇ ਸਾਡਾ ਇੱਕ ਹੋਰ ਸਾਥੀ ਅਸੀ ਨਿਪੁੰਨਸਕ ਸਾਧੂਆਂ ਤੇ ਬਾਬੇ ਦੇ ਹੋਰ ਕੁਕਰਮਾਂ ਦੀਆਂ ਲਿਸਟਾਂ ਤਿਆਰ ਕਰ ਰਹੇ ਸੀ ਕਿ ਡੇਰੇ ਦੇ ਇੱਕ ਸਾਧੂ ਫੁੱਲ ਨੇ ਸਾਨੂੰ ਵੇਖ ਲਿਆ। ਗੋਰੇ ਦਾ ਤੇ ਸਾਡੇ ਤੀਸਰੇ ਮਿੱਤਰ ਦਾ ਤਾਂ ਓਦੋਂ ਹੀ ਰੰਗ ਉੱਡ ਗਿਆ। ਮੈਂ ਤੇ ਦੂਸਰਾ ਮਿੱਤਰ ਅਸੀ ਤਾਂ ਮੁੜਕੇ ਡੇਰੇ ਨਹੀ ਗਏ ਪਰ ਗੋਰੇ ਨੂੰ ਭੇਚਲਕੇ ਇਹ ਡੇਰੇ ਲੈ ਗਏ ਤੇ ਉਸਨੂੰ ਗਾਇਬ ਕਰ ਦਿੱਤਾ ਗਿਆ। ਭਰੋਸੇਯੋਗ ਸੂਤਰਾਂ ਨੇ ਦੱਸਿਆ ਕਿ ਗੋਰੇ ਲਈ ਜਿਉਂਦੇ ਜੀਅ ਚਿੱਖਾ ਤਿਆਰ ਕੀਤੀ ਗਈ ਤੇ ਫੇਰ ਓਹਦੇ ਤਿੰਨ ਗੋਲੀਆਂ ਮਾਰਕੇ ਮੌਤ ਦੇ ਘਾਟ ਉਤਾਰਕੇ ਚਿੱਖਾ ਤੇ ਲਿਟਾ ਦਿੱਤਾ ਗਿਆ ਬਾਅਦ ਵਿੱਚ ਮੇਰੇ ਤੇ ਮੇਰੇ ਸਾਥੀ ਤੇ ਗੋਰੇ ਦੇ ਕਤਲ ਦਾ ਕੇਸ ਪਾ ਦਿੱਤਾ ਗਿਆ। ਫੇਰ ਲਾਈ ਡੀਟੈਕਟਰ ਟੈਸਟ ਹੋਣ ਤੋਂ ਬਾਅਦ 'ਚ ਸਾਡਾ ਖਹਿੜਾ ਸੁੱਟਿਆ।

ਸਵਾਲ- ਜਿਵੇਂ ਛੱਤਰਪਤੀ ਦਾ ਕਤਲ, ਗੋਰੇ ਦਾ ਕਤਲ, ਰਣਜੀਤ ਸਿੰਘ ਦਾ ਕਤਲ ਮਤਲਬ ਕਿ ਜੀਹਨੇ ਵੀ ਸੌਦਾ ਸਾਧ ਖ਼ਿਲਾਫ਼ ਅਵਾਜ਼ ਬੁਲੰਦ ਕਰਨ ਦੀ ਕੋਸ਼ਿਸ਼ ਕੀਤੀ ਹਰ ਕਿਸੇ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ, ਕੀ ਤੁਹਾਡੇ ਤੇ ਵੀ ਕੋਈ ਜਾਨਲੇਵਾ ਹਮਲਾ ਹੋਇਆ ਜਾ ਧਮਕੀਆਂ ਵਗੈਰਾ ਆਈਆਂ..?

ਜਵਾਬ- ਸ਼ਬਦੀ ਹਮਲੇ ਤਾਂ ਹਰ ਰੋਜ਼ ਹੀ ਫੇਸਬੁੱਕ, ਵੱਟਸਐਪ ਜਾ ਫ਼ੋਨ ਜਰੀਏ ਹੁੰਦੇ ਰਹਿੰਦੇ ਨੇ..! ਮੈਨੂੰ ਹਰਿਆਣਾ ਸਰਕਾਰ ਵੱਲੋਂ ਸਿਕਿਉਰਿਟੀ ਮਿਲੀ ਹੋਈ ਹੈ ਜਿਸ ਕਰਕੇ ਸਰੀਰਕ ਹਮਲੇ ਤੋਂ ਹਾਲੇ ਤੱਕ ਬਚਾਅ ਹੈ। ਹਾਂ ਘਰ ਦੇ ਸੀ ਸੀ ਟੀ ਵੀ ਕੈਮਰੇ ਵੀ ਇੱਕ ਵਾਰ ਟੁੱਟ ਚੁੱਕੇ ਹਨ। ਘਰੋਂ ਬਾਹਰ ਖੜੀ ਕਾਰ ਦਾ ਨੁਕਸਾਨ ਵੀ ਕਰ ਚੁੱਕੇ ਨੇ ਲੇਕਿਨ ਜੋ ਮਰਜ਼ੀ ਕਰ ਲੈਣ ਇਹ ਜੰਗ ਅਖੀਰ ਤੱਕ ਜਾਰੀ ਰਹੇਗੀ।

ਸਵਾਲ- ਰਾਮ ਰਹੀਮ ਨੂੰ ਜੇਲ੍ਹ ਪਹੁੰਚਾਉਣ ਅਤੇ ਪੰਚਕੂਲਾ ਵਿੱਚ ਹੋਈ ਹਿੰਸਾ ਨੂੰ ਤੁਸੀ ਕਿਵੇਂ ਵੇਖਦੇ ਹੋਂ..?

ਜਵਾਬ-ਸਭ ਤੋਂ ਪਹਿਲਾ ਉਹਨਾਂ ਦੋ ਭੈਣਾਂ ਨੂੰ ਸਲਾਮ ਜਿਹੜੀਆਂ ਅਖੀਰ ਤੱਕ ਆਪਣੇ ਸਟੈਂਡ ਤੇ ਕਾਇਮ ਰਹੀਆਂ ਦੂਸਰਾ ਸੀਬੀਆਈ ਅਫਸਰਾਂ ਨੂੰ ਸਿਜਦਾ ਜਿੰਨਾਂ ਬਹੁਤ ਬਰੀਕੀ ਨਾਲ ਕੇਸ ਛਾਣਿਆ ਤੇ ਤੀਜਾ ਜੱਜ ਜਗਦੀਪ ਸਿੰਘ ਜਿਸਨੇ ਬਿਨ੍ਹਾਂ ਕਿਸੇ ਪਰੈਸ਼ਰ ਦੇ ਫੈਸਲਾ ਸੁਣਾਇਆ। ਸਰਕਾਰ ਨੂੰ ਪਤਾ ਸੀ ਕਿ ਇਹਨੂੰ ਡੇਰੇ ਚੋਂ ਬਾਹਰ ਕੱਢਣਾ ਬਹੁਤ ਜ਼ਰੂਰੀ ਸੀ ਸ਼ਾਇਦ ਇਸੇ ਕਰਕੇ 2017 ਵਿੱਚ ਸਾਧ ਦੀਆਂ 38 ਤਰੀਕਾਂ ਪਈਆਂ ਜੀਹਦੇ ਵਿੱਚੋਂ ਸਿਰਫ 5 ਤਰੀਕਾਂ ਤੇ ਇਹਨੂੰ ਕੋਰਟ ਵਿੱਚ ਸੱਦਿਆ ਗਿਆ ਇਸੇ ਕਰਕੇ ਸਾਧ ਪੂਰੇ ਆਤਮ ਵਿਸ਼ਵਾਸ ਵਿੱਚ ਸੀ ਕਿ ਫ਼ੈਸਲੇ ਵਾਲੀ ਤਰੀਕ ਤੇ ਮੈਂ ਬਰੀ ਹੋ ਹੀ ਜਾਣਾ ਹੈ ਲੇਕਿਨ ਫੈਸਲਾ ਸੁਣਦੇ ਸਾਰ ਇਹਦੇ ਫ਼ਿਊਜ਼ ਉੱਡ ਗਏ। ਇਹਨੇ ਟੀਵੀ ਚੈਨਲਾਂ ਜ਼ਰੀਏ ਸਰਕਾਰ ਨੂੰ ਅਗਾਹ ਕੀਤਾ ਸੀ ਕਿ ਅਗਰ ਮੈਨੂੰ ਸਜ਼ਾ ਹੋਈ ਤਾਂ ਮੈਂ ਹਿੰਦੁਸਤਾਨ ਨੂੰ ਦੁਨੀਆਂ ਦੇ ਨਕਸ਼ੇ ਤੋਂ ਮਿੱਟਾ ਦਿਆਂਗਾ। ਇਹਨਾਂ ਨੇ ਤਿਆਰੀ ਬਹੁਤ ਵੱਡੀ ਕੀਤੀ ਸੀ ਲੇਕਿਨ ਜੱਜ ਸਾਬ੍ਹ ਦੀ ਸੂਝ ਬੂਝ ਨਾਲ ਇਹਨੂੰ ਡੇਰੇ ਚੋਂ ਬਾਹਰ ਕੱਢਣ ਕਰਕੇ ਇਹਦੀ ਸ਼ਕਤੀ ਬੁਰੀ ਤਰਾਂ ਨਾਲ ਤਬਾਹ ਹੋ ਗਈ। ਪੰਚਕੂਲਾ ਵਿੱਚ ਜੋ ਕੁਝ ਦਿੱਸਿਆ ਉਹ ਤਾਂ ਇੱਕ ਟ੍ਰੇਲਰ ਸੀ। ਅਰਧ ਸੈਨਿਕ ਬਲਾਂ ਦੀ ਹੁਸ਼ਿਆਰੀ ਕਰਕੇ ਇਹ ਚੰਡੀਗੜ੍ਹ ਵੱਲ ਨੂੰ ਕੂਚ ਕਰਨ ਚੋਂ ਅਸਮਰਥ ਰਹੇ ਨਹੀ ਨੁਕਸਾਨ ਜ਼ਿਆਦਾ ਹੋਣਾ ਸੀ।

ਸਵਾਲ- ਕੀ ਜੇ ਸਰਚ ਅਪ੍ਰੇਸ਼ਨ ਰਾਮ ਰਹੀਮ ਦੀ ਗ੍ਰਿਫ਼ਤਾਰੀ ਦੇ ਤੁਰੰਤ ਬਾਅਦ 'ਚ ਸ਼ੂਰੂ ਕੀਤਾ ਜਾਂਦਾ ਤਾਂ ਹੋਰ ਵੀ ਵੱਡੇ ਖੁਲਾਸੇ ਸਾਹਮਣੇ ਆਉਦੇ..?

ਜਵਾਬ- ਖੁਲਾਸੇ ਤਾਂ ਬਹੁਤ ਵੱਡੇ ਹੁੰਦੇ ਲੇਕਿਨ ਜਾਨੀ ਨੁਕਸਾਨ ਬਹੁਤ ਹੋ ਜਾਣਾ ਸੀ। ਕਿਉਂਕੇ ਉਸ ਸਮੇਂ ਰੋਹ ਵਿੱਚ ਭਰੇ ਹੋਏ ਵੱਡੀ ਗਿਣਤੀ ਵਿੱਚ ਪ੍ਰੇਮੀ ਡੇਰੇ ਅੰਦਰ ਮਜੂਦ ਸਨ, ਇਸੇ ਕਰਕੇ ਹੌਲੀ ਹੌਲੀ ਪ੍ਰੇਮੀਆਂ ਨੂੰ ਓਥੋਂ ਕੱਢਕੇ ਫੇਰ ਵੀ ਪੁਲਿਸ ਪੰਜ ਹਜ਼ਾਰ ਜਵਾਨਾਂ ਨੂੰ ਤਿਆਰ ਕਰਕੇ ਡੇਰੇ ਅੰਦਰ ਦਾਖਲ ਹੋਈ ਇਹਨੇ ਸਮੇਂ ਵਿੱਚ ਬਹੁਤ ਸਾਰੀਆਂ ਥਾਵਾਂ ਤੋਂ ਡੇਰਾ ਖੁੱਲ੍ਹਾ ਸੀ ਤੇ ਬਹੁਤ ਸਾਰਾ ਧਨ ਤੇ ਅਪੱਤੀ ਜਨਕ ਚੀਜ਼ਾਂ ਨੂੰ ਡੇਰੇ ਦੇ ਪ੍ਰਬੰਧਕ ਠਿਕਾਣੇ ਲਾਉਣ 'ਚ ਕਾਮਯਾਬ ਰਹੇ।

ਸਵਾਲ- ਹਨੀਪ੍ਰੀਤ 38 ਦਿਨ ਪੁਲਿਸ ਦੀ ਗ੍ਰਿਫ਼ਤ ਤੋਂ ਬਾਹਰ ਰਹੀ ਆਖਰ ਇੰਨੇ ਦਿਨ ਉਹ ਕਿੱਥੇ ਸੀ ਤੇ ਕਿੰਨੇ ਕੁ ਡੇਰੇ ਦੇ ਰਾਜ ਉਹ ਛੁਪਾਈ ਫਿਰਦੀ ਹੈ..?

ਜਵਾਬ- ਹਨੀਪ੍ਰੀਤ ਨੂੰ 38 ਦਿਨ ਤੱਕ ਡੇਰੇ ਦੇ ਖ਼ਾਸ ਬੰਦਿਆਂ ਅਤੇ ਵਕੀਲਾਂ ਤੋਂ ਟਰੇਨਿੰਗ ਦਵਾਈ ਗਈ ਹੈ ਕਿ ਪੁਲਿਸ ਦੇ ਸਵਾਲਾਂ ਨੂੰ ਕਿਵੇਂ ਹੈਂਡਲ ਕਰਨਾ ਹੈ ਕਿਉਕੇ ਹਨੀ ਬਾਬੇ ਦੀ ਬਹੁਤ ਖਾਸਮ ਖ਼ਾਸ ਸੀ ਉਹ ਬਾਬੇ ਦੇ ਨਾਲ ਹਰ ਵਕਤ ਪਰਛਾਵੇਂ ਵਾਂਗ ਨਾਲ ਰਹਿੰਦੀ ਸੀ, ਇੱਥੋਂ ਤੱਕ ਕਿ ਸਾਂਉਦੀ ਵੀ ਬਾਬੇ ਦੇ ਆਲੀਸ਼ਾਨ ਕਮਰੇ ਵਿੱਚ ਸੀ ਇਸ ਕਰਕੇ ਰਾਜ਼ ਤਾਂ ਓਹਦੇ ਕੋਲ ਬਥੇਰੇ ਨੇ ਹੁਣ ਵੇਖਣਾ ਹੋਵੇਗਾ ਪੁਲਿਸ ਕਿੰਨੀ ਕੁ ਸਖ਼ਤੀ ਨਾਲ ਉਸਤੋਂ ਪੁੱਛ-ਗਿੱਛ ਕਰਦੀ ਹੈ ਤੇ ਕੀ ਓਹਦਾ ਮੂੰਹ ਖੁਲਵਾਉਣ ਵਿੱਚ ਸਫਲ ਹੁੰਦੀ ਹੈ ਕਿ ਨਹੀ।

ਸਵਾਲ- ਅਮਰੀਕਨ ਪੰਜਾਬੀ ਮੀਡੀਓ ਤੋਂ ਕੀ ਉਮੀਦ ਹੈ ਕੀ ਆਸ ਲੈਕੇ ਆਏ ਹੋਂ..?

ਜਵਾਬ- ਇੱਥੇ ਪ੍ਰੈਸ ਅਜ਼ਾਦ ਹੈ ਮੀਡੀਆ ਸਾਨੂੰ ਆਪਣੀ ਗੱਲ ਰੱਖਣ ਲਈ ਮੰਚ ਪ੍ਰਦਾਨ ਕਰਦਾ ਹੈ। ਇੰਡੀਆ ਵਿੱਚ ਸਾਨੂੰ ਮੀਡੀਏ ਵਾਲੇ ਸਵਾਲ ਲਿਆਕੇ ਦੇ ਦਿੰਦੇ ਹਨ ਕਿ ਇਹਦੇ ਦਾਇਰੇ ਦੇ ਵਿੱਚ ਰਹਿਕੇ ਬੋਲਣਾ ਹੈ। ਲੇਕਿਨ ਇੱਥੇ ਅਸੀ ਖੁੱਲ੍ਹੇ ਸਵਾਲ ਜਵਾਬ ਕਰਕੇ ਦਿਲ ਦੀਆਂ ਗੱਲਾਂ ਮੀਡੀਏ ਜ਼ਰੀਏ ਲੋਕਾਂ ਤੱਕ ਪਹੁੰਚਾ ਸਕਦੇ ਹਾਂ। ਧੰਨਵਾਦ ਕਰਦਾ ਮੈਂ ਅਮੈਰਕਿਨ ਮੀਡੀਏ ਦਾ।

ਸਵਾਲ- ਅਖੀਰ 'ਚ ਕੋਈ ਸੁਨੇਹਾ ਜਾਂ ਕੀ ਕਹਿਣਾ ਚਾਹੋਗੇ..?

ਜਵਾਬ- ਖ਼ਾਸ ਕਰਕੇ ਜਿਹੜੇ ਪ੍ਰੇਮੀ ਹਾਲੇ ਵੀ ਇਹ ਕਹਿੰਦੇ ਹਨ ਕਿ ਸਾਡੇ ਬਾਬੇ ਨਾਲ ਧੱਕਾ ਹੋਇਆ। ਮੈਂ ਸਬੂਤਾਂ ਸਮੇਤ ਉਹਨਾਂ ਦੀਆਂ ਅੱਖਾਂ ਤੋਂ ਪੱਟੀ ਖੋਲ੍ਹ ਸਕਦਾ ਹਾਂ। ਜਿਹੜੀਆਂ ਬੱਚੀਆਂ ਨਾਲ ਇਸ ਬੂਬਣੇ ਨੇ ਖੇਹ ਖਾਧੀ ਹੈ ਮੈਂ ਉਹਨਾਂ ਨਾਲ ਪ੍ਰੇਮੀਆਂ ਨੂੰ ਮਿਲਵਾਕੇ ਉਹਨਾਂ ਦੇ ਸ਼ੰਕੇ ਦੂਰ ਕਰ ਸਕਦਾ ਹਾਂ ਜੇ ਕਿਸੇ ਵੀ ਨੂੰ ਸ਼ੱਕ ਦੀ ਗੁੰਜਾਇਸ਼ ਬਾਕੀ ਹੋਵੇ ਤਾਂ ਉਹ ਮੇਰੇ ਵਟਸਐਪ ਨੰਬਰ ਤੇ ਮੇਰੇ ਨਾਲ ਸੰਪਰਕ ਕਰਕੇ ਆਪਣੇ ਸ਼ੰਕੇ ਨਵਿਰਤ ਕਰ ਸਕਦਾ ਹੈ। ਮੇਰਾ ਨੰਬਰ 9255182900। ਇੱਕ ਹੋਰ ਬੇਨਤੀ ਹੈ ਕਿਰਪਾ ਕਰਕੇ ਐਨ ਆਰ ਆਈ ਵੀਰ ਇੱਕ ਕਮੇਟੀ ਬਣਾਉਣ ਤੇ ਨਿਪੁੰਨਸਕ ਬਣਕੇ ਗੁੰਮਨਾਮ ਜ਼ਿੰਦਗੀ ਬਤੀਤ ਕਰ ਰਹੇ ਸਾਧ ਪੀੜਤ ਵੀਰਾਂ ਦੀ ਆਪਾਂ ਮੈਡੀਕਲ ਤੌਰ ਤੇ ਜਾਂ ਕਿਵੇਂ ਨਾਂ ਕਿਵੇਂ ਉਹਨਾਂ ਦੀ ਮੱਦਦ ਕਰ ਸਕੀਏ। ਸ਼ੁਕਰੀਆ ਜੀ

**ਮੁਲਾਕਾਤੀ ਪੱਤਰਕਾਰ ਗੁਰਿੰਦਰਜੀਤ ਸਿੰਘ**
**"ਨੀਟਾ ਮਾਛੀਕੇ" ਫਰਿਜ਼ਨੋ 559-333-5776**

# ਖਤਮ ਨਹੀਂ ਹੋ ਸਕਿਆ ਜਾਤੀਵਾਦ



ਦਰਸ਼ਨ ਸਿੰਘ ਬਾਜਵਾ
(91-98783-83053)

ਬ੍ਰਾਹਮਣ ਮਨੂੰ ਨੇ 'ਮਨੂੰ ਸਿੰਮ੍ਰਤੀ' ਰਾਹੀਂ ਸਮਾਜਿਕ ਕਾਨੂੰਨ ਦਾ ਐਸਾ ਬ੍ਰਹਮ ਅਸਤਰ ਤਿਆਰ ਕੀਤਾ ਹੈ ਜਿਹੜਾ ਸਦੀਆਂ ਬੀਤ ਜਾਣ ਤੋਂ ਪਿੱਛੋਂ ਵੀ ਅਜੇ ਤੱਕ ਭਾਰਤੀ ਸਮਾਜ 'ਤੇ ਅਸਰ ਦਿਖਾ ਰਿਹਾ ਹੈ ਅਤੇ ਲੋਕਾਂ ਨੂੰ ਇਸ ਮੱਕੜ ਜਾਲ਼ ਵਿੱਚੋਂ ਨਿੱਕਲਣ ਨਹੀਂ ਦੇ ਰਿਹਾ। ਇਸ ਮੱਕੜ ਜਾਲ਼ ਵਿੱਚ ਉਲ਼ਝ ਕੇ ਸਾਡਾ ਦੇਸ਼ ਅੱਜ ਦੇ ਵਿਗਿਆਨਕ ਆਖੇ ਜਾਣ ਵਾਲ਼ੇ ਯੁੱਗ ਵਿੱਚ ਵੀ 19ਵੀਂ ਸਦੀ ਵਿੱਚ ਵਿਚਰ ਰਿਹਾ ਮਹਿਸੂਸ ਹੁੰਦਾ ਹੈ। ਸਮੁੱਚੇ ਦੇਸ਼ ਵਿੱਚ ਭਾਜਪਾ ਦੀ ਵਿਚਾਰਧਾਰਾ ਦਾ ਬੋਲਬਾਲਾ ਹੋ ਜਾਣ ਕਾਰਨ ਹਿੰਦੂਵਾਦ ਦਾ ਪ੍ਰਚਾਰ ਪ੍ਰਸਾਰ ਵਧ ਗਿਆ ਹੈ। ਹੁਣ ਸਰਕਾਰ ਦੀ ਸਹਿਮਤੀ ਨਾਲ਼ ਸ਼ੁੱਧ ਆਰੀਅਨ ਨਸਲ ਤਿਆਰ ਕਰਨ ਦੀਆਂ ਤਿਆਰੀਆਂ ਹੋ ਰਹੀਆਂ ਹਨ। ਸੁਣਨ ਵਿੱਚ ਆਇਆ ਹੈ ਕਿ ਇਸ ਤਰ੍ਹਾਂ ਦੀ ਕਾਰਵਾਈ ਗੁਜਰਾਤ ਤੋਂ ਸ਼ੁਰੂ ਵੀ ਹੋ ਚੁੱਕੀ ਹੈ। ਜਦੋਂ ਦੁਨੀਆਂ ਦੇ ਵਿਗਿਆਨਕ ਚੰਨ 'ਤੇ ਜਾਣ ਪਿੱਛੋਂ ਮਨੁੱਖੀ ਵਸੋਂ ਦੇ ਰਹਿਣ ਯੋਗ ਹੋਰ ਧਰਤੀਆਂ ਦੀ ਖੋਜ ਕਰਨ ਵਿੱਚ ਲੱਗੇ ਹੋਏ ਹਨ ਤਾਂ ਸਾਡੇ ਦੇਸ਼ ਵਿੱਚ ਗਊ ਮਾਸ ਖਾਣ ਜਾਂ ਘਰ ਵਿੱਚ ਰੱਖਣ ਦੇ ਸ਼ੱਕ ਪਿੱਛੇ ਕਤਲ ਹੋ ਰਹੇ ਹਨ। ਮੀਡੀਆ ਜਿਸ ਦਾ ਫ਼ਰਜ਼ ਸੀ ਕਿ ਉਹ ਲੋਕਾਂ ਨੂੰ ਸੱਚੀਆਂ ਖ਼ਬਰਾਂ ਦਿਖਾਉਣ ਦੇ ਨਾਲ਼-ਨਾਲ਼ ਵਿਗਿਆਨਕ ਸੋਚ ਦੇ ਪ੍ਰਚਾਰ ਵਿੱਚ ਹਿੱਸਾ ਪਾਵੇ ਉਹ ਵੀ ਹਿੰਦੂਵਾਦ ਦੇ ਰੰਗ ਵਿੱਚ ਹੀ ਰੰਗਿਆ ਦਿਖਾਈ ਦੇ ਰਿਹਾ ਹੈ। ਮੀਡੀਆ ਰਾਹੀਂ ਲੋਕਾਂ ਨੂੰ ਦਰਪੇਸ਼ ਅਸਲੀ ਮੁੱਦਿਆਂ ਨੂੰ ਛੱਡ ਕੇ ਉਹਨਾਂ ਗੱਲਾਂ ਨੂੰ ਸਨਸਨੀਖੇਜ਼ ਬਣਾ ਕੇ ਉਭਾਰਿਆ ਜਾ ਰਿਹਾ ਹੈ ਜਿੰਨ੍ਹਾਂ ਦੀ ਕੋਈ ਤੁਕ ਹੀ ਨਹੀਂ ਬਣਦੀ। ਇੱਕ ਟੀ.ਵੀ. ਚੈਨਲ ਵਾਲ਼ੇ ਲੋਕਾਂ ਨੂੰ ਗਊ ਦੇ ਗੋਬਰ ਦਾ ਵਿਗਿਆਨਕ ਅਧਾਰ ਦੱਸਦੇ ਹਨ। ਗਊ ਦੇ ਗੋਬਰ ਬਾਰੇ ਆਖਿਆ ਜਾ ਰਿਹਾ ਹੈ ਕਿ ਇਹ ਪ੍ਰਮਾਣੂੰ ਬੰਬ ਦੇ ਹਮਲੇ ਦੇ ਅਸਰ ਨੂੰ ਵੀ ਘਟਾ ਦਿੰਦਾ ਹੈ। ਕਦੇ ਅਸੀਂ ਤਸਵੀਰਾਂ ਦੇਖਦੇ ਹਾਂ ਕਿ ਕ੍ਰਿਕਟ ਮੈਦਾਨ ਦੀ ਪਿਚ ਤਿਆਰ ਕਰਕੇ ਕਾਮਯਾਬੀ ਹਾਸਲ ਕਰਨ ਲਈ ਬ੍ਰਾਹਮਣ ਪੁਜਾਰੀ ਤੋਂ ਹਵਨ ਕਰਵਾਇਆ ਜਾ ਰਿਹਾ ਹੈ। ਰੱਬੀ ਸ਼ਕਤੀ ਵਿੱਚ ਆਸਥਾ ਦੀ ਇਹ ਗੱਲ ਇੰਨੀ ਅੱਗੇ ਵਧੀ ਹੋਈ ਹੈ ਕਿ ਰੱਬ ਦੀ ਹੋਂਦ ਤੋਂ ਮੁਨਕਰ ਹੋਣ ਵਾਲ਼ੇ ਵਿਗਿਆਨੀਆਂ ਦੇ ਉਲਟ ਭਾਰਤੀ ਸਾਇੰਸਦਾਨ ਇਸ ਬਿਮਾਰੀ ਵਿੱਚ ਬੁਰੀ ਤਰ੍ਹਾਂ ਜੁਕੜੇ ਹੋਏ ਹਨ। ਇਸ ਲਈ ਇਸਰੋ ਦੇ ਵਿਗਿਆਨੀ ਜਦੋਂ ਕਦੇ ਕਿਸੇ ਉਪਗ੍ਰਹਿ ਨੂੰ ਪੁਲਾੜ ਵਿੱਚ ਭੇਜਦੇ ਹਨ ਤਾਂ ਉਹ ਬਕਾਇਦਾ ਬ੍ਰਾਹਮਣਾਂ ਨੂੰ ਬੁਲਾ ਕੇ ਪਹਿਲਾਂ ਹਿੰਦੂ ਰੀਤਾਂ ਅਨੁਸਾਰ ਹਵਨ ਪੂਜਾ ਕਰਵਾਉਂਦੇ ਹਨ। ਬ੍ਰਾਹਮਣ ਪੁਜਾਰੀ ਵੱਲੋਂ ਵੇਦ ਸ਼ਾਸਤਰਾਂ ਦੇ ਮੰਤਰ ਪੜ੍ਹੇ ਜਾਂਦੇ ਹਨ। ਇਸਰੋ ਦੇ ਸਾਰੇ ਸਾਇੰਸਦਾਨ ਤਿਲਕ ਲਾ ਕੇ, ਪਾਠ-ਪੂਜਾ ਕਰਨ ਅਤੇ ਨਾਰੀਅਲ ਫੋੜਨ ਜਿਹਾ ਕਰਮ ਕਾਂਡ ਕਰਦੇ ਹਨ ਅਤੇ ਫਿਰ ਆਪਣੇ ਕੰਮ ਦੀ ਸ਼ੁਰੂਆਤ ਕਰਦੇ ਹਨ। ਜਿਸ ਦੇਸ਼ ਦੇ ਸਾਇੰਸਦਾਨਾਂ ਦੀ ਹੀ ਅਜਿਹੀ ਪਿਛਾਂਹਖਿਚੂ ਸੋਚ ਹੋਵੇ ਉਸ ਦੇਸ਼ ਤੋਂ ਤਰੱਕੀ ਕਰਨ ਜਾਂ ਕਿਸੇ ਖੇਤਰ ਵਿੱਚ ਵਿਗਿਆਨਕ ਖੋਜਾਂ ਕਰਨ ਦੀ ਕੀ ਆਸ ਕੀਤੀ ਜਾ ਸਕਦੀ ਹੈ? ਵਿਗਿਆਨਕ ਯੁੱਗ ਵਿੱਚ ਵੀ ਭਾਰਤੀ ਸਮਾਜ 'ਤੇ ਜਾਤੀਵਾਦ ਇੰਨਾ ਹਾਵੀ ਹੈ ਕਿ ਕਈ ਵਾਰ ਹੈਰਾਨ ਕਰਨ ਵਾਲ਼ੀਆਂ ਖ਼ਬਰਾਂ ਸਾਡੇ ਕੋਲ਼ ਪਹੁੰਚਦੀਆਂ ਹਨ। ਇਹਨਾਂ ਖ਼ਬਰਾਂ ਵਿੱਚੋਂ ਇੱਕ ਖਬਰ ਹੈ ਮੁੰਬਈ ਵਿਖੇ ਇੱਕ ਪੜ੍ਹੀ-ਲਿਖੀ ਔਰਤ ਪਦਮਾ ਅਈਅਰ ਦੀ ਜੋ ਕੱਟੜ ਬ੍ਰਾਹਮਣ ਪਰਿਵਾਰ ਦੀ ਹੈ। ਉਸ ਦਾ ਬੇਟਾ ਹਰੀਸ਼ ਅਈਅਰ ਸਮਲਿੰਗੀ ਹੈ। ਜੇਕਰ ਹਰੀਸ਼ ਕਿਸੇ ਸਧਾਰਨ ਪਰਿਵਾਰ ਦਾ ਹੁੰਦਾ ਤਾਂ ਉਹ ਆਪਣੇ ਪਰਿਵਾਰ ਵਿੱਚ ਅਜਿਹੀ ਗੱਲ ਕਰਨ ਦੀ ਹਿੰਮਤ ਨਾ ਕਰ ਸਕਦਾ ਜਾਂ ਜੇ ਪਰਿਵਾਰ ਨੂੰ ਅਜਿਹਾ ਪਤਾ ਚੱਲਦਾ ਤਾਂ ਉਸ ਨੂੰ ਬੁਰਾ-ਭਲਾ ਕਿਹਾ ਜਾਂਦਾ ਜਾਂ ਬਦਨਾਮੀ ਦੇ ਡਰੋਂ ਕੁੱਟ ਕੇ ਚੁੱਪ ਕਰਵਾ ਦਿੱਤਾ ਜਾਂਦਾ। ਪਰਿਵਾਰ ਪੜ੍ਹਿਆ ਲਿਖਿਆ ਤੇ ਸੰਪੰਨ ਹੈ ਇਸ ਲਈ ਅਈਅਰ ਦੀ ਮਾਂ ਪਦਮਾ ਨੇ ਉਸਨੂੰ ਸਵਿਕਾਰ ਲਿਆ ਅਤੇ ਆਪਣੇ ਬੇਟੇ ਦੀ ਸ਼ਾਦੀ ਲਈ ਅਖ਼ਬਾਰ ਵਿੱਚ ਇਸ਼ਤਿਹਾਰ ਦਿੱਤਾ। ਇਸ਼ਤਿਹਾਰ ਦੇਣ ਵੇਲ਼ੇ ਲਿਖਿਆ ਗਿਆ ਕਿ ਬੇਟੇ ਲਈ ਲਾੜਾ ਚਾਹੀਦਾ ਹੈ। ਲੜਕਾ ਅਈਅਰ ਹੋਣਾ ਚਾਹੀਦਾ ਹੈ। ਕਿੰਨੇ ਅਫਸੋਸ ਦੀ ਗੱਲ ਹੈ ਕਿ ਇਹ ਪਰਿਵਾਰ ਆਪਣੇ ਸਮਲਿੰਗੀ ਪੁੱਤਰ ਲਈ ਸਮਾਜਿਕ ਮਰਿਆਦਾ ਦੇ ਉਲਟ ਜਾ ਕੇ ਲਾੜੇ ਦੀ ਮੰਗ ਕਰਦਾ ਹੋਇਆ ਵੀ ਆਪਣੀ ਜਾਤੀ ਦਾ ਖਹਿੜਾ ਨਹੀਂ ਛੱਡਦਾ।

ਹੁਣੇ ਹੀ ਇੱਕ ਆਈ.ਏ.ਐਸ. ਮਹਿਲਾ ਆਪਣੇ ਜਾਤੀਵਾਦੀ ਕਾਰਨਾਮੇ ਕਰਕੇ ਚਰਚਿਤ ਹੋਈ ਹੈ। ਇਸ ਅਫਸਰ ਦਾ ਨਾਮ ਹੈ ਡਾ: ਮੇਧਾ ਵਿਨਾਇਕ ਖੋਲੇ। ਇਹ ਫਜਿਕਸ ਵਿੱਚ ਐਮ.ਐਸ.ਸੀ. ਕਰਕੇ ਯੂ.ਪੀ.ਐਸ.ਸੀ. ਗਰੇਡ-ਏ ਵਿੱਚ ਪਾਸ ਕਰਕੇ ਆਈ.ਏ.ਐਸ. ਅਫਸਰ ਬਣਕੇ ਭਾਰਤੀ ਮੌਸਮ ਵਿਗਿਆਨ ਵਿਭਾਗ (ਆਈ.ਐਮ.ਡੀ.) ਪੂਨੇ ਵਿੱਚ ਡਿਪਟੀ ਡਾਇਰੈਕਟਰ ਦੇ ਅਹੁਦੇ 'ਤੇ ਰਹਿ ਚੁੱਕੀ ਹੈ। ਇੰਨੀ ਜ਼ਿਆਦਾ ਪੜ੍ਹਾਈ ਕਰਕੇ ਅਤੇ ਇੰਨੇ ਵੱਡੇ ਵਿਗਿਆਨਕ ਮਹੱਤਤਾ ਵਾਲ਼ੇ ਅਹੁਦੇ 'ਤੇ ਪਹੁੰਚ ਕੇ ਵੀ ਉਸਦੀ ਸੋਚ ਕਿੱਥੇ ਖੜ੍ਹੀ ਹੈ ਇਸ ਦਾ ਸਬੂਤ ਉਸਦੀਆਂ ਹੋਛੀਆਂ ਹਰਕਤਾਂ ਨੇ ਦਿੱਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਉਸਨੂੰ ਆਪਣੇ ਘਰ ਖਾਣਾ ਬਣਾਉਣ ਲਈ ਕਿਸੇ ਮਹਿਲਾ ਨੌਕਰਾਣੀ ਦੀ ਜ਼ਰੂਰਤ ਸੀ। ਉਸਦੀ ਸ਼ਰਤ ਸੀ ਕਿ ਅਜਿਹੀ ਮਹਿਲਾ ਸਿਰਫ਼ ਬ੍ਰਾਹਮਣ ਜਾਤੀ ਦੀ ਹੋਵੇ। ਫਿਰ ਉਸਨੂੰ ਇੱਕ ਮਹਿਲਾ ਮਿਲੀ ਜਿਸ ਨੇ ਆਪਣਾ ਨਾਮ ਨਿਰਮਲਾ ਕੁਲਕਰਣੀ ਦੱਸਿਆ। ਉਹ ਪਹਿਲਾਂ ਵੀ ਕਿਸੇ ਬ੍ਰਾਹਮਣ ਪਰਿਵਾਰ ਦੇ ਘਰ ਵਿੱਚ ਕੰਮ ਕਰਦੀ ਸੀ। ਡਾ: ਮੇਧਾ ਖੋਲੇ ਨੇ ਸਮਝ ਲਿਆ ਕਿ ਉਹ ਬ੍ਰਾਹਮਣੀ ਹੀ ਹੋਵੇਗੀ ਜਿਹੜੀ ਬ੍ਰਾਹਮਣਾਂ ਦੇ ਘਰ ਵਿੱਚ ਕੰਮ ਕਰਦੀ ਰਹੀ ਹੈ। ਇਸ ਲਈ ਉਸ ਨੇ ਨਿਰਮਲਾ ਨੂੰ ਆਪਣੇ ਘਰ ਰਸੋਈਏ ਵਜੋਂ ਨੌਕਰੀ 'ਤੇ ਰੱਖ ਲਿਆ। ਕਾਫੀ ਸਮੇਂ ਤੱਕ ਨਿਰਮਲਾ ਉਹਨਾਂ ਦੇ ਘਰ ਖਾਣਾ ਬਣਾਉਂਦੀਠੋਹੀ। ਡਾ: ਮੇਧਾ ਉਸਦੇ ਨੇਕ ਸੁਭਾਅ ਅਤੇ ਉਸ ਦੁਆਰਾ ਬਣਾਏ ਵਧੀਆ ਖਾਣੇ ਦੀ ਤਾਰੀਫ਼ ਵੀ ਕਰਦੀ ਰਹੀ।

ਕੁੱਝ ਸਮੇਂ ਬਾਅਦ ਡਾ: ਮੇਧਾ ਨੂੰ ਪਤਾ ਚੱਲਿਆ ਕਿ ਉਕਤ ਔਰਤ ਦਾ ਅਸਲੀ ਨਾਮ ਨਿਰਮਲ ਕੁਲਕਰਣੀ ਨਹੀਂ ਬਲਕਿ ਨਿਰਮਲਾ ਯਾਦਵ ਹੈ। ਭਾਵ ਕਿ ਉਹ ਬ੍ਰਾਹਮਣੀ ਨਹੀਂ ਮਰਾਠਾ ਜਾਧਵ ਹੈ। ਜਿਹੜੀ ਮਨੂੰ ਵਿਧਾਨ ਅਨੁਸਾਰ ਸ਼ੂਦਰ ਹੈ। ਉਸਨੂੰ ਇੰਨਾ ਜ਼ਿਆਦਾ ਗੁੱਸਾ ਆਇਆ ਕਿ ਉਸ ਨੇ ਨਿਰਮਲਾ ਜਾਧਵ ਦੇ ਖ਼ਿਲਾਫ਼ ਥਾਣੇ ਵਿੱਚ ਰਿਪੋਰਟ ਲਿਖਵਾ ਦਿੱਤੀ। ਮੇਧਾ ਦਾ ਆਰੋਪ ਹੈ ਕਿ ਨਿਰਮਲਾ ਨੇ 2016 ਵਿੱਚ ਖੁਦ ਨੂੰ ਬ੍ਰਾਹਮਣ ਅਤੇ ਸੁਹਾਗਣ ਦੱਸਕੇ ਇਹ ਨੌਕਰੀ ਲਈ ਸੀ। ਉਸ ਦੇ ਮੁਤਾਬਕ 6 ਸਤੰਬਰ ਨੂੰ ਉਹਨਾਂ ਦੇ ਗੁਰੂ ਜੀ ਨੇ ਦੱਸਿਆ ਕਿ ਨਿਰਮਲਾ ਬ੍ਰਾਹਮਣ ਨਹੀਂ ਹੈ। ਮੇਧਾ ਆਪਣੀ ਨੌਕਰਾਣੀ ਨਿਰਮਲਾ ਦੀ ਜਾਤ ਜਾਣਨ ਲਈ ਉਸਦੇ ਘਰ ਤੱਕ ਗਈ। ਇੱਥੇ ਜਾ ਕੇ ਪਤਾ ਚੱਲਿਆ ਕਿ ਨਿਰਮਲਾ ਨਾ ਤਾਂ ਬ੍ਰਾਹਮਣੀ ਹੈ ਅਤੇ ਨਾ ਹੀ ਸੁਹਾਗਣ ਹੈ। ਇੰਨਾ ਪਤਾ ਲੱਗਦਿਆਂ ਹੀ ਡਾ: ਮੇਧਾ ਖੋਲੇ ਭੜਕ ਗਈ ਅਤੇ ਉਸ ਨੇ ਸਿੰਹਗੜ੍ਹ ਰੋਡ ਪੁਲਿਸ ਥਾਣੇ ਵਿੱਚ ਸ਼ਿਕਾਇਤ ਦਰਜ ਕਰਵਾ ਦਿੱਤੀ। ਪੁਲਿਸ ਅਫਸਰ ਨੇ ਸੰਵਿਧਾਨ ਦਾ ਵਾਸਤਾ ਦੇ ਕੇ ਅਜਿਹਾ ਨਾ ਕਰਨ ਬਾਰੇ ਸਮਝਾਇਆ। ਪਰ ਡਾ: ਮੇਧਾ ਖੋਲੇ ਨਾ ਮੰਨੀ ਅਤੇ ਉਸਨੇ ਆਪਣੇ ਰਸੂਖ ਸਦਕਾ ਮੁਕੱਦਮਾ ਦਰਜ ਕਰਨ ਲਈ ਪੁਲਿਸ 'ਤੇ ਦਬਾਅ ਪਾਇਆ। ਇੰਨੀ ਵੱਡੀ ਅਧਿਕਾਰੀ ਦੁਆਰਾ ਦਬਾਅ ਪਾਏ ਜਾਣ 'ਤੇ ਪੁਲਿਸ ਨੇ ਨਿਰਮਲਾ ਜਾਧਵ ਦੇ ਖ਼ਿਲਾਫ਼ ਧਾਰਾ 419 (ਪਛਾਣ ਛੁਪਾ ਕੇ ਧੋਖਾ ਦੇਣਾ), 352 (ਹਮਲਾ ਜਾਂ ਅਪਰਾਧਕ ਬਲ ਦਾ ਪ੍ਰਯੋਗ), 504 (ਸ਼ਾਂਤੀ ਦਾ ਉਲੰਘਣ ਕਰਨ ਦੇ ਇਰਾਦੇ ਨਾਲ਼ ਇੱਕ ਵਿਅਕਤੀ ਦਾ ਅਪਮਾਨ ਕਰਨਾ) ਦੇ ਤਹਿਤ ਮਾਮਲਾ ਦਰਜ ਕਰ ਲਿਆ। ਦੂਜੇ ਪਾਸੇ ਨਿਰਮਲਾ ਨੇ ਵੀ ਮੇਧਾ ਖੋਲੇ ਦੇ ਖ਼ਿਲਾਫ਼ ਧਾਰਾ 323 (ਸਵੈ ਇੱਛਾ ਨਾਲ਼ ਚੋਟ ਪਹੁੰਚਣਾ), 506 (ਅਪਰਾਧਕ ਧਮਕੀ ਦੇਣਾ) ਅਤੇ 584 (ਜਾਣ-ਬੁੱਝ ਕੇ ਅਪਮਾਨ ਕਰਨਾ) ਦੇ ਤਹਿਤ ਥਾਣੇ ਵਿੱਚ ਮਾਮਲਾ ਦਰਜ ਕਰਵਾ ਦਿੱਤਾ। ਨਿਰਮਲਾ ਜਾਧਵ ਦਾ ਕਹਿਣਾ ਹੈ ਕਿ ਉਸਨੇ ਕੋਈ ਚੋਰੀ ਨਹੀਂ ਕੀਤੀ। ਆਪਣਾ ਪਰਿਵਾਰ ਚਲਾਉਣ ਲਈ ਹੀ ਉਸਨੂੰ ਨੌਕਰੀ ਕਰਨੀ ਪਈ ਹੈ।

ਉਸਦਾ ਕਹਿਣਾ ਹੈ ਕਿ ਮੈਂ ਡਾ: ਮੇਧਾ ਕੋਲ਼ ਨੌਕਰੀ ਮੰਗਣ ਨਹੀਂ ਗਈ ਬਲਕਿ ਉਹ ਖੁਦ ਇੱਥੇ ਆਈ ਸੀ ਅਤੇ ਨਾ ਹੀ ਮੈਂ ਕਦੇ ਆਪਣੀ ਜਾਤੀ ਛੁਪਾਈ ਹੈ। ਮੈਂ ਉਸਦੇ ਘਰ ਤਿੰਨ ਤਿਉਹਾਰਾਂ ਮੌਕੇ ਖਾਣਾ ਬਣਾਇਆ ਪਰ ਉਸਨੇ ਅਜੇ ਤੱਕ ਕੋਈ ਪੈਸਾ ਨਹੀਂ ਦਿੱਤਾ। ਬੀਤੇ 6 ਸਤੰਬਰ ਨੂੰ ਉਹ ਮੇਰੇ ਘਰ ਆਈ ਅਤੇ ਮੇਰੇ 'ਤੇ ਜਾਤੀ ਛੁਪਾਉਣ ਦਾ ਦੋਸ਼ ਲਗਾਉਂਦੇ ਹੋਏ ਕਿਹਾ ਕਿ ਮੇਰੇ ਕਾਰਣ ਉਸਦੇ ਭਗਵਾਨ ਅਪਵਿੱਤਰ ਹੋ ਗਏ ਹਨ। ਪਤਾ ਚੱਲਿਆ ਹੈ ਕਿ ਨਿਰਮਲਾ ਜਾਧਵ ਦੇ ਕੇਸ ਦੇ ਡਰੋਂ ਮੇਧਾ ਨੇ ਆਪਣਾ ਕੇਸ ਵਾਪਸ ਲੈ ਲਿਆ ਹੈ।

22 ਸਤੰਬਰ ਦੀ ਹੋਰ ਵੀ ਹੈਰਾਨੀ ਦੀ ਇੱਕ ਖਬਰ ਹੈ ਕਿ ਭਾਰਤ ਦੀ ਸੁਪਰੀਮ ਕੋਰਟ ਨੇ ਸ਼ੰਕਰਾਚਾਰੀਆ ਦੀ ਪਦਵੀ ਲਈ ਸਿਰਫ਼ ਬ੍ਰਾਹਮਣ ਜਾਤੀ ਨੂੰ ਹੀ ਜਾਇਜ਼ ਠਹਿਰਾਇਆ ਹੈ। ਨਿਮਨ ਜਾਤੀਆਂ ਦੇ ਦਾਅਵੇ ਖਾਰਜ ਕਰ ਦਿੱਤੇ ਗਏ ਹਨ। ਇਸੇ ਤਰ੍ਹਾਂ ਇੱਕ ਖ਼ਬਰ ਗੁਰਾਂ ਦੇ ਨਾਂਅ 'ਤੇ ਵਸਣ ਵਾਲ਼ੇ ਪੰਜਾਬ ਦੀ ਹੈ। ਇੱਥੇ ਸੰਗਰੂਰ ਜ਼ਿਲ੍ਹੇ ਦੇ ਲਹਿਰਾ ਇਲਾਕੇ ਦੇ ਪਿੰਡ ਖਾਈ ਦੇ ਜੱਟ ਜਾਤੀ ਦੇ ਇੱਕ 22 ਸਾਲਾ ਨੌਜਵਾਨ ਮਨਪ੍ਰੀਤ ਸਿੰਘ ਪੁੱਤਰ ਬਘੇਲ ਸਿੰਘ ਨੇ ਮਈ ਮਹੀਨੇ ਦੇ ਅਖੀਰ ਵਿੱਚ ਇਸ ਲਈ ਆਤਮ ਹੱਤਿਆ ਕਰ ਲਈ ਸੀ ਕਿਉਂਕਿ ਉਸਨੂੰ ਵਿਆਹ ਦੇ ਫੌਰਨ ਪਿੱਛੋਂ ਪਤਾ ਲੱਗਿਆ ਕਿ ਉਸ ਦੀ ਘਰ ਵਾਲ਼ੀ ਦਾ ਪਿਛੋਕੜ ਦਲਿਤਾਂ ਦਾ ਹੈ। ਉਹ ਇਸ ਸਦਮੇ ਨੂੰ ਬਰਦਾਸ਼ਤ ਨਾ ਕਰ ਸਕਿਆ ਅਤੇ ਖੇਤ ਜਾ ਕੇ ਸਲਫਾਸ ਖਾ ਕੇ ਆਪਣੀ ਜਾਨ ਦੇ ਦਿੱਤੀ। ਉਸਦੇ ਵਿਆਹ ਨੂੰ ਅਜੇ ਹਫ਼ਤਾ ਹੀ ਹੋਇਆ ਸੀ। ਵਰਣਨਯੋਗ ਹੈ ਕਿ ਮਨਪ੍ਰੀਤ ਸਿੰਘ ਦਾ ਕਿਸੇ ਬਾਬੇ ਨੇ ਪੈਸੇ ਲੈ ਕੇ ਰਿਸ਼ਤਾ ਕਰਵਾਇਆ ਸੀ। ਸ਼ਾਇਦ ਜ਼ਮੀਨ ਘੱਟ ਹੋਣ ਕਰਕੇ ਉਸਦਾ ਰਿਸ਼ਤਾ ਨਹੀਂ ਹੁੰਦਾ ਸੀ।

ਕਿੰਨੀ ਹਾਸੋ-ਹੀਣੀ ਗੱਲ ਹੈ ਕਿ ਪੰਜਾਬੀ ਜੱਟਾਂ ਦੇ ਘਰਾਂ ਵਿੱਚ ਲੜਕੀਆਂ ਸਦਾ ਤੋਂ ਹੀ ਘੱਟ ਰਹੀਆਂ ਹਨ। ਇਸ ਕਰਕੇ ਚੰਗੀਆਂ ਜ਼ਮੀਨਾਂ ਵਾਲ਼ਿਆਂ ਦੇ ਮੁੰਡੇ ਤਾਂ ਵਿਆਹੇ ਜਾਂਦੇ ਸਨ ਜਦਕਿ ਗ਼ਰੀਬ ਪਰਿਵਾਰਾਂ ਦੇ ਬਹੁਤੇ ਮੁੰਡੇ ਛੜੇ ਰਹਿੰਦੇ ਰਹੇ ਹਨ। ਲੜਕੀਆਂ ਦੀ ਘਾਟ ਕਾਰਨ ਕੁੱਝ ਲੋਕ ਪੂਰਬ ਦੇ ਬਿਹਾਰ, ਬੰਗਾਲ ਆਦਿ ਸੂਬਿਆਂ ਤੋਂ ਔਰਤਾਂ ਮੁੱਲ ਲਿਆਉਂਦੇ ਰਹੇ ਹਨ। ਜੇਕਰ ਪੂਰਬ ਦੀਆਂ ਔਰਤਾਂ ਪੰਜਾਬੀ ਜੱਟਾਂ ਦੇ ਘਰਾਂ ਵਿੱਚ ਵਸ ਸਕਦੀਆਂ ਹਨ ਤਾਂ ਦਲਿਤ ਪਰਿਵਾਰਾਂ ਦੀਆਂ ਲੜਕੀਆਂ ਕਿਉਂ ਨਹੀਂ ਵਸ ਸਕਦੀਆਂ? ਵੈਸੇ ਤਾਂ ਕੁੱਝ ਮਾਮਲਿਆਂ ਵਿੱਚ ਅਜਿਹੇ ਵਿਆਹ ਵੀ ਹੋਣ ਲੱਗੇ ਹਨ ਜਿੱਥੇ ਗ਼ਰੀਬ ਜੱਟਾਂ ਦੇ ਮੁੰਡਿਆਂ ਨੇ ਲੋਕ ਲਾਜ ਨੂੰ ਪਾਸੇ ਛੱਡ ਕੇ ਦਲਿਤ ਲੜਕੀਆਂ ਨਾਲ਼ ਬਿਨਾਂ ਕਿਸੇ ਸੰਕੋਚ ਦੇ ਵਿਆਹ ਕਰਵਾ ਲਿਆ। ਪਰ ਅਜੇ ਵੀ ਜਾਤੀਵਾਦ ਕਾਫ਼ੀ ਭਾਰੂ ਹੈ। ਵੱਡਿਆਂ ਘਰਾਂ ਦੇ ਕਾਕਿਆਂ ਵੱਲੋਂ ਨਿਮਨ ਜਾਤੀਆਂ ਨਾਲ਼ ਸੰਬੰਧਤ ਗ਼ਰੀਬ ਪਰਿਵਾਰਾਂ ਦੀਆਂ ਔਰਤਾਂ ਨਾਲ਼ ਜਿਸਮਾਨੀ ਛੇੜਛਾੜ ਕਰਨ ਜਾਂ ਉਹਨਾਂ ਦੀਆਂ ਇੱਜ਼ਤਾਂ ਲੁੱਟਣ ਸਮੇਂ ਜਾਤੀ ਅੜਿੱਕਾ ਨਹੀਂ ਬਣਦੀ। ਪਰ ਵਿਆਹਕ ਸੰਬੰਧਾਂ ਸਮੇਂ ਇਹੀ ਜਾਤੀਵਾਦ ਮੁੱਖ ਅੜਿੱਕਾ ਬਣ ਜਾਂਦਾ ਹੈ। ਇਸੇ ਜਾਤੀਵਾਦ ਨੇ ਇਸ ਲੜਕੇ ਨੂੰ ਆਤਮ ਹੱਤਿਆ ਕਰਕੇ ਮਰ ਜਾਣ ਲਈ ਮਜ਼ਬੂਰ ਕੀਤਾ।

ਇਸੇ ਤਰ੍ਹਾਂ ਹੁਣੇ ਹੀ ਬਠਿੰਡਾ ਜ਼ਿਲ੍ਹੇ ਦੇ ਪਿੰਡ ਕੋਟ-ਗੁਰੂ ਵਿੱਚ ਉੱਚ ਜਾਤੀਆਂ ਦੁਆਰਾ ਦਲਿਤਾਂ ਦੇ ਸਿਵਿਆਂ ਅੱਗੇ ਕੰਧ ਕੱਢ ਦਿੱਤੇ ਜਾਣ ਕਾਰਨ ਦਲਿਤਾਂ ਨੂੰ ਆਪਣੇ ਮੁਰਦਿਆਂ ਨੂੰ ਦਫਨਾਉਣ ਲਈ ਅਰਥੀ ਸਮੇਤ ਕੰਧ ਟੱਪ ਕੇ ਜਾਣ ਦੀ ਖ਼ਬਰ ਮਿਲੀ ਹੈ। ਪਤਾ ਲੱਗਾ ਹੈ ਕਿ ਆਮ ਆਦਮੀ ਪਾਰਟੀ ਦੀ ਐਮ. ਐਲ. ਏ. ਰੁਪਿੰਦਰ ਕੌਰ ਰੂਬੀ ਨੇ ਵੀ ਦਲਿਤਾਂ ਦੀ ਸਮੱਸਿਆ ਸੁਲਝਾਉਣ ਵਿੱਚ ਕੋਈ ਦਿਲਚਸਪੀ ਨਹੀਂ ਦਿਖਾਈ।

ਇਹ ਜਾਤੀਵਾਦ ਹੀ ਹੈ ਜਿਹੜਾ ਪਿੰਡਾਂ ਵਿੱਚ ਛੋਟੀਆਂ-ਛੋਟੀਆਂ ਗੱਲਾਂ ਦੇ ਰੌਲ਼ੇ ਪਿੱਛੋਂ ਹੇਠਲੇ ਵਰਗਾਂ ਦੇ ਬਾਈਕਾਟ ਦਾ ਫ਼ੈਸਲਾ ਕਰਵਾਉਂਦਾ ਅਤੇ ਇਸ ਦੇ ਐਲਾਨ ਲਈ ਗੁਰਦੁਆਰਿਆਂ ਦੇ ਸਪੀਕਰਾਂ ਦਾ ਸਹਾਰਾ ਲਿਆ ਜਾਂਦਾ ਹੈ। ਗੁਰੂ ਸਾਹਿਬਾਨਾਂ ਦਾ ਸਮੁੱਚਾ ਸੰਘਰਸ਼ ਜਾਤੀਵਾਦ ਦੇ ਖ਼ਾਤਮੇ ਲਈ ਸੀ। ਪਰ ਪੰਜਾਬ ਵਿੱਚ ਇਸ ਤਰ੍ਹਾਂ ਦਾ ਜਾਤੀ ਭੇਦ-ਭਾਵ ਹੋਣਾ ਇਸ ਗੱਲ ਦਾ ਸਬੂਤ ਹੈ ਕਿ ਪੰਜਾਬੀਆਂ ਨੇ ਗੁਰੂਆਂ ਦੀ ਗੱਲ ਇੱਕ ਕੰਨ ਨਾਲ਼ ਸੁਣੀ ਅਤੇ ਦੂਸਰੇ ਕੰਨ ਨਾਲ਼ ਬਾਹਰ ਕੱਢ ਦਿੱਤੀ। ਦੁਨੀਆਂ ਬਹੁਤ ਅੱਗੇ ਲੰਘ ਗਈ ਹੈ ਪਰ ਸਾਡਾ ਸਮਾਜ ਅਜੇ ਤੱਕ ਜਾਤ-ਪਾਤ ਨੂੰ ਜੱਫਾ ਮਾਰੀ ਬੈਠਾ ਹੈ। ਇਸ ਲਈ ਅਸੀਂ ਤਰੱਕੀ ਦੀ ਲੀਹ 'ਤੇ ਨਹੀਂ ਆਏ। ਪਤਾ ਨਹੀਂ ਅਸੀਂ ਕਦੋਂ ਇਸ ਸਚਾਈ ਨੂੰ ਸਮਝਾਂਗੇ?

## ਬਹੁਜਨ- ਨਾਇਕ ਸਾਹਬ ਕਾਂਸ਼ੀ ਰਾਮ

ਭੀਮ ਤੋਂ ਬਾਅਦ ਸੀ ਜੰਮਿਆ ,
ਇੱਕੋ ਪੁੱਤਰ ਉਸਦਾ ਲਾਇਕ !!

ਉਹਨੂੰ ਸਾਹਬ ਕਾਸ਼ੀ ਰਾਮ ਕਹੋ,
ਚਾਹੇ ਆਖੋ ਬਹੁਜਨ ਨਾਇਕ !!

ਹਮਦਰਦੀ ਸੀ ਮਜਲੂਮਾਂ ਦਾ,
ਇੱਕ ਸੱਚਾ ਮਹਾਂ ਤਿਆਗੀ !!

ਧੁਰ ਅੰਦਰੋਂ ਸੰਤ ਸਿਪਾਹੀ ਸੀ,
ਉਹਦੇ ਬੋਲ ਸੀ ਭਰੇ ਆਜਾਦੀ !!

ਸਾਧੂ ਸੀ ਅਮਲਾਂ ਕਰਮਾਂ ਦਾ,
ਨਹੀ ਝੂਠੀ ਕਰੀ ਨੁਮਾਇਸ਼ !!

ਉਹਨੂੰ ਸਾਹਬ ਕਾਸ਼ੀ ਰਾਮ ਕਹੋ,
ਚਾਹੇ ਆਖੋ ਬਹੁਜਨ ਨਾਇਕ !!

ਜਦ ਮਿਸ਼ਨ ਸਮਝ ਵਿੱਚ ਆਇਆ,
ਸਾਹਬ ਨੋਕਰੀ ਨੂੰ ਠੁਕਰਾਇਆ!!

ਘਰ ਬਾਹਰ ਮਿਸ਼ਨ ਲਈ ਛੱਡਕੇ
ਬਹੁਜਨ ਹੀ ਪਰਿਵਾਰ ਬਣਾਇਆ!!

ਜਿੰਦ ਲਾਈ ਸਮਾਜ ਦੇ ਲੇਖੇ,
ਕੋਈ ਖੁਸ਼ੀ ਰੱਖੀ ਨਾ ਖਾਹਿਸ਼ !!

ਉਹਨੂੰ ਸਾਹਬ ਕਾਂਸ਼ੀ ਰਾਮ ਕਹੋ,
ਚਾਹੇ ਆਖੋ ਬਹੁਜਨ ਨਾਇਕ !!

ਬਹੁਜਨ ਦਾ ਰਾਜ ਲਿਆਉਣ ਲਈ,
ਉਸ ਕੀਤੀ ਇੰਝ ਅਗਵਾਈ !!

ਕਦੇ ਬਾਮਸੇਫ ਕਦੇ ਡੀ ਐਸ ਫੋਰ,
ਪਿੱਛੋਂ ਬਸਪਾ ਆਣ ਬਣਾਈ !!

ਦੇਕੇ ਰਾਜਨੀਤੀ ਦਾ ਮੰਚ ਸਾਨੂੰ,
ਕੀਤਾ ਰਾਜ ਭਾਗ ਦੇ ਲਾਇਕ !!

ਉਹਨੂੰ ਸਾਹਬ ਕਾਂਸ਼ੀ ਰਾਮ ਕਹੋ,
ਚਾਹੇ ਆਖੋ ਬਹੁਜਨ ਨਾਇਕ !!

ਕੋਣ ਕਿੱਦਾਂ ਰਾਜ ਕਿਉਂ ਕਰਦੇ ਨੇ,
ਉਸ ਗੱਲ ਸਭ ਨੂੰ ਸਮਝਾ ਦਿੱਤੀ !!

ਪਚਾਸੀ ਪੰਦਰਾਂ ਦੇ ਕੇ ਫਾਰਮੂਲਾ,
ਖਾਨੇ ਵਿੱਚ ਸਾਡੇ ਪਾ ਦਿੱਤੀ !!

ਨਾ ਸਮਝੇ ਕੀਤਾ ਅਮਲ ਅਸੀ,
ਤਾਹੀਓ ਹਾਲ ਅਜੇ ਦੁੱਖ ਦਾਇਕ !!

ਉਹਨੂੰ ਸਾਹਬ ਕਾਂਸ਼ੀ ਰਾਮ ਕਹੋ,
ਚਾਹੇ ਆਖੋ ਬਹੁਜਨ ਨਾਇਕ !!

ਕੀ ਕਰਨਾ ਉਸ ਫਰਮਾਅ ਦਿੱਤਾ,
ਨਿੱਕਲੋ ਹੁਣ ਬਾਹਰ ਮਕਾਨਾਂ ਤੋਂ !!

ਨਹੀਂ ਡਰਨਾ, ਹੱਕਾਂ ਲਈ ਲੜਨਾ,
ਪਊ ਜਿੱਤਣੀ ਜੰਗ ਸ਼ੈਤਾਨਾਂ ਤੋਂ !!

ਲੈ ਕੇ ਰਾਜ ਭਾਗ ਪੂਰੀ ਕਰਨੀ,
ਉਸ ਰਹਿਬਰ ਦੀ ਫਰਮਾਇਸ਼ !!

ਉਹਨੂੰ ਸਾਹਬ ਕਾਂਸ਼ੀ ਰਾਮ ਕਹੋ,
ਚਾਹੇ ਆਖੋ ਬਹੁਜਨ ਨਾਇਕ !!

ਆਓ ਕਾਸ਼ੀ ਰਾਮ ਦੀ ਸੋਚ ਉੱਤੇ,
ਅੱਜ ਠੋਕ ਕੇ ਪਹਿਰਾ ਲਾ ਦਈਏ !!

ਬੋਲੇ ਸਾਹਬ ਦੇ ਬੋਲ ਫਿਰੋਜ਼ਪੁਰੀ ,
ਰਲ-ਮਿਲ ਕੇ ਅੱਜ ਪੁਗਾ ਦਈਏ !!

ਜਦ ਤੱਕ ਨਹੀ ਰਾਜ ਥਿਆਉਂਦਾ,
ਕਰਨੀ ਮੁੜ ਮੁੜ ਪਊ ਅਜਮਾਇਸ਼ !!

ਉਹਨੂੰ ਸਾਹਬ ਕਾਂਸ਼ੀ ਰਾਮ ਕਹੋ,
ਚਾਹੇ ਆਖੋ ਬਹੁਜਨ ਨਾਇਕ !!

"ਦਿਆਲ ਫਿਰੋਜ਼ਪੁਰੀ"
"ਕਤਰ"
(91+97470051346

## ਲੰਮੀਆਂ ਦੌੜਾਂ ਦਾ ਸ਼ਾਹ ਸਵਾਰ ਮੁਹੰਮਦ ਫਰਾਹ ਹਮੇਸ਼ਾ ਰਹੇਗਾ ਖੇਡ ਜਗਤ ਦਾ ਸਿਤਾਰਾ

2012 ਓਲੰਪਿਕ 'ਚ ਪੰਜ ਅਤੇ ਦਸ ਹਜ਼ਾਰ ਮੀਟਰ ਲੰਮੀਆਂ ਦੌੜਾਂ 'ਚ ਗੋਲਡ ਮੈਡਲ ਜਿੱਤਣ ਮਗਰੋਂ ਬਰਤਾਨਵੀ ਦੌੜਾਕ ਮੁਹੰਮਦ ਫਰਾਹ ਨੇ ਰੀਓ-2016 'ਚ ਵੀ ਇਨ੍ਹਾਂ ਦੋਵਾਂ ਰੇਸਾਂ 'ਚ ਵੀ ਸੋਨ ਤਗ਼ਮੇ ਜਿੱਤ ਕੇ ਆਪਣਾ ਨਾਮ ਓਲੰਪਿਕ ਖੇਡਾਂ ਦੇ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਚ ਦਰਜ ਕਰਾਇਆ ਹੈ।

ਮੁਹੰਮਦ ਫਰਾਹ ਦੁਨੀਆਂ ਦਾ ਦੂਜਾ ਅਥਲੀਟ ਹੈ, ਜਿਸ ਨੂੰ ਓਲੰਪਿਕ ਖੇਡਾਂ ਦੇ ਦੋ ਟੂਰਨਾਮੈਂਟਾਂ ਦੀਆਂ ਪੰਜ ਤੇ ਦਸ ਹਜ਼ਾਰ ਮੀਟਰ ਲੰਮੀਆਂ ਦੌੜਾਂ 'ਚ ਦੋਵੇਂ ਵਾਰ ਡਬਲ ਸੋਨ ਤਗ਼ਮੇ ਜਿੱਤਣ ਦਾ ਸੁਭਾਗ ਹਾਸਲ ਹੋਇਆ ਹੈ। ਫਰਾਹ ਤੋਂ ਪਹਿਲਾਂ ਫਿਨਲੈਂਡ ਦੇ ਅਥਲੀਟ ਲੈਸੇ ਅਤੂਰੀ ਵਿਰੇਨ ਨੇ ਮਿਊਨਿਖ-1972 ਅਤੇ ਮੌਂਟਰੀਅਲ-1976 ਦੀਆਂ ਓਲੰਪਿਕ ਖੇਡਾਂ 'ਚ ਇਹ ਕਮਾਲ ਕੀਤਾ ਸੀ। ਜੇਕਰ ਇਕ-ੱਲੀ ਦਸ ਹਜ਼ਾਰ ਮੀਟਰ ਲੰਮੀ ਰੇਸ ਦਾ ਓਲੰਪਿਕ ਖੇਡਾਂ 'ਚ ਲੇਖਾ-ਜੋਖਾ ਕੀਤਾ ਜਾਵੇ ਤਾਂ ਫਰਾਹ ਤੋਂ ਪਹਿਲਾਂ ਪੰਜ ਅਥਲ-ੀਟਾਂ ਫਿਨਲੈਂਡ ਦੇ ਪਾਵੋ ਨੁਰਮੀ ਨੂੰ 1920 ਤੇ 28, ਚੈਕ-ਸਲੋਵਾਕੀਆ ਦੇ ਈਮਿਲ ਜ਼ੈਟੋਪੇਕ ਨੂੰ 1948-52, ਫਿਨਲੈਂਡ ਦੇ ਵਿਰੇਨ ਲੈਸੇ ਨੂੰ 1972-76, ਇਥੋਪੀਆ ਦੇ ਹਾਇਲੇ ਗੀਬਰਸੇਲੈਸੇ ਨੂੰ 1996-2000 ਅਤੇ ਇਥੋਪੀਆ ਦੇ ਹੀ ਦੂਜੇ ਅਥਲੀਟ ਕੀਨੇਨਿਸਾ ਬੀਕੇਲੇ ਨੂੰ 2004-08 ਦੇ ਓਲੰਪਿਕ ਟੂਰਨਾਮੈਂਟਾਂ 'ਚ ਲਗਾਤਾਰ ਦੋ-ਦੋ ਵਾਰ ਚੈਂਪੀਅਨ ਬਣਨ ਦਾ ਮਾਣ ਹਾਸਲ ਹੋਇਆ ਹੈ। ਫਰਾਹ ਕੁੱਲ ਆਲਮ 'ਚ ਲੰਮੀ ਦੂਰੀ ਦਾ ਇਕੋ ਇਕ ਨਿਵੇਕਲਾ ਦੌੜਾਕ ਹੈ, ਜਿਸ ਨੂੰ ਦੋ ਓਲੰਪਿਕਸ ਅਤੇ ਦੋ ਵਿਸ਼ਵ ਚੈਂਪੀਅਨਸ਼ਿਪਾਂ 'ਚ 5000 ਤੇ 10000 ਮੀਟਰ ਰੇਸ ਦੀਆਂ ਦੋਵੇਂ ਵੰਨਗੀਆਂ 'ਚ ਕਰਮਵਾਰ ਦੋ-ਦੋ ਗੋਲਡ ਮੈਡਲ ਜਿੱਤਣ ਦਾ ਰੁਤਬਾ ਹਾਸਲ ਹੈ। 34 ਬਸੰਤਾਂ ਹੰਢਾਅ ਚੁੱਕੇ ਫਰਾਹ ਨੇ ਖੇਡ ਕੈਰੀਅਰ 'ਚ 17 ਗੋਲਡ, 8 ਸਿਲਵਰ ਅਤੇ 2 ਤਾਂਬੇ ਦੇ ਤਗ਼ਮੇ ਜਿੱਤਣ ਦਾ ਕਮਾਲ ਕੀਤਾ।




ਪੰਜ ਹਜ਼ਾਰ ਮੀਟਰ ਦੌੜ 'ਚ ਨੈਸ਼ਨਲ ਰਿਕਾਰਡਧਾਰੀ ਅਥਲੀਟ ਦਾ ਪੂਰਾ ਨਾਮ ਮੁਹੰਮਦ ਮੁਕਤਾਰ ਜਾਮਾ ਫਰਾਹ ਹੈ। 5 ਫੁੱਟ 9 ਇੰਚ ਕੱਦ ਦੇ ਮਾਲਕ ਫਰਾਹ ਦਾ ਜਨਮ 23 ਮਾਰਚ 1983 'ਚ ਸੋਮਾਲੀਆ 'ਚ ਹੋਇਆ। ਅੱਠ ਸਾਲ ਦੀ ਉਮਰ 'ਚ ਫਰਾਹ ਆਪਣੇ ਪਿਤਾ ਨਾਲ ਲੰਡਨ ਆ ਗਿਆ। ਬਰਤਾਨੀਆ 'ਚ ਮੁੱਢਲੀ ਪੜ੍ਹਾਈ ਕਰਨ ਦੇ ਨਾਲ ਫਰਾਹ ਨੇ ਖੇਡਾਂ ਵਾਲੇ ਪਾਸੇ ਵੀ ਹੱਥ ਅਜ਼ਮਾਉਣ ਦੀ ਸ਼ੁਰੂਆਤ ਕੀਤੀ। ਲੰਮੀਆਂ ਦੌੜਾਂ ਪ੍ਰਤੀ ਦਿਲਚਸਪੀ ਉਸ ਲਈ ਬਰਤਾਨੀਆ ਦੀ ਨਾਗਰਿਕਤਾ ਹਾਸਲ ਕਰਨ ਦਾ ਕਾਰਨ ਬਣੀ। ਫਰਾਹ ਨੇ ਵਿਆਹ ਲੰਮੇ ਸਮੇਂ ਤੋਂ ਮਿੱਤਰ ਰਹੀ ਕੁੜੀ ਤਾਨੀਆ ਨੇਲ ਨਾਲ ਕਰਵਾਇਆ। ਉਸ ਦੀਆਂ ਦੋ ਜੁੜਵਾਂ ਧੀਆਂ ਆਇਸ਼ਾ ਤੇ ਅਮਾਨੀ ਅਤੇ ਪੁੱਤਰ ਹੁਸੇਇਨ ਹੈ। ਲੰਡਨ ਓਲੰਪਿਕ 'ਚ ਦੋ ਸੋਨ ਤਗ਼ਮੇ ਜਿੱਤਣ ਵਾਲੇ ਫਰਾਹ ਦੀ ਦਿਲੀ ਤਮੰਨਾ ਸੀ ਕਿ ਆਪਣੀਆਂ ਜੁੜਵੀਆਂ ਧੀਆਂ ਨੂੰ ਉਹ ਦੋ-ਦੋ ਓਲੰਪਿਕ ਤਗ਼ਮੇ ਸਮਰਪਿਤ ਕਰੇ। ਵੱਡੀ ਧੀ ਆਇਸ਼ਾ ਨੂੰ ਲੰਡਨ ਓਲੰਪਿਕ ਦੇ ਦੋ ਸੋਨ ਤਗਮੇ ਅਤੇ ਛੋਟੀ ਅਮਾਨੀ ਨੂੰ ਰੀਓ ਓਲੰਪਿਕ 'ਚ ਜਿੱਤੇ ਦੋ ਗੋਲਡ ਮੈਡਲ ਸਮਰਪਿਤ ਕਰਨ ਤੋਂ ਬਾਅਦ ਫਰਾਹ ਨੇ ਕਿਹਾ ਕਿ ਮੇਰਾ ਮਿਸ਼ਨ ਪੂਰਾ ਹੋ ਗਿਆ ਹੈ, ਇਸ ਲਈ ਉਹ ਹੌਲਾ ਮਹਿਸੂਸ ਰਿਹਾ ਹੈ। ਸਾਲ-2013 'ਚ ਇੰਗਲੈਂਡ ਦੇ ਵੱਡੇ ਸਨਮਾਨ 'ਕਮਾਂਡਰ ਆਫ ਦਿ ਆਡਰ ਆਫ ਦਿ ਬ੍ਰਿਟਿਸ਼ ਐਂਪਾਇਰ' ਨਾਲ ਨਵਾਜੇ ਗਏ ਫਰਾਹ ਨੂੰ ਫੁਟਬਾਲ ਖੇਡ ਨਾਲ ਖਾਸ ਸਨੇਹ ਹੈ ਤੇ ਘਰੇਲੂ ਅਰਸਨੇਲ ਐਫਸੀ ਉਸ ਦਾ ਚਹੇਤਾ ਕਲੱਬ ਹੈ।

# Raja
## SWEETS & CATERING

AUTHORIZED CATERER FOR MAJOR 5-STAR HOTELS



**ITEMS SERVING**

All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

**CATERING SERVICE**

Wedding Ceremonies | Receptions
Birthday Parties | Corporate Events
Religious Gatherings
Picnics/Bar-B-Que

**ADDITIONAL SERVICE**

Warmers | Chaffing Dishes
China & Silverware
Linen Rental | Waiters
Bartenders



CONTACT US:
**RAJA SWEETS & CATERING**
WORK (510) 489-9100
CELL (510) 715-1619

Email: msbains@rajasweets.com
www.rajasweets.com
Find us on facebook — rajasweetsandcatering
Follow us on Twitter — rajasweets



# INDIA MARKET
## SWEETS & SPICES

CHAAT PAPDI, SAMOSA, CHAAT, PANI PURI
DAHI VADA, BHEL PURI CHAAT

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ

CHAAT PLATE ONLY FOR $2.99

WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC ARTIFICIAL JEWELRY, SWEETS, FRESH VEGETABLES & MORE..



ਕਸ਼ਮੀਰ ਸਿੰਘ ਹੀਰਾ


ਬਰਿੰਦਰ ਬੰਗੜ

## Super Eyebrow Threading Now Open

Eyebrow Threading & Henna Tattoo

7 times, Get 8th one free!



## Inside India Market

SACRAMENTO
5203 EKLHORN BLVD
SACRAMENTO CA 95842
916- 338-5511

WALK INS WELCOME

ROSEVILLE
1265 PLEASANT GROVE BLVD. # 100 ROSEVILLE, CA 95747
916- 786-7666

Cell : 916-798-8142
Email: IndiaMarketRoseville@gmail.com



# ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ


# Kash FABRICS



## ਸਾਡੀ ਸਪੈਸ਼ਲਟੀ


* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।

Appointments & Walk-Ins Welcome
Tuesday - Sunday: 11 AM - 8 PM


ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

**Threading Salon**

Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair



## KASH FABRICS

ONE STOP SHOPPING CENTRE

29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com

Like us on Facebook | Follow us on Instagram



# INDIA BAZAAR


Jai Ram Gaught
Harjit Gaught (Happy)

## INDIAN, PAKISTANI & FIJJIAN GROCERIES

WE ARE OPEN
7 DAYS A WEEK
9:00am to 8:30pm

RENT DVDS & BUY CLOTHES
ENJOY YOUR DAY WITH HOPES

WE ACCEPT FOOD STAMPS

CALL TO HAPPY
Cell: (209)-487-2127
Ph: (209) 478-0285
Fax: (209) 477-3206

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES

1304-E HAMMER LANE, SUITE 12, STOCKTON CA, 95210
EMAIL: indiabazaar08@yahoo.com

## ਭਗਵਾਨ ਵਾਲਮੀਕ ਜੀ ਦੇ ਪ੍ਰਗਟ ਉਤਸਵ ਦੀਆਂ ਦੇਸ਼-ਵਿਦੇਸ਼ ਵਿਚ ਵੱਸਦੀਆਂ ਸਮੂਹ ਵਾਲਮੀਕ ਨਾਮ ਲੇਵਾ ਸੰਗਤਾਂ ਨੂੰ ਸੌਂਧੀ ਪਰਿਵਾਰ ਵੱਲੋਂ **ਲੱਖ-ਲੱਖ ਵਧਾਈਆਂ**




Kundan Sondhi - Prem Sondhi - Sham Sondhi - Parshotam Sondhi - Hans Raj Sondhi


## ਭਗਵਾਨ ਵਾਲਮੀਕ ਜੀ ਦੇ ਪ੍ਰਗਟ ਉਤਸਵ ਦੀਆਂ ਦੇਸ਼-ਵਿਦੇਸ਼ ਵਿਚ ਵੱਸਦੀਆਂ ਸਮੂਹ ਵਾਲਮੀਕ ਨਾਮ ਲੇਵਾ ਸੰਗਤਾਂ ਨੂੰ ਸਹੋਤਾ ਪਰਿਵਾਰ ਵੱਲੋਂ **ਲੱਖ-ਲੱਖ ਵਧਾਈਆਂ**



Palwinder S Sahota



Late Sh Sohan Lal Sahota ( Rtrd B D P O )



ਜਾਰੀ ਕਰਤਾ

# ਪਲਵਿੰਦਰ ਸਿੰਘ ਸਹੋਤਾ

**Secretary Maharishi Valmik Sabha USA , Yuba City (California)**




# ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ ਵਿਖੇ ਮਨਾਇਆ ਜਾਵੇਗਾ ਸਾਹਿਬ ਕਾਂਸ਼ੀ ਰਾਮ ਜੀ ਦਾ 11ਵਾਂ ਪ੍ਰੀਨਿਰਵਾਣ ਦਿਵਸ

ਬਾਮਸੇਫ, ਡੀ. ਐਸ. ਫੋਰ ਅਤੇ ਬਸਪਾ ਦੇ ਸੰਸਥਾਪਕ ਬਹੁਜਨ ਨਾਇਕ ਸਾਹਿਬ ਕਾਂਸ਼ੀ ਰਾਮ ਜੀ ਦਾ 11ਵਾਂ ਪ੍ਰੀ-ਨਿਰਵਾਣ ਦਿਵਸ ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ (ਕੈਲੇਫੋਰਨੀਆ), ਡਾ. ਅੰਬੇਡਕਰ ਕਲਚਰਲ ਰਿਫਾਰਮ ਆਰਗੇਨਾਈਜੇਸ਼ਨ ਅਤੇ ਬੀ. ਐਸ. ਪੀ. ਸਮਰਥਕ ਯੂ. ਐਸ. ਏ. ਵੱਲੋਂ ਸਾਂਝੇ ਤੌਰ 'ਤੇ ਸ੍ਰੀ ਗੁਰੂ ਰਵਿਦਾਸ ਟੈਂਪਲ 5025 ਐਸ. ਚੈਰੀ ਐਵੇਨਿਊ, ਫਰਿਜਨੋ (ਕੈਲੇਫੋਰਨੀਆ) 93706 ਵਿਖੇ ਸਵੇਰੇ 11 ਵਜੇ ਤੋਂ ਬਾਅਦ ਦੁਪਹਿਰ 3 ਵਜੇ ਤੱਕ ਮਨਾਇਆ ਜਾਵੇਗਾ। ਇਸ ਦੌਰਾਨ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ ਜੀਵਨ ਤੇ ਉਹਨਾਂ ਦੀ ਭਾਰਤੀ ਮੂਲ ਨਿਵਾਸੀ ਬਹੁਜਨ ਸਮਾਜ ਨੂੰ ਲਾਸਾਨੀ ਦੇਣ ਤੇ ਸੰਘਰਸ਼ਮਈ ਜੀਵਨ ਪ੍ਰਤੀ ਵੱਖ-ਵੱਖ ਬੁਲਾਰੇ ਸ਼ਰਧਾਂਜਲੀ ਦੇਣ ਉਪਰੰਤ ਆਪਣੇ ਵਿਚਾਰ ਰੱਖਣਗੇ। ਉਪਰੋਕਤ ਸੰਸਥਾਵਾਂ ਵੱਲੋਂ ਆਪ ਸਭ ਨੂੰ ਸਨਿਮਰ ਬੇਨਤੀ ਹੈ ਕਿ 15 ਅਕਤੂਬਰ 2017 ਦਿਨ ਐਤਵਾਰ ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜਨੋ ਵਿਖੇ ਵਕਤ ਸਿਰ ਪਹੁੰਚਣ ਦੀ ਕਿਰਪਾਲਤਾ ਕਰੋ ਜੀ। ਅਸੀਂ ਆਪ ਸਭ ਦੇ ਪਹੁੰਚਣ ਲਈ ਅਗਾਊ ਧੰਨਵਾਦੀ ਹਾਂ।

**ਜਾਰੀ ਕਰਤਾ**

ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ (ਕੈਲੇਫੋਰਨੀਆ)

ਡਾ.ਅੰਬੇਡਕਰ ਕਲਚਰਲ ਰਿਫਾਰਮ ਆਰਗੇਨਾਈਜੇਸ਼ਨ, ਬੀ.ਐਸ.ਪੀ.ਸਮਰਥਕ ਯੂ.ਐਸ.ਏ.

**ਗੁਰੂ ਘਰ ਦਾ ਫੋਨ ਨੰਬਰ**

(559) 486-3091

ਅਮਰ ਦੜੌਂਚ (559) 905-6217

# ਧਰਮ ਪ੍ਰਚਾਰਕ ਅਤੇ ਕੀਰਤਨੀਏ ਬਾਬਾ ਅਵਤਾਰ ਸਿੰਘ ਜੀ ਠੀਕਰੀਵਾਲ ਦੇ ਪੁੱਤਰ ਦੇ ਵਿਆਹ 'ਤੇ ਵਧਾਈਆਂ



























**ਫਰਿਜ਼ਨੋ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਸ਼ੈਟਰਲ ਕੈਲੀਫੋਰਨੀਆ ਵਿੱਚ ਸਿੱਖ ਧਰਮ ਦੇ ਪ੍ਰਚਾਰ ਅਤੇ ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਵਿੱਚ ਡੇਢ ਦਹਾਕੇ ਤੋਂ ਵਧੀਕ ਅਰਸਾ ਸੇਵਾ ਨਿਭਾ ਚੁੱਕੇ ਬਾਬਾ ਅਵਤਾਰ ਸਿੰਘ ਜੀ ਠੀਕਰੀਵਾਲ ਦੇ ਸਪੁੱਤਰ ਸੰਪੂਰਨ ਗੁਰਸਿੱਖ ਸ. ਬਵਨਦੀਪ ਸਿੰਘ ਸਿੱਧੂ ਦਾ ਸ਼ੁੱਭ ਵਿਆਹ ਬੀਤੇ ਦਿਨੀ ਗੁਰਦੁਆਰਾ ਸਿੱਖ ਪੈਸ਼ੀਫਿਕ ਕੋਸਟ ਆਫ ਸਿਲਮਾ' ਵਿਖੇ ਬੀਬੀ ਗੁਰਮੀਤ ਕੌਰ ਸਰ੍ਹਾਂ (ਸਪੁੱਤਰੀ ਸ. ਰਣਜੀਤ ਸਿੰਘ ਸਰ੍ਹਾਂ) ਨਾਲ ਗੁਰ-ਮਰਿਯਾਦਾ ਅਨੁਸਾਰ ਹੋਇਆ। ਇਸ ਅਨੰਦ ਕਾਰਜ ਦੀ ਰਸ਼ਮ ਸਮੇਂ ਸਮੁੱਚੇ ਕੈਲੇਫੋਰਨੀਆਂ ਤੋਂ ਇਲਾਵਾ ਅਮਰੀਕਾ ਅਤੇ ਕਨੇਡਾ ਤੋਂ ਬਹੁਤ ਸਾਰੇ ਧਰਮ ਪ੍ਰਚਾਰਕ ਅਤੇ ਪਰਿਵਾਰਾਂ ਨੇ ਸਿਰਕਤ ਕਰਕੇ ਇਸ ਖ਼ੁਸ਼ੀ ਦੇ ਮੌਕੇ ਸ਼ਮੂਲੀਅਤ ਕੀਤੀ ਅਤੇ ਨਵ ਵਿਅਹੁਤਾ ਜੋੜੀ ਨੂੰ ਅਸ਼ੀਰਵਾਦ ਦਿੱਤਾ।

ਵਿਆਹ ਸਮਾਗਮ ਦੌਰਾਨ ਬਹੁਤ ਸਾਰੇ ਬੁਲਾਰਿਆਂ ਨੇ ਵਧਾਈਆ ਦਿੰਦੇ ਹੋਏ ਵਿਚਾਰਾਂ ਦੀ ਸਾਂਝ ਵੀ ਪਾਈ। ਇੱਥੇ ਇਹ ਗੱਲ ਵਰਨਣਯੋਗ ਹੈ ਕਿ ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਨੂੰ ਸਥਾਪਿਤ ਕਰਨ ਤੋਂ ਬਾਅਦ ਸੰਗਤਾਂ ਨੂੰ ਇਸ ਨਾਲ ਜੋੜਨ ਅਤੇ ਧਰਮ ਪ੍ਰਚਾਰ ਕਰਨ ਵਿੱਚ ਬਾਬਾ ਜੀ ਦਾ ਵਡਮੁੱਲਾ ਯੋਗਦਾਨ ਹਮੇਸਾ ਰਿਹਾ ਹੈ।

ਉਨ੍ਹਾਂ ਦੁਆਰਾ ਇਸ ਗੁਰੂ-ਘਰ ਵਿਖੇ ਨਗਰ ਕੀਰਤਨ ਦੀ ਪਰੰਪਰਾ ਨੂੰ ਸ਼ੁਰੂ ਕਰਨ ਲਈ ਸੰਗਤਾਂ ਵਿੱਚ ਉਤਸ਼ਾਹ ਭਰਨ ਦਾ ਮਾਣ ਪ੍ਰਾਪਤ ਹੈ। ਇਸ ਸਮੇਂ ਗੁਰਮਤਿ ਮਰਿਯਾਦਾ ਅਨੁਸਾਰ ਹੋਏ ਸਮੁੱਚੇ ਕਾਰਜ ਵਿੱਚ ਇਲਾਕੇ ਦੀਆਂ ਸਮੂੰਹ ਸੰਗਤਾਂ ਨੇ ਹਾਜ਼ਰੀ ਭਰੀ ਅਤੇ ਆਪਣਾ ਅਸੀਰਵਾਦ ਬੱਚਿਆਂ ਨੂੰ ਦਿੱਤਾ। ਸਮੁੱਚੇ ਸਥਾਨਿਕ ਮੀਡੀਏ ਨੇ ਵੀ ਇਸ ਸਮੇਂ ਹਾਜ਼ਰੀਆਂ ਭਰਦੇ ਹੋਏ ਨਵ ਵਿਆਹੁਤਾ ਜੋੜੀ ਨੂੰ ਨਵੀਂ ਜ਼ਿੰਦਗੀ ਦੀ ਸੁਰੂਆਤ 'ਤੇ ਸੁਭ ਕਾਮਨਾਵਾਂ ਦੀ ਅਰਦਾਸ ਕਰਦੇ ਹੋਏ ਵਧਾਈਆਂ ਦਿੱਤੀਆਂ।